PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 03 ਜੁਲਾਈ ਤੋਂ 09 ਜੁਲਾਈ, 2025 | Email :- editor@punjabstar.com, Vo. 20. Issue:1192


# ਹਿਮਾਚਲ ਪ੍ਰਦੇਸ਼ 'ਚ ਭਾਰੀ ਤਬਾਹੀ

## ਬੱਦਲ ਫਟਣ ਕਾਰਨ 11 ਦੀ ਮੌਤ, 34 ਲਾਪਤਾ, ਇੱਕ ਹੀ ਰਾਤ 'ਚ ਢਹਿ ਗਏ 168 ਘਰ



(ਪੰਜਾਬ ਸਟਾਰ ਬਿਊਰੋ)

ਹਿਮਾਚਲ : ਹਿਮਾਚਲ ਪ੍ਰਦੇਸ਼ ਵਿਚ ਅਗਲੇ 2 ਦਿਨ ਬਾਅਦ ਫਿਰ ਤੋਂ ਭਾਰੀ ਮੀਂਹ ਦਾ ਓਰੇਂਜ ਅਲਰਟ ਹੈ। 5 ਜੁਲਾਈ ਨੂੰ ਜ਼ਿਲ੍ਹੇ ਤੇ 6 ਜੁਲਾਈ ਨੂੰ 6 ਜ਼ਿਲ੍ਹਿਆਂ ਵਿਚ ਭਾਰੀ ਮੀਂਹ ਦਾ ਅਨੁਮਾਨ ਹੈ। ਅੱਜ ਤੇ ਕਲ ਵੀ 5 ਜ਼ਿਲ੍ਹਿਆਂ ਵਿਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

ਦੂਜੇ ਪਾਸੇ ਮੰਡੀ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿਚ ਸੋਮਵਾਰ ਰਾਤ 12 ਵਜੇ ਤੋਂ ਮੰਗਲਵਾਰ ਸਵੇਰੇ 6 ਵਜੇ ਦੇ ਵਿਚ 15 ਜਗ੍ਹਾ ਬੱਦਲ ਫਟਣ ਦੀਆਂ ਘਟਨਾਵਾਂ ਨਾਲ 11 ਦੀ ਮੌਤ ਹੋ ਗਈ ਹੈ ਤੇ 34 ਲੋਕ ਲਾਪਤਾ ਹਨ। ਉਹ 48 ਘੰਟੇ ਤੋਂ ਵੱਧ ਸਮਾਂ ਬੀਤਣ ਦੇ ਬਾਅਦ ਵੀ ਲਾਪਤਾ ਹਨ ਤੇ ਹੁਣ ਉਨ੍ਹਾਂ ਦੇ ਜਿੰਦਾ ਬਚਣ ਦੀ ਉਮੀਦ ਵੀ ਘੱਟ ਹੈ। ਮੰਡੀ ਦੀ ਸਰਾਜ ਵਿਧਾਨ ਸਭਾ ਵਿਚ 2023 ਦੀ ਆਪਦਾ ਤੋਂ ਵੀ ਵੱਧ ਨੁਕਸਾਨ ਇਸ ਵਾਰ ਹੋਇਆ ਹੈ। 80 ਫੀਸਦੀ ਤੋਂ ਵੱਧ ਸੜਕਾਂ ਤੇ ਰਸਤੇ ਬੰਦ ਹੋਣ ਨਾਲ 150 ਤੋਂ ਜ਼ਿਆਦਾ ਪਿੰਡ ਦਾ ਬਾਕੀ ਦੁਨੀਆ ਨਾਲ ਸੰਪਰਕ ਕੱਟ

* ਬਾਕੀ ਸਫਾ 2 'ਤੇ

# ਇੰਡੋਨੇਸ਼ੀਆ ਦੇ ਬਾਲੀ ਟਾਪੂ ਨੇੜੇ ਜਹਾਜ਼ ਡੁੱਬਿਆ, 65 ਲੋਕ ਸਨ ਸਵਾਰ




(ਪੰਜਾਬ ਸਟਾਰ ਬਿਊਰੋ)

ਇੰਡੋਨੇਸ਼ੀਆ : ਇੰਡੋਨੇਸ਼ੀਆਈ ਟਾਪੂ ਬਾਲੀ ਦੇ ਨੇੜੇ 65 ਲੋਕਾਂ ਨੂੰ ਲੈ ਕੇ ਜਾ ਰਿਹਾ ਜਹਾਜ਼ ਡੁੱਬਣ ਨਾਲ ਦੋ ਲੋਕਾਂ ਦੀ ਮੌਤ ਹੋ ਗਈ ਅਤੇ 43 ਲਾਪਤਾ ਹੋ ਗਏ। ਕੇਐਮਪੀ ਟੂਨੂ ਪ੍ਰਤਾਮਾ ਜਯਾ ਜਹਾਜ਼ ਪੂਰਬੀ ਜਾਵਾ ਦੇ ਕੇਟਾਪਾਂਗ ਬੰਦਰਗਾਹ ਤੋਂ ਬਾਲੀ ਦੇ ਗਿਲਿਮਾਨੁਕ ਬੰਦਰਗਾਹ ਤੱਕ 50 ਕਿਲੋਮੀਟਰ ਦੀ ਦੂਰੀ 'ਤੇ ਜਾ ਰਿਹਾ ਸੀ।

ਇਹ ਰਵਾਨਾ ਹੋਣ ਤੋਂ ਲਗਭਗ 30 ਮਿੰਟ

* ਬਾਕੀ ਸਫਾ 2 'ਤੇ

# ਕੈਨੇਡਾ ਸ਼ੁਰੂ ਕਰਨ ਜਾ ਰਿਹੈ ਨਵਾਂ PR ਪ੍ਰੋਗਰਾਮ

## ਭਾਰਤੀਆਂ ਲਈ ਵੀ ਮੌਕੇ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਆਪਣੇ ਆਰਥਿਕ ਪ੍ਰਵਾਸ ਢਾਂਚੇ ਨੂੰ ਮਜ਼ਬੂਤ ਕਰਨ ਲਈ 2025 'ਚ ਇੱਕ ਨਵਾਂ PR ਪ੍ਰੋਗਰਾਮ ਸ਼ੁਰੂ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜੋ ਮੌਜੂਦਾ ਇਕਨਾਮਿਕ ਮੋਬਿਲਿਟੀ ਪਾਥਵੇਜ਼ ਪਾਇਲਟ (EMPP) ਦੀ ਸਫ਼ਲਤਾ 'ਤੇ ਅਧਾਰਿਤ ਹੋਵੇਗਾ। ਸੀਆਈਸੀ ਨਿਊਜ਼ ਦੀ ਰਿਪੋਰਟ ਮੁਤਾਬਕ, ਇਹ ਪ੍ਰੋਗਰਾਮ ਹੁਨਰਮੰਦ ਸ਼ਰਨਾਰਥੀਆਂ ਅਤੇ ਵਿਸਥਾਪਤ ਵਿਅਕਤੀਆਂ ਨੂੰ ਕੈਨੇਡਾ 'ਚ ਰਹਿਣ ਅਤੇ ਕੰਮ ਕਰਨ ਦਾ ਪੱਕਾ ਮਾਰਗ ਪ੍ਰਦਾਨ ਕਰੇਗਾ।

ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (IRCC) ਦੀ 2025-26 ਦੀ ਸਾਲਾਨਾ ਯੋਜਨਾ 'ਚ ਇਸ ਨਵੇਂ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ। ਮਾਰਕ ਕਾਰਨੀ ਸਰਕਾਰ ਨੇ ਕਿਹਾ ਕਿ ਇਹ ਪ੍ਰੋਗਰਾਮ EMPP ਦੀ ਮਿਆਦ 31 ਦਸੰਬਰ 2025 ਨੂੰ ਖਤਮ ਹੋਣ ਤੋਂ ਪਹਿਲਾਂ ਸ਼ੁਰੂ ਹੋਵੇਗਾ, ਪਰ ਅਜੇ ਪ੍ਰੋਗਰਾਮ ਦਾ ਢਾਂਚਾ ਜਾਂ ਯੋਗਤਾ ਮਾਪਦੰਡ ਜਾਰੀ ਨਹੀਂ ਕੀਤੇ ਗਏ।

EMPP ਦੀ ਸ਼ੁਰੂਆਤ 2018 'ਚ ਹੋਈ ਸੀ, ਅਤੇ ਮਾਰਚ 2025 ਤੱਕ ਦੇ ਅਧਿਕਾਰਤ ਅੰਕੜਿਆਂ ਅਨੁਸਾਰ, ਇਸ ਪਹਿਲ ਅਧੀਨ ਲਗਭਗ 970 ਵਿਅਕਤੀ ਕੈਨੇਡਾ 'ਚ ਵਸੇ ਹਨ।

### IRCC ਦੀਆਂ ਹੋਰ ਪਹਿਲਕਦਮੀਆਂ

IRCC ਮੁਤਾਬਕ, ਕੈਨੇਡਾ ਖੇਤੀਬਾੜੀ ਅਤੇ ਮੱਛੀ ਪ੍ਰੋਸੈਸਿੰਗ ਸੈਕਟਰ ਲਈ ਇੱਕ ਨਵਾਂ ਵਿਦੇਸ਼ੀ ਮਜ਼ਦੂਰ ਸਟ੍ਰੀਮ ਅਤੇ ਵਰਕ ਪਰਮਿਟ ਦੀ ਕਿਸਮ

* ਬਾਕੀ ਸਫਾ 2 'ਤੇ

# 2025 'ਚ 3,500 ਕਰੋੜਪਤੀ ਛੱਡ ਦੇਣਗੇ ਭਾਰਤ?

## 26 ਬਿਲੀਅਨ ਡਾਲਰ ਦੀ ਦੌਲਤ ਵੀ ਲੈ ਜਾਣਗੇ ਨਾਲ



(ਪੰਜਾਬ ਸਟਾਰ ਬਿਊਰੋ)

ਭਾਰਤ : ਭਾਰਤ ਤੋਂ ਅਮੀਰ ਲੋਕਾਂ ਦੇ ਵਿਦੇਸ਼ ਜਾਣ ਦਾ ਰੁਝਾਨ ਜਾਰੀ ਹੈ, ਪਰ ਸਾਲ 2025 ਵਿੱਚ ਇਸ ਵਿੱਚ ਥੋੜ੍ਹੀ ਕਮੀ ਆਉਣ ਦੀ ਉਮੀਦ ਹੈ। ਇੱਕ ਰਿਪੋਰਟ ਦੇ ਅਨੁਸਾਰ, 2025 (3,500 millionaires will leave India by 2025 News) ਵਿੱਚ ਲਗਭਗ 3500 ਕਰੋੜਪਤੀ ਭਾਰਤ ਛੱਡ ਕੇ ਦੂਜੇ ਦੇਸ਼ਾਂ 'ਚ ਵਸ ਸਕਦੇ ਹਨ ਅਤੇ ਆਪਣੀ 26 ਬਿਲੀਅਨ ਡਾਲਰ ਦੀ ਜਾਇਦਾਦ ਵੀ ਵਿਦੇਸ਼ਾਂ ਵਿੱਚ ਲੈ ਜਾਣਗੇ।

ਇਹ ਅੰਕੜਾ 2023 ਦੇ ਮੁਕਾਬਲੇ ਥੋੜ੍ਹਾ ਘੱਟ ਹੈ, ਉਦੋਂ 4,300 ਕਰੋੜਪਤੀਆਂ ਨੇ ਦੇਸ਼ ਛੱਡਿਆ ਸੀ। ਹਰ ਸਾਲ ਹਜ਼ਾਰਾਂ ਅਮੀਰ ਲੋਕ ਦੂਜੇ ਦੇਸ਼ਾਂ ਵਿੱਚ ਜਾ ਰਹੇ ਹਨ। 'ਹੈਨਲੇ ਪ੍ਰਾਈਵੇਟ ਵੈਲਥ ਮਾਈਗ੍ਰੇਸ਼ਨ ਰਿਪੋਰਟ 2025' ਦੀ ਰਿਪੋਰਟ ਦੇ ਅਨੁਸਾਰ, ਜਿਨ੍ਹਾਂ ਲੋਕਾਂ ਕੋਲ 10 ਲੱਖ ਡਾਲਰ (ਲਗਭਗ 8.3 ਕਰੋੜ ਰੁਪਏ) ਜਾਂ ਇਸ ਤੋਂ ਵੱਧ ਦੀ ਜਾਇਦਾਦ ਹੈ, ਉਹ ਟੈਕਸਾਂ, ਜੀਵਨ ਸ਼ੈਲੀ ਅਤੇ ਬਿਹਤਰ ਮੌਕਿਆਂ ਕਾਰਨ ਵਿਦੇਸ਼ ਜਾ ਰਹੇ ਹਨ।

### ਕਰੋੜਪਤੀ ਕਿਹੜੇ-ਕਿਹੜੇ ਦੇਸ਼ ਛੱਡ ਰਹੇ ?

ਬਰਤਾਨੀਆ ਛੱਡ ਕੇ ਜਾਣ ਵਾਲੇ ਕਰੋੜਪਤੀਆਂ ਦੀ ਵੱਧ ਤੋਂ ਵੱਧ ਗਿਣਤੀ 16,500

* ਬਾਕੀ ਸਫਾ 2 'ਤੇ

# ਰਾਸ਼ਟਰਪਤੀ ਟਰੰਪ ਤੇ ਮਸਕ ਵਿਚਾਲੇ ਮਤਭੇਦ ਹੋਏ ਡੂੰਘੇ

## ਟਰੰਪ ਨੇ ਮਸਕ ਨੂੰ ਦਿੱਤੀ ਧਮਕੀ

### 'ਆਪਣੀ ਦੁਕਾਨ ਬੰਦ ਕਰੋ ਅਤੇ ਦੱਖਣੀ ਅਫਰੀਕਾ ਵਾਪਿਸ ਚਲੇ ਜਾਓ'

ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਅਰਬਪਤੀ ਕਾਰੋਬਾਰੀ ਐਲਨ ਮਸਕ ਵਿਚਕਾਰ ਇੱਕ ਵਾਰ ਫਿਰ ਸ਼ਬਦੀ ਜੰਗ ਸ਼ੁਰੂ ਹੋ ਗਈ ਹੈ। ਇਸ ਵਾਰ ਟਰੰਪ ਨੇ ਮਸਕ ਨੂੰ ਵੱਡੀ ਧਮਕੀ ਦਿੱਤੀ ਹੈ। ਟਰੰਪ ਅਤੇ ਮਸਕ ਵਿਚਕਾਰ ਸ਼ਬਦੀ ਜੰਗ ਅਜਿਹੇ ਸਮੇਂ ਸ਼ੁਰੂ ਹੋਈ ਹੈ ਜਦੋਂ ਸੈਨੇਟ ਵਿੱਚ "ਵਨ ਬਿਗ, ਬਿਊਟੀਫੁੱਲ ਬਿੱਲ" 'ਤੇ ਵੋਟਿੰਗ ਹੋ ਰਹੀ ਹੈ। ਐਲਨ ਮਸਕ ਨੇ ਇੱਕ ਵਾਰ ਫਿਰ ਬਿੱਲ ਦੇ ਖਿਲਾਫ ਬਿਆਨ ਦਿੱਤਾ ਹੈ, ਜਦੋਂ ਕਿ ਟਰੰਪ ਨੇ ਹੁਣ ਮਸਕ ਬਾਰੇ ਕੁਝ ਵੱਡਾ ਬਿਆਨ ਦਿੱਤਾ ਹੈ।

ਟਰੰਪ ਨੇ ਕਿਹਾ ਕਿ ਮਸਕ ਨੂੰ ਪਤਾ ਸੀ ਕਿ ਮੈਂ ਇਲੈਕਟ੍ਰਿਕ ਵਾਹਨਾਂ ਨੂੰ

* ਬਾਕੀ ਸਫਾ 2




## ਐਲੋਨ ਮਸਕ ਵੱਲੋਂ ਨਵੀਂ ਰਾਜਨੀਤਿਕ ਪਾਰਟੀ ਬਣਾਉਣ ਦਾ ਐਲਾਨ

ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਮੁੱਖ ਕਾਨੂੰਨ 'ਤੇ ਤਿੱਖਾ ਹਮਲਾ ਕਰਦਿਆਂ ਅਰਬਪਤੀ ਐਲਨ ਮਸਕ ਨੇ ਇਕ ਨਵੀਂ ਰਾਜਨੀਤਿਕ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ। ਸ਼੍ਰੀ ਮਸਕ ਨੇ ਦੱਸਿਆ ਕਿ 'ਪਾਗਲਪਣ ਭਰੇ ਬਿੱਲ' 'ਚ 5 ਲੱਖ ਕਰੋੜ ਡਾਲਰ ਦੀ ਕਰਜ਼ ਸੀਮਾ 'ਚ ਵਾਧੇ ਨਾਲ ਆਮ ਅਮਰੀਕੀਆਂ ਲਈ ਨੁਕਸਾਨ ਹੋਵੇਗਾ। ਐਲਨ ਮਸਕ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, "ਇਸ ਬਿੱਲ ਦੇ ਪਾਗਲਪਣ ਭਰੇ ਖਰਚੇ ਤੋਂ ਇਹ ਸਪੱਸ਼ਟ ਹੈ ਕਿ ਜੋ ਕਰਜ਼ ਸੀਮਾ ਨੂੰ ਰਿਕਾਰਡ 5 ਟ੍ਰਿਲੀਅਨ ਡਾਲਰ (5 ਲੱਖ ਕਰੋੜ ਡਾਲਰ) ਤੱਕ ਵਧਾਉਂਦਾ ਹੈ ਕਿ ਅਸੀਂ ਇਕ ਪਾਰਟੀ ਵਾਲੇ ਦੇਸ਼ 'ਚ ਰਹਿੰਦੇ ਹਾਂ-

* ਬਾਕੀ ਸਫਾ 2 'ਤੇ




# ਕਰੋੜਾਂ ਦੀ ਡਿਜੀਟਲ ਡਕੈਤੀ ਦਾ ਪਰਦਾਫਾਸ਼

## 6 ਡਰੈਗਨ ਏਜੰਟਾਂ ਸਣੇ 52 ਗ੍ਰਿਫ਼ਤਾਰ



(ਪੰਜਾਬ ਸਟਾਰ ਬਿਊਰੋ)

ਨੇਪਾਲ ਪੁਲਿਸ ਨੇ ਕਾਠਮੰਡੂ ਵਿੱਚ ਇੱਕ ਵੱਡੇ ਕ੍ਰਿਪਟੋਕਰੰਸੀ ਘੁਟਾਲੇ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ ਵਿੱਚ 6 ਚੀਨੀ ਨਾਗਰਿਕਾਂ ਸਮੇਤ 52 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਦਾ ਕਹਿਣਾ ਹੈ ਕਿ ਇਹ ਲੋਕ ਇੱਕ ਗੈਰ-ਕਾਨੂੰਨੀ ਔਨਲਾਈਨ ਘੁਟਾਲਾ ਚਲਾ ਰਹੇ ਸਨ, ਜਿਸ ਵਿੱਚ ਲੋਕਾਂ ਨੂੰ ਜਾਅਲੀ ਡੇਟਿੰਗ ਐਪਸ ਅਤੇ ਕਾਲ ਸੈਂਟਰਾਂ ਰਾਹੀਂ ਧੋਖਾ ਦਿੱਤਾ ਜਾ ਰਿਹਾ ਸੀ।

ਪੁਲਸ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਚੀਨੀ ਨਾਗਰਿਕਾਂ ਦੇ ਨਾਮ ਝਾਂਗ ਲੁਨ (29), ਚੇਨ ਜਿਆਹਾਓ (27), ਲਿਨ ਡੇ (41), ਜ਼ੂ ਜ਼ੇਂਗ (32), ਲਿਊ ਜ਼ੇਕਸੁਆਨ (30) ਅਤੇ ਜ਼ੂ ਲਿੰਗੁਆ (33) ਹਨ। ਉਨ੍ਹਾਂ ਨੂੰ ਇਸ ਘੁਟਾਲੇ ਦੇ ਮੁੱਖ ਮਾਸਟਰਮਾਈਂਡ ਮੰਨਿਆ ਜਾ ਰਿਹਾ ਹੈ। ਨੇਪਾਲ ਪੁਲਸ ਦੇ ਅਪਰਾਧਿਕ ਜਾਂਚ ਬਿਊਰੋ (CIB) ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਹ ਲੋਕ ਇੱਥੇ ਲੁਕੇ ਹੋਏ ਹਨ। ਇਸੇ ਜਾਣਕਾਰੀ ਦੇ ਆਧਾਰ 'ਤੇ, ਲਲਿਤਪੁਰ ਮੈਟਰੋਪੋਲੀਟਨ ਸਿਟੀ ਦੇ ਬਾਲੀਫਲ ਟੋਲਾ ਅਤੇ ਕਾਠਮੰਡੂ ਮੈਟਰੋਪੋਲੀਟਨ ਸਿਟੀ ਦੇ ਚਾਗਲ-ਤਾਹਲ ਖੇਤਰ ਵਿੱਚ ਦੋ ਘਰਾਂ 'ਤੇ ਛਾਪੇਮਾਰੀ ਕੀਤੀ ਗਈ।

* ਬਾਕੀ ਸਫਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor

www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS

ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਟਰੰਪ ਦਾ 'ਦਿ ਵਨ ਬਿਗ ਬਿਊਟੀਫੁੱਲ ਬਿੱਲ' ਸੈਨੇਟ 'ਚ ਪਾਸ



ਵਾਸ਼ਿੰਗਟਨ : ਅਮਰੀਕੀ ਸੈਨੇਟ ਰਿਪਬਲਿਕਨਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ 'ਦਿ ਵਨ ਬਿਗ ਬਿਊਟੀਫੁੱਲ ਬਿੱਲ' ਨੂੰ ਪਾਸ ਕਰ ਦਿੱਤਾ ਹੈ। ਇਸ ਟੈਕਸ ਅਤੇ ਖਰਚ ਕਟੌਤੀ ਪੈਕੇਜ ਨੂੰ ਸੈਨੇਟ ਵਿਚ ਪਾਸ ਕਰਨਾ ਪਿਆ। ਵੋਟਿੰਗ ਵਿਚ, ਇਸ ਬਿੱਲ ਦੇ ਹੱਕ ਵਿਚ ਅਤੇ ਵਿਰੋਧ ਵਿਚ 50-50 ਵੋਟਾਂ ਪਈਆਂ, ਬਾਅਦ ਵਿਚ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਟਾਈ-ਬ੍ਰੇਕਰ ਵੋਟ ਪਾ ਕੇ ਇਸ ਬਿੱਲ ਨੂੰ ਪਾਸ ਕਰ ਦਿੱਤਾ।

ਖਾਸ ਗੱਲ ਇਹ ਹੈ ਕਿ ਵੋਟਿੰਗ ਦੌਰਾਨ, ਟਰੰਪ ਦੀ ਪਾਰਟੀ ਦੇ ਰਿਪਬਲਿਕਨ ਸੈਨੇਟਰ ਰੈਂਡ ਪਾਲ, ਸੁਜ਼ਨ ਕੋਲਿਨਜ਼ ਅਤੇ ਥੌਮ ਟਿਲਿਸ ਨੇ ਇਸ ਬਿੱਲ ਦਾ ਵਿਰੋਧ ਕੀਤਾ ਅਤੇ ਵਿਰੋਧੀ ਡੈਮੋਕ੍ਰੇਟਸ ਨਾਲ ਮਿਲ ਕੇ ਇਸਦੇ ਵਿਰੁੱਧ ਵੋਟ ਪਾਈ। ਇਹ ਬਿੱਲ ਟੈਕਸਾਂ ਵਿਚ ਕਟੌਤੀ ਕਰੇਗਾ ਅਤੇ ਰਾਸ਼ਟਰੀ ਸੁਰੱਖਿਆ ਖਰਚ ਵਧਾਏਗਾ। ਹੁਣ ਇਸ ਬਿੱਲ ਨੂੰ ਸਦਨ ਵਿਚ ਪਾਸ ਕਰਨਾ ਪਵੇਗਾ। ਇਸ ਤੋਂ ਬਾਅਦ, ਇਸਨੂੰ ਪਾਸ ਹੋਣ ਲਈ ਰਾਸ਼ਟਰਪਤੀ ਕੋਲ ਭੇਜਿਆ ਜਾਵੇਗਾ।

ਵਨ ਬਿਗ ਬਿਊਟੀਫੁੱਲ ਬਿੱਲ ਤਿੰਨ ਵਿਚ ਇੱਕ ਬਿੱਲ ਹੈ, ਇਹ ਟੈਕਸ ਕਟੌਤੀਆਂ, ਸੁਰੱਖਿਆ ਅਤੇ ਸਰਹੱਦੀ ਨੀਤੀ ਅਤੇ ਸਮਾਜ ਭਲਾਈ ਕਟੌਤੀਆਂ 'ਤੇ ਕੇਂਦ੍ਰਿਤ ਹੈ। ਇਸ ਟੈਕਸ ਕਟੌਤੀ ਵਿਚ ਓਵਰਟਾਈਮ ਅਤੇ ਟਿਪਸ 'ਤੇ ਟੈਕਸ ਛੋਟ, ਨਵਜੰਮੇ ਬੱਚਿਆਂ ਲਈ ਵਿਸ਼ੇਸ਼ ਕ੍ਰੈਡਿਟ, ਸੁਰੱਖਿਆ ਅਤੇ ਸਰਹੱਦੀ ਨੀਤੀ ਅਧੀਨ ਰਾਸ਼ਟਰੀ ਰੱਖਿਆ ਲਈ 150 ਬਿਲੀਅਨ ਤੋਂ ਵੱਧ, ਸਰਹੱਦੀ ਕੰਧ ਅਤੇ ਕਾਨੂੰਨ ਲਾਗੂ ਕਰਨ ਲਈ 350 ਬਿਲੀਅਨ ਅਤੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਯੋਜਨਾ ਸ਼ਾਮਲ ਹੈ। ਇਸਦਾ ਤੀਜਾ ਹਿੱਸਾ ਸਮਾਜਿਕ ਭਲਾਈ ਕਟੌਤੀਆਂ ਹਨ, ਜਿਸ ਦੇ ਤਹਿਤ ਮੈਡੀਕੇਡ ਵਿਚ ਵੱਡੇ ਪੱਧਰ 'ਤੇ ਕਟੌਤੀ ਦੀਆਂ ਤਿਆਰੀਆਂ ਹਨ।

ਬਿੱਲ ਪੇਸ਼ ਕਰਦੇ ਸਮੇਂ, ਟਰੰਪ ਪ੍ਰਸ਼ਾਸਨ ਨੇ ਦਾਅਵਾ ਕੀਤਾ ਕਿ ਇਹ ਬਿੱਲ ਅਗਲੇ ਦਸ ਸਾਲਾਂ ਵਿਚ ਘਾਟੇ ਨੂੰ 2 ਤੋਂ 3 ਟ੍ਰਿਲੀਅਨ ਤੱਕ ਘਟਾ ਦੇਵੇਗਾ। ਹਾਲਾਂਕਿ, ਸੈਨੇਟ ਬਜਟ ਦਫਤਰ ਦਾ ਮੰਨਣਾ ਸੀ ਕਿ ਇਸ ਬਿੱਲ ਨਾਲ 3 ਟ੍ਰਿਲੀਅਨ ਤੱਕ ਦਾ ਵਾਧੂ ਘਾਟਾ ਹੋ ਸਕਦਾ ਹੈ। ਐਲੋਨ ਮਸਕ ਵੀ ਇਸ ਬਿੱਲ ਦੇ ਹੱਕ ਵਿਚ ਨਹੀਂ ਹਨ, ਉਹ ਪਹਿਲਾਂ ਹੀ ਇਸਨੂੰ ਪਾਗਲ ਕਹਿ ਚੁੱਕੇ ਹਨ।

ਟਰੰਪ ਨੇ ਟੈਕਸ ਅਤੇ ਖਰਚ ਕਟੌਤੀ ਬਿੱਲ ਨੂੰ 'ਦਿ ਬਿਗ ਬਿਊਟੀਫੁੱਲ ਬਿੱਲ' ਦਾ ਨਾਮ ਦਿੱਤਾ ਹੈ। ਸੈਨੇਟ ਇਸਨੂੰ 4 ਜੁਲਾਈ ਤੱਕ ਰਾਸ਼ਟਰਪਤੀ ਟਰੰਪ ਦੀ ਮੇਜ਼ 'ਤੇ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸਦੇ ਲਈ, ਸੈਨੇਟਰਾਂ ਨੂੰ ਖਾਸ ਬਜਟ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ ਅਤੇ ਜੀ.ਓ.ਪੀ. ਕਾਨਫਰੰਸ 'ਚ ਲੋੜੀਂਦਾ ਸਮਰਥਨ ਇਕੱਠਾ ਕਰਨਾ ਹੋਵੇਗਾ। ਇਸ ਬਿੱਲ ਨੂੰ ਸੈਨੇਟ ਨੇ ਮਨਜ਼ੂਰੀ ਦੇ ਦਿੱਤੀ ਹੈ, ਹੁਣ ਇਸਨੂੰ ਸਦਨ ਵਿਚ ਵੀ ਮਨਜ਼ੂਰੀ ਮਿਲ ਜਾਵੇਗੀ, ਜਿਸ ਤੋਂ ਬਾਅਦ ਟਰੰਪ ਇਸ 'ਤੇ ਦਸਤਖਤ ਕਰ ਸਕਣਗੇ।

# ਅਮਰੀਕਾ 'ਚ ਇਸਕੌਨ ਮੰਦਰ 'ਤੇ ਗੋਲੀਬਾਰੀ

## ਭਾਰਤੀ ਦੂਤਘਰ ਵਲੋਂ ਸਖ਼ਤ ਕਾਰਵਾਈ ਦੀ ਮੰਗ




ਅਮਰੀਕਾ ਵਿੱਚ ਪਿਛਲੇ ਕੁਝ ਸਮੇਂ ਤੋਂ ਇਸਕੌਨ ਮੰਦਰਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਇਸ ਵਾਰ ਅਪਰਾਧੀਆਂ ਨੇ ਯੂਟਾ ਦੇ ਸਪੈਨਿਸ਼ ਫੋਰਕ ਵਿਖੇ ਸਥਿਤ ਇਸਕੌਨ ਸ਼੍ਰੀ ਸ਼੍ਰੀ ਰਾਧਾ ਕ੍ਰਿਸ਼ਨ ਮੰਦਰ ਨੂੰ ਨਿਸ਼ਾਨਾ ਬਣਾਇਆ। ਹਮਲੇ ਦੌਰਾਨ ਲਗਭਗ 20-30 ਰਾਊਂਡ ਗੋਲੀਆਂ ਚਲਾਈਆਂ ਗਈਆਂ। ਰਾਹਤ ਵਾਲੀ ਗੱਲ ਇਹ ਹੈ ਕਿ ਗੋਲੀਆਂ ਸਿਰਫ਼ ਮੰਦਰ ਦੀਆਂ ਕੰਧਾਂ ਨਾਲ ਟਕਰਾਈਆਂ ਅਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਹ ਘਟਨਾ ਸੁਰੱਖਿਆ ਕੈਮਰਿਆਂ ਵਿੱਚ ਕੈਦ ਹੋ ਗਈ ਹੈ।

**ਭਾਰਤੀ ਦੂਤਘਰ ਦੀ ਸਖ਼ਤ ਪ੍ਰਤੀਕਿਰਿਆ**

ਇਸ ਘਟਨਾ ਨੂੰ ਲੈ ਕੇ ਭਾਰਤੀ ਵਣਜ ਦੂਤਘਰ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ ਅਤੇ ਅਮਰੀਕੀ ਅਧਿਕਾਰੀਆਂ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸੈਨ ਫਰਾਂਸਿਸਕੋ ਵਿੱਚ ਭਾਰਤੀ ਦੂਤਘਰ ਨੇ ਆਪਣੇ 'X' ਪਲੈਟਫਾਰਮ 'ਤੇ ਕਿਹਾ, "ਅਸੀਂ ਯੂਟਾ ਦੇ ਸਪੈਨਿਸ਼ ਫੋਰਕ ਵਿਖੇ ਇਸਕੌਨ ਸ਼੍ਰੀ ਸ਼੍ਰੀ ਰਾਧਾ ਕ੍ਰਿਸ਼ਨ ਮੰਦਰ 'ਤੇ ਹੋਈ ਗੋਲੀਬਾਰੀ ਦੀ ਸਖ਼ਤ ਨਿਖੇਧੀ ਕਰਦੇ ਹਾਂ। ਦੂਤਘਰ ਸਾਰੇ ਭਗਤਾਂ ਅਤੇ ਸਮੁਦਾਏ ਨੂੰ ਪੂਰਨ ਸਮਰਥਨ ਦਿੰਦਾ ਹੈ ਅਤੇ ਸਥਾਨਕ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੀ ਅਪੀਲ ਕਰਦਾ ਹੈ।"

**ਰਾਤ ਦੇ ਸਮੇਂ ਹੋਇਆ ਹਮਲਾ**

ਇਸਕੌਨ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਇਸ ਨੂੰ ਨਫ਼ਰਤੀ ਅਪਰਾਧ (ਹੇਟ ਕ੍ਰਾਈਮ) ਕਰਾਰ ਦਿੱਤਾ। ਮੰਦਰ ਦੇ ਅੰਦਰ ਉਸ ਸਮੇਂ 20-30 ਭਗਤ ਮੌਜੂਦ ਸਨ ਜਦੋਂ ਰਾਤ ਨੂੰ ਇਹ ਹਮਲਾ ਹੋਇਆ। ਇਸਕੌਨ ਨੇ ਆਪਣੇ 'X' ਅਕਾਊਂਟ 'ਤੇ ਲਿਖਿਆ, "ਇਸ ਘਟਨਾ ਨਾਲ ਮੰਦਰ ਦੀਆਂ ਹੱਥੀਂ ਨੱਕਾਸ਼ੀ ਵਾਲੀਆਂ ਮੇਹਰਾਬਾਂ ਸਮੇਤ ਹਜ਼ਾਰਾਂ ਡਾਲਰ ਦਾ ਸੰਰਚਨਾਤਮਕ ਨੁਕਸਾਨ ਹੋਇਆ ਹੈ।" ਮੰਦਰ ਦੇ ਪ੍ਰਧਾਨ ਵੈ ਵਾਰਡਨ ਨੇ ਦੱਸਿਆ ਕਿ ਜੂਨ ਮਹੀਨੇ ਵਿੱਚ ਮੰਦਰ ਦੀ ਇਮਾਰਤ 'ਤੇ ਤਿੰਨ ਵੱਖ-ਵੱਖ ਮੌਕਿਆਂ 'ਤੇ ਗੋਲੀਬਾਰੀ ਹੋਈ ਸੀ। ਹੁਣ ਕੰਧਾਂ, ਖਿੜਕੀਆਂ ਅਤੇ ਮੇਹਰਾਬਾਂ 'ਤੇ ਗੋਲੀਆਂ ਦੇ ਨਿਸ਼ਾਨ ਹਨ।

**ਹਿੰਦੂ ਮੰਦਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ**

ਅਮਰੀਕਾ ਵਿੱਚ ਇਸ ਤੋਂ ਪਹਿਲਾਂ ਵੀ ਹਿੰਦੂ ਮੰਦਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਸਾਲ 9 ਮਾਰਚ 2025 ਨੂੰ ਕੈਲੀਫੋਰਨੀਆ ਦੇ ਚੀਨੋ ਹਿੱਲਜ਼ ਵਿਖੇ ਬੋਚਾਸਨਵਾਸੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਸੰਸਥਾ (BAPS) ਦੇ ਮੰਦਰ ਵਿੱਚ ਭੰਨਤੋੜ ਕੀਤੀ ਗਈ ਸੀ। ਇਸੇ ਤਰ੍ਹਾਂ, ਕੈਲੀਫੋਰਨੀਆ ਦੇ ਸੈਕਰਾਮੈਂਟੋ ਵਿੱਚ BAPS ਹਿੰਦੂ ਮੰਦਰਾਂ ਦੀਆਂ ਕੰਧਾਂ 'ਤੇ "ਹਿੰਦੂ ਵਾਪਸ ਜਾਓ" ਵਰਗੇ ਨਾਅਰੇ ਲਿਖ ਕੇ ਅਪਵਿੱਤਰ ਕੀਤਾ ਗਿਆ ਸੀ।

# ਕੈਨੇਡਾ ਵਿੱਚ ਪੂਜਾ ਸਥਾਨਾਂ, ਸਕੂਲਾਂ ਦੇ ਬਾਹਰ ਧਰਨੇ ਵਿਰੁੱਧ ਨਵੇਂ ਕਾਨੂੰਨ -ਸੀਨ ਫਰੇਜ਼ਰ



ਓਟਾਵਾ (ਬਲਜਿੰਦਰ ਸੇਖਾ) ਕੈਨੇਡਾ ਦੇ ਨਿਆਂ ਮੰਤਰੀ ਸੀਨ ਫਰੇਜ਼ਰ ਦਾ ਕਹਿਣਾ ਹੈ ਕਿ ਲਿਬਰਲ ਸਰਕਾਰ ਪੂਜਾ ਸਥਾਨਾਂ, ਸਕੂਲਾਂ ਅਤੇ ਕਮਿਊਨਿਟੀ ਸੈਂਟਰਾਂ ਤੱਕ ਪਹੁੰਚ ਨੂੰ ਰੋਕਣ ਵਿਰੁੱਧ ਨਵੇਂ ਅਪਰਾਧਿਕ ਪ੍ਰਬੰਧਾਂ ਦੀਆਂ ਯੋਜਨਾਵਾਂ ਨਾਲ ਅੱਗੇ ਵਧੇਗੀ।

ਹਾਲ ਹੀ ਵਿੱਚ ਸੰਘੀ ਚੋਣ ਮੁਹਿੰਮ ਦੌਰਾਨ ਵਾਅਦਾ ਕੀਤੇ ਗਏ ਸਨ ਇਨ੍ਹਾਂ ਸਥਾਨਾਂ 'ਤੇ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਜਾਣਬੁੱਝ ਕੇ ਡਰਾਉਣ ਜਾਂ ਧਮਕਾਉਣ ਦਾ ਇੱਕ ਅਪਰਾਧਿਕ ਕਾਨੂੰਨ ਵੀ ਬਣਾਉਣਗੇ। ਮੰਤਰੀ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਸਿਵਲ ਲਿਬਰਟੇਰੀਅਨ ਅਜਿਹੇ ਵਿਵਹਾਰ ਨੂੰ ਰੋਕਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਇਕੱਠ ਦੀ ਉਲੰਘਣਾ ਕਰਨ ਵਾਲੇ ਨਵੇਂ ਉਪਾਵਾਂ ਦੇ ਵਿਚਾਰ ਦੇ ਵਿਰੁੱਧ ਮੌਜੂਦਾ ਪ੍ਰਬੰਧਾਂ ਵੱਲ ਇਸ਼ਾਰਾ ਕਰਦੇ ਹਨ।

ਜਨਤਕ ਵਿਰੋਧ ਪ੍ਰਦਰਸ਼ਨਾਂ ਨੂੰ ਲੈ ਕੇ ਕੈਨੇਡੀਅਨ ਭਾਈਚਾਰਿਆਂ ਵਿੱਚ ਤਣਾਅ ਵਧਿਆ ਹੈ, ਬਹੁਤ ਸਾਰੇ ਮੱਧ ਪੂਰਬ ਵਿੱਚ ਚੱਲ ਰਹੀ ਦੁਸ਼ਮਣੀ ਕਾਰਨ ਹੋਏ ਹਨ। ਕਈ ਕੈਨੇਡੀਅਨ ਨਗਰ ਪਾਲਿਕਾਵਾਂ ਨੇ ਹਾਲ ਹੀ ਵਿੱਚ "ਬਬਲ ਜ਼ੋਨ" ਨੂੰ ਲਾਜ਼ਮੀ ਬਣਾਉਣ ਲਈ ਕਦਮ ਚੁੱਕੇ ਹਨ ਜੋ ਧਾਰਮਿਕ ਸੰਸਥਾਵਾਂ, ਸਕੂਲਾਂ ਅਤੇ ਚਿੱਲਡ। ਕੇਅਰ ਸੈਂਟਰਾਂ ਵਰਗੀਆਂ ਥਾਵਾਂ ਦੇ ਨੇੜੇ ਵਿਰੋਧ ਗਤੀਵਿਧੀਆਂ ਨੂੰ ਸੀਮਤ ਕਰਦੇ ਹਨ।

# ਪੇਜ ਇੱਕ ਦੀ ਬਾਕੀ

## ਹਿਮਾਚਲ ਪ੍ਰਦੇਸ਼ 'ਚ...

ਚੁੱਕਿਆ ਹੈ। ਇਸ ਨਾਲ ਰਾਹਤ ਤੇ ਬਚਾਅ ਕੰਮ ਵੀ ਰੁਕਾਵਟ ਆ ਰਹੀ ਹੈ। ਹੁਣ ਤੱਕ ਦੀ ਰਿਪੋਰਟ ਮੁਤਾਬਕ 168 ਘਰ ਇਸ ਆਪਦਾ ਵਿਚ ਨਸ਼ਟ ਹੋ ਗਏ ਹਨ। ਨੁਕਸਾਨੇ ਘਰਾਂ ਦਾ ਅੰਕੜਾ ਕਈ ਗੁਣਾ ਜ਼ਿਆਦਾ ਹੋ ਗਿਆ ਹੈ। ਇਸ ਆਪਦਾ ਦੀ ਵਜ੍ਹਾ ਨਾਲ ਸੈਂਕੜੇ ਪਰਿਵਾਰ ਘਰ ਤੋਂ ਬੇਘਰ ਹੋਏ ਹਨ। ਸਰਾਜ ਵਿਧਾਨ ਸਭਾ ਵਿਚ ਅਜੇ ਵੱਡੀ ਗਿਣਤੀ ਵਿਚ ਅਜਿਹੇ ਪਿੰਡ ਦੱਸੇ ਜਾ ਰਹੇ ਹਨ ਜਿਥੇ ਰੈਸਕਿਊ ਟੀਮਾਂ ਨਹੀਂ ਪਹੁੰਚ ਸਕੀਆਂ। ਜ਼ਾਹਿਰ ਹੈ ਕਿ ਆਉਣ ਵਾਲੇ ਦਿਨਾਂ 1-2 ਦਿਨਾਂ ਵਿਚ ਨੁਕਸਾਨੇ ਘਰਾਂ ਤੇ ਲਾਪਤਾ ਲੋਕਾਂ ਦਾ ਅੰਕੜਾ ਅਜੇ ਹੋਰ ਵਧੇਗਾ। ਪੂਰੇ ਸੂਬੇ ਵਿਚ ਹੁਣ ਤੱਕ ਮਾਨਸੂਨ ਵਿਚ ਜਿੰਨਾ ਨੁਕਸਾਨ ਹੋਇਆ ਹੈ, ਉਸ ਤੋਂ ਕਿਤੇ ਜ਼ਿਆਦਾ ਇਕੱਲੇ ਸਰਾਜ ਵਿਧਾਨ ਸਭਾ ਵਿਚ ਹੋ ਚੁੱਕਾ ਹੈ।

ਸੜਕਾਂ ਦਾ ਸੰਪਰਕ ਟੁੱਟਣ ਕਰਕੇ ਹੈਲੀਕਾਪਟਰ ਨਾਲ ਰਾਸ਼ਨ ਪਹੁੰਚਾਇਆ ਜਾ ਰਿਹਾ ਹੈ। 370 ਲੋਕਾਂ ਦਾ ਰੈਸਕਿਊ ਕੀਤਾ ਗਿਆ ਹੈ। 80 ਤੋਂ ਵੱਧ ਪਿੰਡ ਵਿਚ ਦੋ ਦਿਨ ਤੋਂ ਬਿਜਲੀ ਬਹਾਲ ਨਹੀਂ ਹੋ ਸਕੀ ਹੈ। ਪੀਣ ਵਾਲੇ ਪਾਣੀ ਦੀਆਂ ਲਾਈਨਾਂ ਹੜ੍ਹ ਵਿਚ ਰੁੜਨ ਕਰਕੇ ਲੋਕਾਂ ਨੂੰ ਪੀਣ ਲਈ ਪਾਣੀ ਨਹੀਂ ਮਿਲ ਰਿਹਾ। ਇਥੇ ਭਾਰੀ ਮੀਂਹ ਨੇ ਖੂਬ ਤਬਾਹੀ ਮਚਾਈ ਹੈ।

## ਇੰਡੋਨੇਸ਼ੀਆ ਦੇ ਬਾਲੀ...

ਬਾਅਦ ਡੁੱਬ ਗਿਆ। ਜਹਾਜ਼ ਵਿੱਚ ਲਗਭਗ 53 ਯਾਤਰੀ ਅਤੇ 12 ਚਾਲਕ ਦਲ ਦੇ ਮੈਂਬਰ ਸਵਾਰ ਸਨ, ਨਾਲ ਹੀ 22 ਵਾਹਨ, ਜਿਨ੍ਹਾਂ ਵਿੱਚ ਕਈ ਟਰੱਕ ਵੀ ਸ਼ਾਮਲ ਸਨ। ਹੁਣ ਤੱਕ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਅਤੇ 20 ਲੋਕਾਂ ਨੂੰ ਬਚਾਇਆ ਗਿਆ ਹੈ। ਬਚਾਏ ਗਏ ਕਈ ਲੋਕਾਂ ਦੀ ਹਾਲਤ ਨਾਜ਼ੁਕ ਹੈ।

ਸੁਰਾਬਾਇਆ ਬਚਾਅ ਏਜੰਸੀ ਨੇ ਵੀਰਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਜਹਾਜ਼ ਸਥਾਨਕ ਸਮੇਂ ਅਨੁਸਾਰ ਰਾਤ ਲਗਭਗ 11:20 ਵਜੇ ਡੁੱਬ ਗਿਆ। ਨੌਂ ਬਚਾਅ ਕਿਸ਼ਤੀਆਂ, ਜਿਨ੍ਹਾਂ ਵਿੱਚ ਟਗਬੋਟ ਅਤੇ ਫੁੱਲਣ ਵਾਲੇ ਜਹਾਜ਼ ਸ਼ਾਮਲ ਹਨ, ਲਾਪਤਾ ਲੋਕਾਂ ਦੀ ਸਰਗਰਮੀ ਨਾਲ ਭਾਲ ਕਰ ਰਹੀਆਂ ਹਨ।

## ਕੈਨੇਡਾ ਸ਼ੁਰੂ ਕਰਨ...

ਸ਼ੁਰੂ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਭਾਰਤੀਆਂ ਸਮੇਤ ਵਿਦੇਸ਼ੀ ਵਿਦਿਆਰਥੀਆਂ ਲਈ ਚੰਗੀ ਖਬਰ ਹੈ ਕਿ IRCC ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (PGWP) ਲਈ ਅਧਿਐਨ ਦੇ ਖੇਤਰ ਦੀਆਂ ਜ਼ਰੂਰਤਾਂ ਨੂੰ ਅਪਡੇਟ ਕਰਨ ਦਾ ਢਾਂਚਾ ਤਿਆਰ ਕਰ ਰਿਹਾ ਹੈ।

ਕੈਨੇਡਾ ਵਿਦੇਸ਼ੀ ਕਾਮਿਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਜੀਵਨ ਸਾਥੀਆਂ ਨੂੰ ਜਾਰੀ ਸਪਾਊਸਲ ਓਪਨ ਵਰਕ ਪਰਮਿਟ (SOWP) ਦੀਆਂ ਯੋਗਤਾ ਸ਼ਰਤਾਂ ਵਿੱਚ ਵੀ ਤਬਦੀਲੀ ਕਰਨਾ ਚਾਹੁੰਦਾ ਹੈ, ਪਰ ਨਵੀਆਂ ਸ਼ਰਤਾਂ ਦੇ ਵੇਰਵੇ ਅਜੇ ਸਾਹਮਣੇ ਨਹੀਂ ਆਏ।

**IRCC ਨੇ ਐਕਸਪ੍ਰੈਸ ਐਂਟਰੀ ਦੀ ਸ਼੍ਰੇਣੀ-ਅਧਾਰਤ ਚੋਣ ਅਧੀਨ**

ਸਿਹਤ ਸੰਭਾਲ, ਵਪਾਰ, ਸਿੱਖਿਆ ਅਤੇ ਫ੍ਰੈਂਚ ਬੋਲਣ ਵਾਲੇ ਕਾਮਿਆਂ ਨੂੰ ਸਥਾਈ ਨਿਵਾਸ ਲਈ ਤਰਜੀਹ ਦੇਣ ਦੀ ਵਚਨਬੱਧਤਾ ਦੁਹਰਾਈ। ਨਾਲ ਹੀ, ਕੈਨੇਡਾ 'ਚ ਪਹਿਲਾਂ ਹੀ ਮੌਜੂਦ ਕੱਚੇ ਨਿਵਾਸੀਆਂ ਨੂੰ ਸਥਾਈ ਨਿਵਾਸ ਲਈ ਤਰਜੀਹ ਦਿੱਤੀ ਜਾਵੇਗੀ, ਜਿਸ ਦਾ ਟੀਚਾ 40% ਸਥਾਈ ਨਿਵਾਸ ਦਾਖਲੇ ਅਸਥਾਈ ਨਿਵਾਸੀਆਂ (TRs) ਤੋਂ ਕਰਨਾ ਹੈ।

ਕੈਨੇਡਾ ਵਿਦੇਸ਼ਾਂ 'ਚ ਰਹਿਣ ਵਾਲੇ ਪਰਿਵਾਰਕ ਮੈਂਬਰਾਂ ਲਈ ਪਰਿਵਾਰਕ ਸਪਾਂਸਰਸ਼ਿਪ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਵੀ ਤੇਜ਼ ਕਰਨ ਦੀ ਯੋਜਨਾ ਬਣਾ ਰਿਹਾ ਹੈ।

**ਕੈਨੇਡਾ 'ਚ ਭਾਰਤੀ**

2025 ਦੀ ਪਹਿਲੀ ਤਿਮਾਹੀ 'ਚ ਭਾਰਤ ਕੈਨੇਡਾ 'ਚ ਅਸਥਾਈ ਨਿਵਾਸ ਲਈ ਸਭ ਤੋਂ ਵੱਡਾ ਸਰੋਤ ਦੇਸ਼ ਸੀ। IRCC ਦੇ ਤਾਜ਼ਾ ਅੰਕੜਿਆਂ ਅਨੁਸਾਰ, 2025 ਦੀ ਪਹਿਲੀ ਤਿਮਾਹੀ 'ਚ ਓਟਾਵਾ ਨੇ 834,010 ਅਸਥਾਈ ਨਿਵਾਸ ਅਰਜ਼ੀਆਂ ਅਤੇ ਵਿਸਥਾਰਾਂ ਨੂੰ ਮਨਜ਼ੂਰੀ ਦਿੱਤੀ, ਜਿਨ੍ਹਾਂ 'ਚ ਸਟੱਡੀ ਪਰਮਿਟ, ਵਰਕ ਪਰਮਿਟ ਅਤੇ ਵਿਜ਼ਟਰ ਵੀਜ਼ੇ ਸ਼ਾਮਲ ਸਨ।

ਇਨ੍ਹਾਂ 'ਚੋਂ 382,055 (45.8%) ਅਰਜ਼ੀਆਂ ਭਾਰਤੀਆਂ ਦੀਆਂ ਸਨ, ਜੋ ਮੁੱਖ ਤੌਰ 'ਤੇ ਵਿਦਿਆਰਥੀਆਂ ਅਤੇ ਤਕਨੀਕੀ ਤੇ ਸਿਹਤ ਸੰਭਾਲ ਸੈਕਟਰਾਂ 'ਚ ਮੌਕੇ ਲੱਭਣ ਵਾਲੇ ਹੁਨਰਮੰਦ ਕਾਮਿਆਂ ਦੀਆਂ ਸਨ।

## 2025 'ਚ 3,500...

ਚੀਨ ਤੋਂ 7,800
ਫਰਾਂਸ ਤੋਂ 800,
ਸਪੇਨ ਤੋਂ 500
ਜਰਮਨੀ ਤੋਂ 400 ਅਮੀਰ ਲੋਕ ਦੂਜੇ ਦੇਸ਼ਾਂ ਵਿੱਚ ਵਸਣ ਦੀ ਯੋਜਨਾ ਬਣਾ ਰਹੇ ਹਨ।

ਜ਼ਿਆਦਾਤਰ ਕਰੋੜਪਤੀ ਦੁਬਈ (ਯੂਏਈ), ਮਾਲਟਾ ਅਤੇ ਮੋਨਾਕੋ ਵਰਗੇ ਟੈਕਸ-ਅਨੁਕੂਲ ਦੇਸ਼ਾਂ ਵਿੱਚ ਜਾ ਰਹੇ ਹਨ।

**ਅਮੀਰਾਂ ਦੀ ਪਹਿਲੀ ਪਸੰਦ ਕਿਹੜੇ ਦੇਸ਼ ਹਨ?**

ਯੂਏਈ (ਦੁਬਈ) ਸਭ ਤੋਂ ਪਸੰਦੀਦਾ ਜਗ੍ਹਾ ਵਜੋਂ ਉਭਰਿਆ ਹੈ, ਜਿੱਥੇ 9,800 ਕਰੋੜਪਤੀ ਸੈਟਲ ਹੋ ਸਕਦੇ ਹਨ।

ਇਸ ਤੋਂ ਬਾਅਦ ਅਮਰੀਕਾ ਆਉਂਦਾ ਹੈ, ਜਿੱਥੇ 7500 ਕਰੋੜਪਤੀ ਸੈਟਲ ਹੋਣ ਦਾ ਅਨੁਮਾਨ ਹੈ।

ਸਾਊਦੀ ਅਰਬ ਵੀ ਤੇਜ਼ੀ ਨਾਲ ਅਮੀਰਾਂ ਲਈ ਇੱਕ ਮੰਜ਼ਿਲ ਬਣਦਾ ਜਾ ਰਿਹਾ ਹੈ, ਜਿੱਥੇ 2025 ਤੱਕ 2,400 ਕਰੋੜਪਤੀਆਂ ਦੇ ਪਰਵਾਸ ਕਰਨ ਦੀ ਉਮੀਦ ਹੈ।

## ਟਰੰਪ ਨੇ ਮਸਕ ਨੂੰ...

ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਦੇ ਵਿਰੁੱਧ ਹਾਂ। ਹਰ ਕਿਸੇ ਨੂੰ ਇਲੈਕਟ੍ਰਿਕ ਕਾਰਾਂ ਖਰੀਦਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਮਸਕ ਨੂੰ ਮਨੁੱਖੀ ਇਤਿਹਾਸ ਵਿੱਚ ਕਿਸੇ ਵੀ ਵਿਅਕਤੀ ਨਾਲੋਂ ਵੱਧ ਸਬਸਿਡੀਆਂ ਮਿਲ ਸਕਦੀਆਂ ਹਨ, ਪਰ ਸਬਸਿਡੀਆਂ ਤੋਂ ਬਿਨਾਂ ਉਸਨੂੰ ਸ਼ਾਇਦ ਆਪਣੀ ਦੁਕਾਨ ਬੰਦ ਕਰਕੇ ਦੱਖਣੀ ਅਫਰੀਕਾ ਵਾਪਸ ਜਾਣਾ ਪਵੇਗਾ। ਇੰਨੇ ਸਾਰੇ ਰਾਕੇਟ ਲਾਂਚਰ, ਸੈਟੇਲਾਈਟ ਜਾਂ ਇਲੈਕਟ੍ਰਿਕ ਕਾਰਾਂ ਨਹੀਂ ਬਣੀਆਂ ਹੋਣਗੀਆਂ ਅਤੇ ਅਸੀਂ ਅਜਿਹਾ ਕਰਨ ਨਾਲ ਬਹੁਤ ਸਾਰਾ ਪੈਸਾ ਬਚਾਵਾਂਗੇ।

ਡੋਨਾਲਡ ਟਰੰਪ ਦਾ ਇਹ ਬਿਆਨ ਐਲਨ ਮਸਕ ਦੀ ਉਸ ਪੋਸਟ ਤੋਂ ਬਾਅਦ ਆਇਆ ਹੈ ਜਿਸ ਵਿੱਚ ਮਸਕ ਨੇ ਟਰੰਪ ਦੇ 'ਵਨ ਬਿਗ, ਬਿਊਟੀਫੁੱਲ ਬਿੱਲ' ਦੀ ਆਲੋਚਨਾ ਕੀਤੀ ਸੀ ਅਤੇ ਕਿਹਾ ਸੀ ਕਿ ਜੇਕਰ ਇਹ ਬਿੱਲ ਸਦਨ ਵਿੱਚ ਪਾਸ ਹੋ ਜਾਂਦਾ ਹੈ, ਤਾਂ ਉਹ ਇੱਕ ਨਵੀਂ ਰਾਜਨੀਤਿਕ ਪਾਰਟੀ ਬਣਾਉਣਗੇ। ਡੋਨਾਲਡ ਟਰੰਪ ਦਾ ਇਹ ਬਿਆਨ ਐਲਨ ਮਸਕ ਦੀ ਉਸ ਪੋਸਟ ਤੋਂ ਬਾਅਦ ਆਇਆ ਹੈ ਜਿਸ ਵਿੱਚ ਮਸਕ ਨੇ ਟਰੰਪ ਦੇ 'ਵਨ ਬਿਗ, ਬਿਊਟੀਫੁੱਲ ਬਿੱਲ' ਦੀ ਆਲੋਚਨਾ ਕੀਤੀ ਸੀ ਅਤੇ ਕਿਹਾ ਸੀ ਕਿ ਜੇਕਰ ਇਹ ਬਿੱਲ ਸਦਨ ਵਿੱਚ ਪਾਸ ਹੋ ਜਾਂਦਾ ਹੈ, ਤਾਂ ਉਹ ਇੱਕ ਨਵੀਂ ਰਾਜਨੀਤਿਕ ਪਾਰਟੀ ਬਣਾਉਣਗੇ।

## ਐਲੋਨ ਮਸਕ ਵੱਲੋਂ...

ਪੋਕੀ ਪਿਗ ਪਾਰਟੀ! ਇਕ ਨਵੀਂ ਰਾਜਨੀਤੀ ਪਾਰਟੀ ਬਣਾਉਣ ਦਾ ਸਮਾਂ ਆ ਗਿਆ ਹੈ, ਜੋ ਅਸਲ 'ਚ ਲੋਕਾਂ ਦੀ ਪਰਵਾਹ ਕਰਦੀ ਹੈ।"

ਅਮਰੀਕੀ ਰਾਸ਼ਟਰਪਤੀ ਦੇ ਪ੍ਰਮੁੱਖ ਖਰਚ ਬਿੱਲ- 'ਵਨ ਬਿਗ ਬਿਊਟੀਫੁਲ ਬਿੱਲ' ਦੀ ਆਲੋਚਨਾ ਅਜਿਹੇ ਸਮੇਂ ਹੋਈ ਹੈ, ਜਦੋਂ ਇਕ ਹਫ਼ਤੇ ਦੀ ਗੱਲਬਾਤ ਅਤੇ ਦੇਰੀ ਤੋਂ ਬਾਅਦ ਸੈਨੇਟ 'ਚ ਘਰੇਲੂ ਨੀਤੀ ਬਿੱਲ ਦਾ ਮੈਰਾਥਨ ਵੋਟਿੰਗ ਸੈਸ਼ਨ ਚੱਲ ਰਿਹਾ ਹੈ। ਸੈਨੇਟ ਦੇ ਨੇਤਾ ਜਾਨ ਥੂਨ ਨੇ ਦੱਸਿਆ ਕਿ ਉਮੀਦ ਹੈ ਜਲਦ ਪਤਾ ਲੱਗ ਜਾਵੇਗਾ ਕਿ ਕੀ ਰਿਪਬਲਿਕਨ ਕੋਲ ਬਿੱਲ ਨੂੰ ਪਾਸ ਕਰਨ ਲਈ ਲੋੜੀਂਦੇ ਵੋਟ ਹਨ ਜਾਂ ਨਹੀਂ। ਉਨ੍ਹਾਂ ਕਿਹਾ, "ਇਸ 'ਚ ਥੋੜ੍ਹਾ ਸਮਾਂ ਲੱਗ ਸਕਦਾ ਹੈ।"

ਸ਼੍ਰੀ ਮਸਕ ਨੇ ਰਿਪਬਲਿਕਨ ਵਿਰੋਧੀ ਬਿਆਨਬਾਜ਼ੀ ਨੂੰ ਵਧਾ ਦਿੱਤਾ ਹੈ, ਬਿੱਲ ਦੇ 'ਪਾਗਲਪਣ ਖਰਚ' ਦੀ ਆਲੋਚਨਾ ਕੀਤੀ ਅਤੇ ਦਾਅਵਾ ਕੀਤਾ ਕਿ ਇਹ ਰਿਪਬਲਿਕਨ ਪਾਰਟੀ ਨੂੰ ਡੈਮੋਕ੍ਰੇਟ ਤੋਂ ਵੱਖ ਨਹੀਂ ਦਿਖਾਉਂਦਾ ਹੈ। ਸ਼੍ਰੀ ਮਸਕ ਨੇ ਐਕਸ 'ਤੇ ਪੋਸਟ ਕੀਤਾ, "ਜੋ ਕੋਈ ਵੀ ਖਰਚ ਘੱਟ ਕਰਨ ਦੇ ਵਾਅਦੇ 'ਤੇ ਮੁਹਿੰਮ ਚਲਾਉਂਦਾ ਹੈ ਪਰ ਇਤਿਹਾਸ 'ਚ ਸਭ ਤੋਂ ਵੱਡੀ ਕਰਜ਼ ਹੱਦ ਵਾਧੇ 'ਤੇ ਵੋਟ ਕਰਨਾ ਜਾਰੀ ਰੱਖਦਾ ਹੈ, ਉਸ ਦਾ ਚਿਹਰਾ ਅਗਲੇ ਸਾਲ ਪਹਿਲੀ ਚੋਣ 'ਚ ਇਸ ਪੋਸਟਰ 'ਤੇ ਦਿਖਾਈ ਦੇਵੇਗਾ ਅਤੇ ਅੱਗੇ ਚਿਤਾਵਨੀ ਦਿੱਤੀ ਕਿ ਇਹ ਪਾਗਲਪਣ ਵਾਲਾ ਖਰਚ ਬਿੱਲ ਪਾਸ ਹੋ ਜਾਂਦਾ ਹੈ, ਤਾਂ ਅਗਲੇ ਦਿਨ ਅਮਰੀਕਾ ਪਾਰਟੀ ਦਾ ਗਠਨ ਕੀਤਾ ਜਾਵੇਗਾ। ਸਾਡੇ ਦੇਸ਼ ਨੂੰ ਡੈਮੋਕ੍ਰੇਟ-ਰਿਪਬਲਿਕਨ ਯੂਨੀਪਾਰਟੀ ਦੇ ਵਿਕਲਪ ਦੀ ਲੋੜ ਹੈ, ਤਾਂ ਕਿ ਲੋਕਾਂ ਕੋਲ ਅਸਲ 'ਚ ਇਕ ਆਵਾਜ਼ ਹੋਵੇ।"

## ਕਰੋੜਾਂ ਦੀ ਡਿਜੀਟਲ...

**ਸੀਬੀਆਈ ਨੇ ਕਾਲ ਸੈਂਟਰ ਅਤੇ ਡੇਟਿੰਗ ਐਪ ਦਾ ਵੀ ਕੀਤਾ ਪਰਦਾਫਾਸ਼**

ਸੀਬੀਆਈ ਦੀ ਛਾਪੇਮਾਰੀ ਤੋਂ ਪਤਾ ਲੱਗਾ ਕਿ ਇਹ ਲੋਕ ਸੋਸ਼ਲ ਸਾਫਟਵੇਅਰ ਡਿਵੈਲਪਿੰਗ ਕੰਪਨੀ ਪ੍ਰਾਈਵੇਟ ਲਿਮਟਿਡ ਦੇ ਨਾਮ 'ਤੇ ਕਿਰਾਏ ਦੇ ਘਰ ਵਿੱਚ ਇੱਕ ਕਾਲ ਸੈਂਟਰ ਅਤੇ ਇੱਕ ਡੇਟਿੰਗ ਐਪ ਚਲਾ ਰਹੇ ਸਨ। ਇਸ ਤੋਂ ਇਲਾਵਾ, ਚਗਲ-ਤਾਹਲ ਵਿੱਚ ਇੱਕ ਹੋਰ ਕਿਰਾਏ ਦੇ ਘਰ ਦੀ ਵਰਤੋਂ ਗੈਰ-ਕਾਨੂੰਨੀ ਪੈਸੇ ਦੇ ਲੈਣ-ਦੇਣ ਲਈ ਕੀਤੀ ਜਾ ਰਹੀ ਸੀ। ਤੁਹਾਨੂੰ ਦੱਸ ਦੇਈਏ ਕਿ ਪੁਲਸ ਨੇ ਦੋਸ਼ੀਆਂ ਤੋਂ ਲਗਭਗ 14 ਲੱਖ ਨੇਪਾਲੀ ਰੁਪਏ, 9 ਲੈਪਟਾਪ ਅਤੇ 54 ਮੋਬਾਈਲ ਫੋਨ ਵੀ ਬਰਾਮਦ ਕੀਤੇ ਹਨ।

**ਪੀੜਤਾਂ ਨੂੰ METOO ਡੇਟਿੰਗ ਐਪ ਰਾਹੀਂ ਫਸਾਇਆ ਗਿਆ ਸੀ**

ਪੁਲਿਸ ਦੇ ਅਨੁਸਾਰ, ਇਹ ਗਿਰੋਹ METOO ਡੇਟਿੰਗ ਐਪ ਰਾਹੀਂ ਨੌਜਵਾਨਾਂ ਨੂੰ ਲੁਭਾਉਂਦਾ ਸੀ ਅਤੇ ਫਿਰ ਉਨ੍ਹਾਂ ਨੂੰ ਕ੍ਰਿਪਟੋਕਰੰਸੀ ਵਿੱਚ ਨਿਵੇਸ਼ ਕਰਨ ਲਈ ਉਕਸਾਉਂਦਾ ਸੀ। ਇਸ ਤਰ੍ਹਾਂ, ਲੋਕਾਂ ਨੂੰ ਝੂਠੇ ਰਿਟਰਨ ਦਾ ਲਾਲਚ ਦੇ ਕੇ ਧੋਖਾ ਦਿੱਤਾ ਜਾਂਦਾ ਸੀ। ਇਸ ਘੁਟਾਲੇ ਵਿੱਚ ਗ੍ਰਿਫਤਾਰ ਕੀਤੇ ਗਏ 46 ਨੇਪਾਲੀ ਨਾਗਰਿਕ ਵੀ ਸ਼ਾਮਲ ਸਨ। ਨੇਪਾਲ ਵਿੱਚ ਕ੍ਰਿਪਟੋਕਰੰਸੀ ਨਾਲ ਸਬੰਧਤ ਲੈਣ-ਦੇਣ ਗੈਰ-ਕਾਨੂੰਨੀ ਹਨ। ਪੁਲਿਸ ਨੇ ਸਾਰੇ ਦੋਸ਼ੀਆਂ ਵਿਰੁੱਧ ਡਿਜੀਟਲ ਕਰੰਸੀ ਨਾਲ ਸਬੰਧਤ ਅਪਰਾਧਾਂ ਤਹਿਤ ਕੇਸ ਦਰਜ ਕੀਤਾ ਹੈ। ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ ਅਤੇ ਪੁਲਿਸ ਦਾ ਕਹਿਣਾ ਹੈ ਕਿ ਇਸ ਰੈਕੇਟ ਦੇ ਹੋਰ ਸੰਪਰਕ ਸਾਹਮਣੇ ਆ ਸਕਦੇ ਹਨ। ਇਹ ਕਾਰਵਾਈ ਨੇਪਾਲ ਵਿੱਚ ਵੱਧ ਰਹੇ ਸਾਈਬਰ ਅਪਰਾਧਾਂ ਵਿਰੁੱਧ ਪੁਲਸ ਦੀ ਸਖ਼ਤੀ ਨੂੰ ਦਰਸਾਉਂਦੀ ਹੈ।

**ਤਕਨਾਲੋਜੀ ਅਤੇ ਸਮਾਜਿਕ ਹੇਰਾਫੇਰੀ ਰਾਹੀਂ ਨੌਜਵਾਨਾਂ ਨੂੰ ਧੋਖਾ ਦੇਣ ਲਈ ਵਰਤਿਆ ਜਾਂਦਾ ਸੀ: ਸੀਆਈਬੀ**

ਸ਼ੱਕੀਆਂ 'ਤੇ ਜਾਅਲੀ ਔਨਲਾਈਨ ਡੇਟਿੰਗ ਪ੍ਰੋਫਾਈਲਾਂ ਰਾਹੀਂ ਪੀੜਤਾਂ ਨਾਲ ਹੇਰਾਫੇਰੀ ਕਰਨ, ਉੱਚ ਰਿਟਰਨ ਦੇ ਵਾਅਦੇ ਨਾਲ ਉਨ੍ਹਾਂ ਨੂੰ ਅਨਿਯਮਿਤ ਕ੍ਰਿਪਟੋਕਰੰਸੀ ਸਕੀਮਾਂ ਵਿੱਚ ਲੁਭਾਉਣ ਅਤੇ ਫਿਰ ਉਨ੍ਹਾਂ ਨਾਲ ਧੋਖਾ ਕਰਨ ਦਾ ਦੋਸ਼ ਹੈ। ਸੀਆਈਬੀ ਦੇ ਬੁਲਾਰੇ ਪੁਲਸ ਸੁਪਰਡੈਂਟ ਯੁਵਰਾਜ ਖੜਕਾ ਨੇ ਕਿਹਾ ਕਿ 'ਇਹ ਕਾਰਵਾਈ ਚੰਗੀ ਤਰ੍ਹਾਂ ਸੰਗਠਿਤ ਸੀ ਅਤੇ ਇਸਦਾ ਸਪੱਸ਼ਟ ਉਦੇਸ਼ ਤਕਨਾਲੋਜੀ ਅਤੇ ਸਮਾਜਿਕ ਹੇਰਾਫੇਰੀ ਦੀ ਵਰਤੋਂ ਕਰਦੇ ਹੋਏ ਵਿਅਕਤੀਆਂ ਦਾ ਸ਼ੋਸ਼ਣ ਕਰਨਾ ਸੀ।'

# ਉਤਰੀ ਕੈਰੋਲੀਨਾ ਸੀਟ ਤੋਂ ਚੋਣ ਲੜੇਗੀ ਟਰੰਪ ਦੀ ਨੂੰਹ



ਅਗਲੇ ਸਾਲ ਅਮਰੀਕਾ ਵਿੱਚ ਉਪ-ਚੋਣਾਂ ਹੋਣ ਜਾ ਰਹੀਆਂ ਹਨ। ਇਸ ਸੂਚੀ ਵਿਚ ਉਤਰੀ ਕੈਰੋਲੀਨਾ ਸੀਟ ਦਾ ਨਾਮ ਵੀ ਸ਼ਾਮਲ ਹੈ, ਜਿਸ ਨੂੰ ਸੰਸਦ ਦੀ ਇਕ ਮਹੱਤਵਪੂਰਨ ਸੀਟ ਮੰਨਿਆ ਜਾਂਦਾ ਹੈ। ਉਤਰੀ ਕੈਰੋਲੀਨਾ ਨੂੰ ਜਿੱਤਣ ਲਈ ਰਿਪਬਲਿਕਨ ਅਤੇ ਡੈਮੋਕ੍ਰੇਟ ਪਾਰਟੀਆਂ ਵਿਚਕਾਰ ਮੁਕਾਬਲਾ ਹੈ।

ਇਸ ਦੇ ਨਾਲ ਹੀ ਡੋਨਾਲਡ ਟਰੰਪ ਦੀ ਨੂੰਹ ਲਾਰਾ ਟਰੰਪ ਆਉਣ ਵਾਲੀਆਂ ਉਪ-ਚੋਣਾਂ ਵਿਚ ਇਥੋਂ ਚੋਣ ਲੜ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਐਲਾਨ ਕੀਤਾ ਹੈ। ਟਰੰਪ ਦਾ ਕਹਿਣਾ ਹੈ ਕਿ ਉਤਰੀ ਕੈਰੋਲੀਨਾ ਸੀਟ ਤੋਂ ਲਾਰਾ ਉਨ੍ਹਾਂ ਦੀ ਪਹਿਲੀ ਪਸੰਦ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE?
WE'LL ARRANGE IT FOR YOU
NO MATTER WHAT YOUR REASON IS!
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR HANKOOK ceed AEOLUS
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.










# ਵਿਜੀਲੈਂਸ ਨੂੰ ਬਿਕਰਮ ਮਜੀਠੀਆ ਦਾ ਮੁੜ ਮਿਲਿਆ 4 ਦਿਨਾਂ ਦਾ ਰਿਮਾਂਡ



ਮੁਹਾਲੀ : ਮੁਹਾਲੀ ਕੋਰਟ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਵਿਜੀਲੈਂਸ ਰਿਮਾਂਡ ਵਿਚ ਚਾਰ ਦਿਨਾ ਦਾ ਵਾਧਾ ਕਰ ਦਿੱਤਾ ਹੈ। ਮਜੀਠੀਆ ਨੂੰ ਡਰੱਗ ਮਨੀ ਤੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਸੱਤ ਦਿਨਾ ਦੇ ਰਿਮਾਂਡ ਦੀ ਮਿਆਦ ਮੁੱਕਣ ਮਗਰੋਂ ਅੱਜ ਮੁਹਾਲੀ ਕੋਰਟ ਵਿਚ ਪੇਸ਼ ਕੀਤਾ ਗਿਆ ਹੈ। ਦੋਵਾਂ ਧਿਰਾਂ ਵਿਚਾਲੇ ਚਾਰ ਘੰਟੇ ਦੇ ਕਰੀਬ ਬਹਿਸ ਚੱਲੀ। ਮਜੀਠੀਆ ਦੀ ਪੇਸ਼ੀ ਮੌਕੇ ਮੁਹਾਲੀ ਕੋਰਟ ਦੇ ਬਾਹਰ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਦੌਰਾਨ ਪੁਲੀਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਣੇ ਹੋਰਨਾਂ ਅਕਾਲੀ ਆਗੂਆਂ ਨੂੰ ਚੰਡੀਗੜ੍ਹ-ਮੁਹਾਲੀ ਦੀ ਸਰਹੱਦ ਨੇੜਿਓਂ ਹਿਰਾਸਤ ਵਿਚ ਲੈ ਲਿਆ ਹੈ। ਸੁਖਬੀਰ ਬਾਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸੂਬੇ ਵਿੱਚ ਅਣਐਲਾਨੀ ਐਮਰਜੈਂਸੀ ਲਾ ਦਿੱਤੀ ਹੈ। ਪੁਲੀਸ ਨੇ ਅੰਬ ਸਾਹਿਬ ਤੋਂ ਪੁਲੀਸ ਨਾਕੇ ਤੋੜ ਕੇ ਵਿਜੀਲੈਂਸ ਭਵਨ ਵੱਲ ਮਾਰਚ ਕਰਦੇ ਹੋਏ ਅਕਾਲੀ ਆਗੂਆਂ, ਦਰਬਾਰਾ ਸਿੰਘ ਗੁਰੂ, ਪਰਵਿੰਦਰ ਸਿੰਘ ਸੋਹਾਣਾ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਦਰਜਨਾਂ ਵਰਕਰਾਂ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਸੁਖਬੀਰ ਸਣੇ ਬਾਕੀ ਆਗੂਆਂ ਨੂੰ ਫੇਜ਼ 11 ਦੇ ਥਾਣੇ ਵਿਚ ਲਿਜਾਣ ਤੋਂ ਕੁਝ ਦੇਰ ਬਾਅਦ ਛੱਡ ਦਿੱਤਾ ਗਿਆ।

ਜਾਣਕਾਰੀ ਅਨੁਸਾਰ ਸੁਖਬੀਰ ਬਾਦਲ ਅੱਜ ਜਿਵੇਂ ਹੀ ਚੰਡੀਗੜ੍ਹ-ਮੁਹਾਲੀ ਸਰਹੱਦ ਨੇੜੇ ਪੁੱਜੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਸੁਖਬੀਰ ਬਾਦਲ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਇੱਕ ਮਾਮਲੇ ਵਿੱਚ ਅਕਾਲੀ ਆਗੂ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਵਿਰੁੱਧ 'ਸ਼ਾਂਤਮਈ ਵਿਰੋਧ ਪ੍ਰਦਰਸ਼ਨ' ਲਈ ਮੁਹਾਲੀ ਦੇ ਫੇਜ਼ 8 ਵਿਚਲੇ ਗੁਰਦੁਆਰਾ ਅੰਬ ਸਾਹਿਬ ਜਾ ਰਹੇ ਸਨ, ਜਿੱਥੇ ਉਨ੍ਹਾਂ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ ਸੀ। ਮੁਹਾਲੀ ਦੇ ਐਸਪੀ (ਦਿਹਾਤੀ) ਮਨਪ੍ਰੀਤ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਅਤੇ ਹੋਰ ਅਕਾਲੀ ਵਰਕਰਾਂ ਨੂੰ ਇੱਕ ਬੱਸ ਵਿੱਚ ਮੁਹਾਲੀ ਪੁਲੀਸ ਥਾਣੇ ਲਿਜਾਇਆ ਗਿਆ।

# ਅਮਰੀਕੀ ਰਾਸ਼ਟਰਪਤੀ ਸਾਹਮਣੇ ਸਭ ਤੋਂ ਵੱਡੀ ਸਮੱਸਿਆ

## 20 ਰਾਜਾਂ ਨੇ ਮਿਲ ਕੇ ਟਰੰਪ 'ਤੇ ਕੀਤਾ ਮੁਕੱਦਮਾ



ਲਾਸ ਏਂਜਲਸ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਹੈ। 20 ਤੋਂ ਵੱਧ ਅਮਰੀਕੀ ਰਾਜਾਂ ਨੇ ਟਰੰਪ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਇਸ ਨਾਲ ਰਾਸ਼ਟਰਪਤੀ ਦੀਆਂ ਮੁਸ਼ਕਿਲਾਂ ਵੱਧ ਸਕਦੀਆਂ ਹਨ। ਦਰਜਨਾਂ ਰਾਜਾਂ ਨੇ ਟਰੰਪ ਪ੍ਰਸ਼ਾਸਨ 'ਤੇ ਪਿਛਲੇ ਮਹੀਨੇ ਦੇਸ਼ ਨਿਕਾਲੇ ਅਧਿਕਾਰੀਆਂ ਨੂੰ ਲੱਖਾਂ ਲੋਕਾਂ ਦੇ ਮੈਡੀਕੇਡ ਡੇਟਾ ਸੌਂਪ ਕੇ ਸੰਘੀ ਗੋਪਨੀਯਤਾ ਕਾਨੂੰਨ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ। ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੌਬ ਬੋਂਟਾ ਨੇ 20 ਰਾਜਾਂ ਵੱਲੋਂ ਟਰੰਪ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਟਰੰਪ ਪ੍ਰਸ਼ਾਸਨ ਨੇ ਡੇਟਾ ਸਾਂਝਾ ਕਰਕੇ ਸੰਘੀ ਗੋਪਨੀਯਤਾ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ।

ਰਿਪੋਰਟ ਦੇ ਅਨੁਸਾਰ, ਸਿਹਤ ਮੰਤਰੀ ਰੌਬਰਟ ਐਫ. ਕੈਨੇਡੀ ਜੂਨੀਅਰ ਵੀ ਇਸ ਮਾਮਲੇ ਵਿੱਚ ਸ਼ਾਮਿਲ ਹਨ। ਦੱਸਿਆ ਜਾ ਰਿਹਾ ਹੈ ਕਿ ਕੈਨੇਡੀ ਦੇ ਸਲਾਹਕਾਰਾਂ ਨੇ ਪਿਛਲੇ ਮਹੀਨੇ ਕੈਲੀਫੋਰਨੀਆ, ਇਲੀਨੋਇਸ ਅਤੇ ਵਾਸ਼ਿੰਗਟਨ ਦੇ ਲੋਕਾਂ ਦੀ ਨਿੱਜੀ ਸਿਹਤ ਸੰਬੰਧੀ ਜਾਣਕਾਰੀ ਸਮੇਤ ਕਈ ਤਰ੍ਹਾਂ ਦੇ ਡੇਟਾ ਗ੍ਰਹਿ ਵਿਭਾਗ ਨਾਲ ਸਾਂਝਾ ਕੀਤਾ ਸੀ।

ਇਸ ਵਿੱਚ ਨਿੱਜੀ ਸਿਹਤ ਜਾਣਕਾਰੀ ਸਾਂਝੀ ਕਰਨਾ ਸ਼ਾਮਿਲ ਸੀ, ਜਿਸ ਵਿੱਚ ਉਨ੍ਹਾਂ ਦੇ ਪਤੇ, ਨਾਮ, ਸਮਾਜਿਕ ਸੁਰੱਖਿਆ ਨੰਬਰ ਅਤੇ ਇਮੀਗ੍ਰੇਸ਼ਨ ਸਥਿਤੀ ਡੇਟਾ ਸ਼ਾਮਿਲ ਸੀ, ਉਸ ਸਮੇਂ ਜਦੋਂ ਦੇਸ਼ ਨਿਕਾਲੇ ਦੇ ਅਧਿਕਾਰੀਆਂ ਨੇ ਲਾਗੂ ਕਰਨ ਦੇ ਯਤਨ ਤੇਜ਼ ਕਰ ਦਿੱਤੇ ਸਨ। ਟਰੰਪ ਦੇ ਇਸ ਵੱਡੇ ਮੁਕੱਦਮੇ ਵਿੱਚ ਫਸਣ ਤੋਂ ਬਾਅਦ ਅਮਰੀਕਾ ਵਿੱਚ ਹੰਗਾਮਾ ਮਚ ਗਿਆ ਹੈ। ਇਸ ਦੌਰਾਨ, ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ (HHS) ਦੇ ਬੁਲਾਰੇ ਐਂਡਰਿਊ ਨਿਕਸਨ ਨੇ ਰਾਜਾਂ ਦੇ ਦੋਸ਼ਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਕਿਹਾ ਕਿ HHS ਨੇ ਆਪਣੇ ਕਾਨੂੰਨੀ ਅਧਿਕਾਰ ਦੇ ਅੰਦਰ ਪੂਰੀ ਤਰ੍ਹਾਂ ਕੰਮ ਕੀਤਾ ਅਤੇ ਸਾਰੇ ਲਾਗੂ ਕਾਨੂੰਨਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ। ਇਹ ਯਕੀਨੀ ਬਣਾਉਣ ਲਈ ਕੀਤਾ ਗਿਆ ਸੀ ਕਿ ਮੈਡੀਕੇਡ ਲਾਭ ਸਿਰਫ਼ ਉਨ੍ਹਾਂ ਵਿਅਕਤੀਆਂ ਲਈ ਰਾਖਵੇਂ ਰੱਖੇ ਜਾਣ ਜੋ ਕਾਨੂੰਨੀ ਤੌਰ 'ਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਸਨ।

# ਜਾਪਾਨ ਏਅਰਲਾਈਨਜ਼ 'ਚ ਆਈ ਅਚਾਨਕ ਤਕਨੀਕੀ ਖ਼ਰਾਬੀ

## ਯਾਤਰੀਆਂ ਨੇ ਆਸਮਾਨ 'ਚ ਲਿਖ ਦਿੱਤੀ ਵਸੀਅਤ



ਚੀਨ ਦੇ ਸ਼ੰਘਾਈ ਤੋਂ ਜਾਪਾਨ ਦੀ ਰਾਜਧਾਨੀ ਟੋਕੀਓ ਜਾ ਰਹੀ ਇੱਕ ਉਡਾਣ ਵਿੱਚ 191 ਯਾਤਰੀਆਂ ਦੀ ਜਾਨ ਖ਼ਤਰੇ ਵਿੱਚ ਪੈ ਗਈ ਜਦੋਂ ਜਹਾਜ਼ ਅਚਾਨਕ 26,000 ਫੁੱਟ ਦੀ ਉਚਾਈ ਤੋਂ ਤੇਜ਼ੀ ਨਾਲ ਡਿੱਗਣ ਲੱਗ ਪਿਆ। ਇਹ ਘਟਨਾ 30 ਜੂਨ ਨੂੰ ਜਾਪਾਨ ਏਅਰਲਾਈਨਜ਼ ਅਤੇ ਇਸਦੇ ਘੱਟ ਕੀਮਤ ਵਾਲੇ ਭਾਈਵਾਲ ਸਪਰਿੰਗ ਜਾਪਾਨ ਦੀ ਇੱਕ ਉਡਾਣ ਵਿੱਚ ਵਾਪਰੀ।

### ਉਡਾਣ ਵਿੱਚ ਕੀ ਹੋਇਆ?

ਸ਼ੰਘਾਈ ਪੁਡੋਂਗ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਬਾਅਦ, ਜਦੋਂ ਉਡਾਣ ਲਗਭਗ 36,000 ਫੁੱਟ ਦੀ ਉਚਾਈ 'ਤੇ ਸੀ, ਤਾਂ ਅਚਾਨਕ ਇੱਕ ਤਕਨੀਕੀ ਖਰਾਬੀ ਆ ਗਈ। 10 ਮਿੰਟਾਂ ਦੇ ਅੰਦਰ ਜਹਾਜ਼ ਲਗਭਗ 10,500 ਫੁੱਟ ਦੀ ਉਚਾਈ 'ਤੇ ਹੇਠਾਂ ਆ ਗਿਆ। ਇਸ ਦੌਰਾਨ, ਆਕਸੀਜਨ ਮਾਸਕ ਆਪਣੇ ਆਪ ਬਾਹਰ ਆ ਗਏ ਅਤੇ ਜਹਾਜ਼ ਵਿੱਚ ਮੌਜੂਦ ਲੋਕਾਂ ਵਿੱਚ ਘਬਰਾਹਟ ਫੈਲ ਗਈ।

### ਯਾਤਰੀਆਂ ਦਾ ਡਰ

ਇੱਕ ਯਾਤਰੀ ਨੇ ਕਿਹਾ, "ਮੈਂ ਇੱਕ ਹੌਲੀ ਧਮਾਕੇ ਦੀ ਆਵਾਜ਼ ਸੁਣੀ ਅਤੇ ਕੁਝ ਸਕਿੰਟਾਂ ਵਿੱਚ ਹੀ ਆਕਸੀਜਨ ਮਾਸਕ ਹੇਠਾਂ ਡਿੱਗ ਗਏ। ਏਅਰ ਹੋਸਟੇਸ ਰੋ ਰਹੀ ਸੀ ਅਤੇ ਚੀਕ ਰਹੀ ਸੀ ਕਿ ਤੁਰੰਤ ਮਾਸਕ ਪਹਿਨੋ, ਜਹਾਜ਼ ਵਿੱਚ ਕੋਈ ਨੁਕਸ ਹੈ।" ਕੁਝ ਲੋਕ ਉਸ ਸਮੇਂ ਸੌਂ ਰਹੇ ਸਨ ਅਤੇ ਡਰ ਨਾਲ ਜਾਗ ਗਏ। ਬਹੁਤ ਸਾਰੇ ਯਾਤਰੀ ਇੰਨੇ ਡਰ ਗਏ ਕਿ ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਆਪਣੀ ਇੱਛਾ-ਪੱਤਰ ਵਰਗੇ ਸੁਨੇਹੇ, ਬੈਂਕ ਪਿੰਨ ਨੰਬਰ ਅਤੇ ਬੀਮਾ ਵੇਰਵੇ ਭੇਜਣੇ ਸ਼ੁਰੂ ਕਰ ਦਿੱਤੇ। ਇੱਕ ਯਾਤਰੀ ਨੇ ਕਿਹਾ, "ਮੈਂ ਰੋਂਦੇ ਹੋਏ ਆਪਣੇ ਬੀਮਾ ਅਤੇ ਕਾਰਡ ਵੇਰਵੇ ਭੇਜੇ, ਅਜਿਹਾ ਲੱਗ ਰਿਹਾ ਸੀ ਕਿ ਹੁਣ ਬਚਣਾ ਮੁਸ਼ਕਲ ਹੋ ਗਿਆ ਹੈ।"

### ਉਡਾਣ ਨੂੰ ਮੋੜ ਦਿੱਤਾ ਗਿਆ

ਪਾਇਲਟ ਨੇ ਤੁਰੰਤ ਐਮਰਜੈਂਸੀ ਘੋਸ਼ਿਤ ਕੀਤੀ ਅਤੇ ਉਡਾਣ ਨੂੰ ਓਸਾਕਾ ਦੇ ਕੰਸਾਈ ਅੰਤਰਰਾਸ਼ਟਰੀ ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ। ਉਡਾਣ ਰਾਤ 8:50 ਵਜੇ ਸੁਰੱਖਿਅਤ ਉਤਰੀ। ਸ਼ੁਕਰ ਹੈ ਕਿ ਕੋਈ ਵੀ ਜ਼ਖਮੀ ਨਹੀਂ ਹੋਇਆ।

### ਮੁਆਵਜ਼ਾ ਅਤੇ ਜਾਂਚ

ਏਅਰਲਾਈਨਜ਼ ਨੇ ਸਾਰੇ ਪ੍ਰਭਾਵਿਤ ਯਾਤਰੀਆਂ ਨੂੰ 15,000 ਯੇਨ (ਲਗਭਗ ₹ 6,900) ਆਵਾਜਾਈ ਮੁਆਵਜ਼ਾ ਅਤੇ ਇੱਕ ਰਾਤ ਦੀ ਰਿਹਾਇਸ਼ ਦਿੱਤੀ ਹੈ। ਨਾਲ ਹੀ, ਜਹਾਜ਼ ਦੇ ਦਬਾਅ ਪ੍ਰਣਾਲੀ ਵਿੱਚ ਨੁਕਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

### ਬੋਇੰਗ 'ਤੇ ਫਿਰ ਸਵਾਲ

ਇਹ ਧਿਆਨ ਦੇਣ ਯੋਗ ਹੈ ਕਿ ਹਾਲ ਹੀ ਵਿੱਚ ਬੋਇੰਗ ਜਹਾਜ਼ ਇੱਕ ਹੋਰ ਹਾਦਸੇ ਲਈ ਖ਼ਬਰਾਂ ਵਿੱਚ ਸੀ। ਅਹਿਮਦਾਬਾਦ-ਲੰਡਨ ਉਡਾਣ ਹਾਦਸੇ ਵਿੱਚ 270 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਹੁਣ ਇਸ ਘਟਨਾ ਨੇ ਬੋਇੰਗ ਦੇ ਸੁਰੱਖਿਆ ਮਿਆਰਾਂ 'ਤੇ ਫਿਰ ਸਵਾਲ ਖੜ੍ਹੇ ਕੀਤੇ ਹਨ।

# ਅਮਰੀਕਾ ਵਿਚ ਦੇਸ਼ ਨਿਕਾਲੇ ਦੌਰਾਨ ਇਕ ਨੌਜਵਾਨ ਆਪਣੇ ਆਪ ਨੂੰ ਦੰਦੀਆਂ ਨਾਲ ਖਾਣ ਲੱਗਿਆ



ਅਮਰੀਕਾ ਵਿਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁਧ ਸਖ਼ਤ ਕਾਰਵਾਈ ਦੇ ਵਿਚਕਾਰ ਇਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਯੂਐਸ ਹੋਮਲੈਂਡ ਸਿਕਿਉਰਿਟੀ ਸੈਕਟਰੀ ਕ੍ਰਿਸਟੀ ਨੋਏਮ ਨੇ ਦਾਅਵਾ ਕੀਤਾ ਹੈ ਕਿ ਇਕ ਗ਼ੈਰ-ਕਾਨੂੰਨੀ ਪ੍ਰਵਾਸੀ ਨੇ ਦੇਸ਼ ਨਿਕਾਲੇ ਦੌਰਾਨ ਖ਼ੁਦ ਨੂੰ ਖਾਣਾ ਸ਼ੁਰੂ ਕਰ ਦਿਤਾ। ਇਹ ਘਟਨਾ ਉਦੋਂ ਵਾਪਰੀ ਜਦੋਂ ਉਸ ਨੂੰ ਸੰਘੀ ਏਜੰਟਾਂ ਦੁਆਰਾ ਜਹਾਜ਼ ਰਾਹੀਂ ਦੇਸ਼ ਤੋਂ ਬਾਹਰ ਭੇਜਿਆ ਜਾ ਰਿਹਾ ਸੀ। ਗੰਭੀਰ ਜ਼ਖ਼ਮੀ ਹੋਣ ਤੋਂ ਬਾਅਦ, ਉਸ ਨੂੰ ਤੁਰਤ ਫ਼ਲਾਈਟ ਤੋਂ ਉਤਾਰ ਦਿਤਾ ਗਿਆ ਅਤੇ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

'ਆਟੋ-ਕੈਨੀਬਲਿਜ਼ਮ' ਯਾਨੀ ਕਿ ਸਵੈ-ਖਾਣ ਦੀ ਇਹ ਘਟਨਾ ਫਲੋਰੀਡਾ ਦੇ ਐਲੀਗੇਟਰ ਅਲਕਾਟਰਾਜ਼ ਡਿਟੈਂਸ਼ਨ ਸੈਂਟਰ ਨਾਲ ਸਬੰਧਤ ਹੈ, ਜਿੱਥੇ ਨੋਏਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਦੇ ਨਾਲ ਨਿਰੀਖਣ ਲਈ ਪਹੁੰਚੀ ਸੀ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਨੋਏਮ ਨੇ ਕਿਹਾ ਕਿ ਮੈਂ ਆਈਸੀਈ (ਇਮੀਗ੍ਰੇਸ਼ਨ ਅਤੇ ਕਸਟਮ ਇਨਫ਼ੋਰਸਮੈਂਟ) ਨਾਲ ਕੰਮ ਕਰਨ ਵਾਲੇ ਕੁੱਝ ਮਾਰਸ਼ਲਾਂ ਨਾਲ ਗੱਲ ਕਰ ਰਹੀ ਸੀ ਫਿਰ ਮਾਰਸ਼ਲਾਂ ਨੇ ਮੈਨੂੰ ਦਸਿਆ ਕਿ ਉਨ੍ਹਾਂ ਨੇ ਇਕ 'ਕੈਨੀਬਲ' (ਸਵੈ-ਖਾਣ ਵਾਲਾ) ਨੂੰ ਹਿਰਾਸਤ ਵਿਚ ਲਿਆ ਹੈ ਅਤੇ ਉਸ ਨੂੰ ਦੇਸ਼ ਨਿਕਾਲੇ ਲਈ ਇਕ ਫਲਾਈਟ ਵਿਚ ਬਿਠਾਇਆ ਗਿਆ ਸੀ ਪਰ ਉਸ ਨੇ ਖ਼ੁਦ ਖਾਣਾ ਸ਼ੁਰੂ ਕਰ ਦਿਤਾ। ਉਸ ਨੂੰ ਇਸ ਤੋਂ ਬਾਅਦ ਤੁਰਤ ਡਾਕਟਰੀ ਇਲਾਜ ਲਈ ਭੇਜਿਆ ਗਿਆ। ਨੋਏਮ ਨੇ ਉਸ ਵਿਅਕਤੀ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਅਤੇ ਸਮਾਜ ਲਈ ਖ਼ਤਰਾ ਦਸਿਆ। ਕ੍ਰਿਸਟੀ ਨੋਏਮ ਨੇ ਕਿਹਾ ਕਿ ਇਹ ਉਹ ਲੋਕ ਹਨ ਜਿਨ੍ਹਾਂ ਨੂੰ ਅਸੀਂ ਅਮਰੀਕਾ ਦੀਆਂ ਗਲੀਆਂ ਤੋਂ ਹਟਾਉਣਾ ਚਾਹੁੰਦੇ ਹਾਂ, ਉਨ੍ਹਾਂ ਨੂੰ ਸਾਡੇ ਬੱਚਿਆਂ ਵਿਚ ਨਹੀਂ ਰਹਿਣਾ ਚਾਹੀਦਾ।

ਨਿਊਜ਼ ਏਜੰਸੀ ਰਾਇਟਰਜ਼ ਦੇ ਅਨੁਸਾਰ, ਫਲੋਰੀਡਾ ਵਿਚ ਬਣਾਇਆ ਗਿਆ ਨਵਾਂ ਨਜ਼ਰਬੰਦੀ ਕੇਂਦਰ ਮਿਆਮੀ ਤੋਂ 65 ਕਿਲੋਮੀਟਰ ਦੂਰ ਇਕ ਦਲਦਲੀ ਖੇਤਰ ਵਿਚ ਸਥਿਤ ਹੈ, ਜੋ ਕਿ ਮਗਰਮੱਛਾਂ ਅਤੇ ਅਜਗਰਾਂ ਨਾਲ ਘਿਰਿਆ ਹੋਇਆ ਹੈ। ਸਿਰਫ਼ 8 ਦਿਨਾਂ ਵਿਚ ਬਣਾਇਆ ਗਿਆ, ਇਹ ਕੇਂਦਰ ਟਰੰਪ ਪ੍ਰਸ਼ਾਸਨ ਨਾਲ ਇਕ ਸਮਝੌਤੇ ਤਹਿਤ ਬਣਾਇਆ ਗਿਆ ਹੈ, ਤਾਂ ਜੋ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੀ ਮੁਹਿੰਮ ਚਲਾਈ ਜਾ ਸਕੇ। ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਕਿਹਾ ਕਿ ਪਹਿਲੇ ਕੈਦੀਆਂ ਨੂੰ ਜਲਦੀ ਹੀ ਇੱਥੇ ਲਿਆਂਦਾ ਜਾਵੇਗਾ। ਇਹ ਕੇਂਦਰ ਪਹਿਲੇ 30-60 ਦਿਨਾਂ ਵਿਚ 1000 ਲੋਕਾਂ ਨੂੰ ਰੱਖਣ ਦੇ ਯੋਗ ਹੋਵੇਗਾ ਅਤੇ ਭਵਿੱਖ ਵਿਚ 5000 ਤੱਕ।

ਕ੍ਰਿਸਟੀ ਨੋਏਮ ਨੇ ਚੇਤਾਵਨੀ ਦਿਤੀ ਕਿ ਜੇ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਸਵੈ-ਇੱਛਾ ਨਾਲ ਦੇਸ਼ ਨਿਕਾਲਾ ਦਿਤਾ ਜਾਂਦਾ ਹੈ, ਤਾਂ ਉਹ ਭਵਿੱਖ ਵਿਚ ਕਾਨੂੰਨੀ ਤੌਰ 'ਤੇ ਵਾਪਸ ਆ ਸਕਦੇ ਹਨ ਪਰ ਜੇ ਉਹ ਨਹੀਂ ਜਾਂਦੇ, ਤਾਂ ਉਨ੍ਹਾਂ ਨੂੰ ਇਸ ਨਜ਼ਰਬੰਦੀ ਕੇਂਦਰ ਵਿਚ ਭੇਜਿਆ ਜਾਵੇਗਾ ਅਤੇ ਕਦੇ ਵੀ ਵਾਪਸ ਆਉਣ ਦਾ ਮੌਕਾ ਨਹੀਂ ਮਿਲੇਗਾ।

ਤੁਹਾਨੂੰ ਦਸ ਦੇਈਏ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁਧ ਸਖ਼ਤ ਰੁਖ਼ ਅਪਣਾਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਜਦੋਂ ਟਰੰਪ ਨੇ ਅਹੁਦਾ ਸੰਭਾਲਿਆ ਸੀ, ਤਾਂ 39000 ਲੋਕ ਇਮੀਗ੍ਰੇਸ਼ਨ ਹਿਰਾਸਤ ਵਿਚ ਸਨ, ਜੋ ਕਿ 15 ਜੂਨ, 2025 ਤਕ ਵਧ ਕੇ 56,000 ਹੋ ਗਏ ਹਨ।

# ਵੇਖੋ ਜੀ! ਅਸੀਂ ਤਾਂ 'ਕੈਨੇਡਾ ਡੇਅ' ਪੰਜਾਬੀ ਫ਼ਿਲਮ 'ਸਰਦਾਰ ਜੀ 3' ਵੇਖ ਕੇ ਮਨਾਇਆ




ਲੰਘੇ ਸ਼ੁੱਕਰਵਾਰ 26 ਜੂਨ ਨੂੰ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਰਦਾਰ ਜੀ 3' ਭਾਰਤ ਤੋਂ ਬਿਨਾਂ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ ਤੇ ਹੋਰ ਕਈ ਦੇਸ਼ਾਂ ਜਿੱਥੇ-ਜਿੱਥੇ ਵੀ ਪੰਜਾਬੀ ਵੱਸਦੇ ਹਨ, ਵਿੱਚ ਰੀਲੀਜ਼ ਕੀਤੀ ਗਈ। ਇੱਕ ਖ਼ਬਰ ਅਨੁਸਾਰ ਪਾਕਿਸਤਾਨ ਵਿੱਚ ਇਹ 44 ਸਿਨੇਮਾ-ਘਰਾਂ ਵਿੱਚ ਵਿਖਾਈ ਜਾ ਰਹੀ ਹੈ। ਭਾਰਤ ਵਿੱਚ ਇਸ ਦਾ ਰੇੜਕਾ ਪਿਆ ਹੋਇਆ ਏ ਤੇ ਇਸ ਉੱਪਰ ਫ਼ਿਲਹਾਲ 'ਬੈਨ' ਲੱਗਾ ਹੋਇਆ ਹੈ, ... ਅਖੇ, ਇਸ ਵਿੱਚ ਪਾਕਿਸਤਾਨੀ ਹੀਰੋਇਨ ਹਾਨੀਆ ਆਮਿਰ ਨੂੰ ਕਿਉਂ ਲਿਆ ਗਿਆ ਹੈ ਤੇ ਇਸ ਦਾ ਕੋ-ਪ੍ਰੋਡਿਊਸਰ ਵੀ ਇੱਕ ਪਾਕਿਸਤਾਨੀ ਕਿਉਂ ਹੈ? ਕਈ ਇਸ ਨੂੰ ਪਹਿਲਗਾਮ ਵਿੱਚ ਹੋਈ ਮਾੜੀ ਘਟਨਾ ਨਾਲ ਵੀ ਜੋੜ ਰਹੇ ਹਨ ਜਿਸ ਦੇ 'ਜੁਆਬ'; ਵਿੱਚ ਭਾਰਤ ਦੀ ਹਵਾਈ ਫ਼ੌਜ ਵੱਲੋਂ ਪਾਕਿਸਤਾਨ ਦੇ ਕਈ 'ਖ਼ਾਸ ਟਿਕਾਣਿਆਂ' 'ਤੇ ਹਵਾਈ ਹਮਲੇ ਕੀਤੇ ਗਏ।

ਪਹਿਲੀ ਗੱਲ, ਇਹ ਫ਼ਿਲਮ ਪਹਿਲਗਾਮ ਦੀ ਘਟਨਾ ਤੋਂ ਬਹੁਤ ਪਹਿਲਾਂ ਦੀ ਬਣੀ ਹੋਈ ਹੈ ਅਤੇ ਇਸ ਦਾ ਉਸ ਘਟਨਾ ਨਾਲ ਦੂਰ ਦਾ ਵੀ ਸਬੰਧ ਨਹੀਂ ਹੈ। ਦੂਸਰੀ, ਇਸ ਤੋਂ ਪਹਿਲਾਂ ਕਈ ਫ਼ਿਲਮਾਂ ਭਾਰਤ ਤੇ ਪਾਕਿਸਤਾਨ ਦੇ ਕਲਾਕਾਰਾਂ ਨੂੰ ਲੈ ਕੇ ਬਣ ਚੁੱਕੀਆਂ ਅਤੇ ਉਨ੍ਹਾਂ ਉੱਪਰ ਤਾਂ ਕੋਈ ਇਤਰਾਜ਼ ਨਹੀਂ ਕੀਤਾ ਗਿਆ। ਫਿਰ ਇਸ ਫ਼ਿਲਮ ਉੱਪਰ ਇਹ ਕਿਉਂ? ਤੀਸਰਾ, ਕੋਈ ਵੀ ਵਿਅੱਕਤੀ ਕਿਸੇ ਵੀ 'ਅਦਾਰੇ' (ਵਿਓਪਾਰ) ਵਿੱਚ ਆਪਣੇ ਪੈਸੇ ਲਗਾ ਸਕਦਾ ਹੈ। ਫਿਰ ਇਸ ਫ਼ਿਲਮ ਦੇ ਕੋ-ਪ੍ਰੋਡਿਊਸਰ ਉੱਪਰ ਇਤਰਾਜ਼ ਕਿਉਂ? ਕਲਾਕਾਰ, ਗੁਲੂਕਾਰ, ਗੀਤਕਾਰ ਤੇ ਸਾਹਿਤਕਾਰ ਤਾਂ ਸੱਭ ਦੇ ਸਾਂਝੇ ਹੁੰਦੇ ਹਨ। ਉਨ੍ਹਾਂ ਨੂੰ ਦੇਸ਼ਾਂ, ਕੌਮਾਂ ਜਾਂ ਧਰਮਾਂ ਦੀਆਂ ਵਲਗਣਾਂ ਵਿੱਚ ਕੈਦ ਕਰਨਾ ਬਿਲਕੁਲ ਗ਼ਲਤ ਗੱਲ ਹੈ। ਇਸ ਫ਼ਿਲਮ ਵਿੱਚ ਪਾਕਿਸਤਾਨੀ ਹੀਰੋਇਨ ਹਾਨੀਆ ਆਮਿਰ ਨੇ ਬਾ-ਕਮਾਲ ਕੰਮ ਕੀਤਾ ਹੈ, ਉਹ ਏਨੀ ਵਧੀਆ ਠੇਠ ਪੰਜਾਬੀ ਬੋਲਦੀ ਹੈ ਕਿ ਸਾਡੀਆਂ ਹੀਰੋਇਨਾਂ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਉਸ ਦੀ ਅਦਾਕਾਰੀ ਏਨੀ ਸਹਿਜ ਤੇ ਸੁਹਜ ਭਰਪੂਰ ਹੈ ਕਿ ਸਾਰੀ ਫ਼ਿਲਮ 'ਚ ਉਹ ਕਿਧਰੇ ਵੀ ਓਪਰੀ ਨਹੀਂ ਲੱਗਦੀ। ਦੋ ਕੁ ਪਾਕਿਸਤਾਨੀ ਮਜ਼ਾਹੀਆ ਕਲਾਕਾਰਾਂ ਨੇ ਵੀ ਆਪਣੇ ਰੋਲ ਬਾਖ਼ੂਬੀ ਨਿਭਾਏ ਹਨ ਤੇ ਡੌਨ 'ਕਾਲ਼ਾ ਲਾਹੌਰੀਆ' ਦੇ ਰੂਪ ਵਿੱਚ ਗੁਲਸ਼ਨ ਗਰੋਵਰ ਵੀ ਵਾਹਵਾ ਜੱਚਿਆ ਹੈ। ਮੈਂ ਉਂਜ ਫ਼ਿਲਮਾਂ ਬਹੁਤ ਹੀ ਘੱਟ ਵੇਖਦਾ ਹਾਂ। ਇੱਥੇ ਕੈਨੇਡਾ ਵਿੱਚ ਪਿਛਲੇ 18-20 ਸਾਲਾਂ ਤੋਂ ਵਿਚਰਦਿਆਂ ਮਸਾਂ 4-5 ਫ਼ਿਲਮਾਂ ਹੀ ਸਿਨੇਮਾ-ਘਰਾਂ ਵਿੱਚ ਵੇਖੀਆਂ ਹੋਣਗੀਆਂ। ਅਲਬੱਤਾ! ਘਰੇ ਬੈਠ ਕੇ ਨੈੱਟਫਲੈੱਕਸ ਜਾਂ ਯੂ-ਟਿਊਬ 'ਤੇ ਜ਼ਰੂਰ ਕਦੇ-ਕਦੇ ਵੇਖ ਲਈਦੀਆਂ ਹਨ। ਇਹ ਫ਼ਿਲਮ ਅੱਜ ਪਰਿਵਾਰ ਸਮੇਤ ਸਿਨੇਮਾਘਰ ਵਿੱਚ ਇਸ ਕਰਕੇ ਹੀ ਵੇਖੀ ਕਿ ਵੇਖੀਏ ਤਾਂ ਸਹੀ ਕਿ ਇਸ ਵਿੱਚ 'ਬੈਨ' ਕਰਨ ਵਾਲੀ ਕਿਹੜੀ ਗੱਲ ਹੈ ਜਿਸ ਕਰਕੇ ਭਾਰਤ ਵਿੱਚ ਇਸ ਨੂੰ ਵੇਖਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਭਈ, ਮੈਨੂੰ ਤਾਂ ਇਸ ਵਿੱਚ ਅਜਿਹੀ ਕੋਈ ਗੱਲ ਨਹੀਂ ਲੱਗੀ। ਪੂਰੀ ਦੀ ਪੂਰੀ ਫ਼ਿਲਮ ਮਨੋਰੰਜਨ ਨਾਲ ਭਰਪੂਰ ਹੈ ਅਤੇ ਇਹ ਪਰਿਵਾਰ ਸਮੇਤ ਵੇਖੀ ਜਾ ਸਕਦੀ ਹੈ। ਭਾਰਤ ਵਿੱਚ ਇਸ ਨੂੰ ਬੈਨ ਕਰਨ ਦੇ ਕੋਈ ਹੋਰ ਗੁੱਝੇ ਕਾਰਨ ਵੀ ਹੋ ਸਕਦੇ ਹਨ ਜਿਨ੍ਹਾਂ ਬਾਰੇ ਘੱਟੋ ਘੱਟ ਮੈਨੂੰ ਤਾਂ ਕੋਈ ਜਾਣਕਾਰੀ ਨਹੀਂ ਹੈ। ਜੇਕਰ ਕਿਸੇ ਨੂੰ ਹੈ ਤਾਂ ਉਹ ਜ਼ਰੂਰ ਇੱਥੇ ਸਾਂਝੀ ਕਰਨ ਦੀ ਖੇਚਲ ਕਰੇ, ਜੀ। ਵੈਸੇ, ਇਹ ਸੁਣਨ 'ਚ ਆਇਆ ਹੈ ਕਿ ਬੌਲੀਵੁੱਡ ਫ਼ਿਲਮ ਨਗਰੀ ਦੇ ਕੁਝ ਕੁ ਸ਼ਖ਼ਸ ਦਿਲਜੀਤ ਦੋਸਾਂਝ ਦੀ ਕਲਾਕਾਰੀ ਤੇ ਇਸ ਖ਼ੇਤਰ ਵਿੱਚ ਉਸ ਦੀ ਚੜ੍ਹਤ ਤੋਂ ਖ਼ਾਰ ਖਾ ਰਹੇ ਨੇ।

ਪਤਾ ਨਹੀਂ ਹੁਣ ਇਹ ਕਿਥੋਂ ਤੀਕ ਸਹੀ ਏ.....



ਡਾ. ਸੁਖਦੇਵ ਸਿੰਘ ਝੰਡ, ਫ਼ੋਨ : 647-567-9128

# ਭਾਰਤ-ਅਮਰੀਕਾ ਵਪਾਰ ਸਮਝੌਤੇ ਤੋਂ ਪਹਿਲਾਂ ਵੱਡਾ ਬਿਆਨ

## ਵ੍ਹਾਈਟ ਹਾਊਸ ਨੇ ਕਿਹਾ- 'ਮੋਦੀ-ਟਰੰਪ ਵਿਚਕਾਰ ਬਹੁਤ ਵਧੀਆ ਸਬੰਧ ਹਨ



ਵਾਸ਼ਿੰਗਟਨ: ਭਾਰਤ ਅਤੇ ਅਮਰੀਕਾ ਵਿਚਕਾਰ ਬਹੁਤ ਉਡੀਕੇ ਜਾ ਰਹੇ ਵਪਾਰ ਸਮਝੌਤੇ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਵ੍ਹਾਈਟ ਹਾਊਸ ਨੇ ਸੰਕੇਤ ਦਿੱਤਾ ਹੈ ਕਿ ਇਸ ਸੌਦੇ 'ਤੇ ਜਲਦੀ ਹੀ ਵੱਡਾ ਐਲਾਨ ਕੀਤਾ ਜਾ ਸਕਦਾ ਹੈ। ਵ੍ਹਾਈਟ ਹਾਊਸ ਦੀ ਬੁਲਾਰਨ ਕੈਰੋਲੀਨ ਲੇਵਿਟ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਵਪਾਰਕ ਟੀਮ ਇਸ ਸਮਝੌਤੇ ਨੂੰ ਅੰਤਿਮ ਰੂਪ ਦੇਣ ਵਿੱਚ ਰੁੱਝੀ ਹੋਈ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਵਿਚਕਾਰ ਬਹੁਤ ਵਧੀਆ ਸਬੰਧ ਹਨ ਅਤੇ ਇਹ ਜਾਰੀ ਰਹੇਗਾ। ਇਹ ਸੌਦਾ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗਾ ਅਤੇ 2030 ਤੱਕ ਦੁਵੱਲੇ ਵਪਾਰ ਨੂੰ 500 ਬਿਲੀਅਨ ਡਾਲਰ ਤੱਕ ਵਧਾਉਣ ਦਾ ਟੀਚਾ ਹੈ। ਵ੍ਹਾਈਟ ਹਾਊਸ ਦੀ ਬੁਲਾਰਨ ਕੈਰੋਲੀਨ ਲਵਿਟ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, 'ਰਾਸ਼ਟਰਪਤੀ ਟਰੰਪ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਭਾਰਤ ਨਾਲ ਇੱਕ ਵੱਡਾ ਵਪਾਰਕ ਸੌਦਾ ਹੋਣ ਜਾ ਰਿਹਾ ਹੈ, ਅਤੇ ਇਹ ਸੱਚ ਹੈ। 'ਜਲਦੀ ਹੀ ਰਾਸ਼ਟਰਪਤੀ ਅਤੇ ਉਨ੍ਹਾਂ ਦੀ ਵਪਾਰਕ ਟੀਮ ਵੱਲੋਂ ਭਾਰਤ ਨਾਲ ਇਸ ਸਮਝੌਤੇ ਬਾਰੇ ਅਪਡੇਟ ਦਿੱਤਾ ਜਾਵੇਗਾ।

ਦੱਸ ਦੇਈਏ ਕਿ ਇਹ ਵਪਾਰ ਸੌਦਾ ਇੱਕ ਅੰਤਰਿਮ ਸਮਝੌਤੇ ਦਾ ਹਿੱਸਾ ਹੈ, ਜਿਸਨੂੰ 9 ਜੁਲਾਈ, 2025 ਤੱਕ ਪੂਰਾ ਕਰਨ ਦੀ ਲੋੜ ਹੈ। ਅਜਿਹਾ ਇਸ ਲਈ ਹੈ ਕਿਉਂਕਿ ਇਸ ਤਾਰੀਖ ਤੋਂ ਬਾਅਦ, ਅਮਰੀਕਾ ਦੁਆਰਾ ਐਲਾਨਿਆ ਗਿਆ 26% ਦਾ ਨਵਾਂ ਟੈਰਿਫ ਲਾਗੂ ਹੋ ਜਾਵੇਗਾ, ਜਿਸ ਨਾਲ ਭਾਰਤੀ ਨਿਰਯਾਤ ਪ੍ਰਭਾਵਿਤ ਹੋ ਸਕਦਾ ਹੈ। ਇਹ ਅੰਤਰਿਮ ਸੌਦਾ ਸਾਲ ਦੇ ਅੰਤ ਤੱਕ ਇੱਕ ਵਿਆਪਕ ਸਮਝੌਤੇ ਲਈ ਰਾਹ ਪੱਧਰਾ ਕਰੇਗਾ।

ਇਸਦਾ ਢਾਂਚਾ ਇਸ ਪ੍ਰਕਾਰ ਹੈ:
ਅੰਤਰਿਮ ਸੌਦੇ ਲਈ ਆਖਰੀ ਮਿਤੀ: 9 ਜੁਲਾਈ, 2025
ਪੂਰੇ ਸੌਦੇ ਲਈ ਟੀਚਾ: ਦਸੰਬਰ 2025
ਵਪਾਰ ਟੀਚਾ: 2030 ਤੱਕ 500 ਬਿਲੀਅਨ ਡਾਲਰ ਦਾ ਦੁਵੱਲਾ ਵਪਾਰ

ਇਸ ਵਪਾਰ ਸਮਝੌਤੇ ਵਿੱਚ ਕਈ ਮਹੱਤਵਪੂਰਨ ਮੁੱਦਿਆਂ 'ਤੇ ਗੱਲਬਾਤ ਚੱਲ ਰਹੀ ਹੈ, ਪਰ ਕੁਝ ਬਿੰਦੂਆਂ 'ਤੇ ਸਹਿਮਤੀ ਤੱਕ ਪਹੁੰਚਣਾ ਚੁਣੌਤੀਪੂਰਨ ਰਿਹਾ ਹੈ। ਅਮਰੀਕਾ ਅਤੇ ਭਾਰਤ ਦੀਆਂ ਮੰਗਾਂ ਇਸ ਪ੍ਰਕਾਰ ਹਨ:

ਅਮਰੀਕਾ ਦੀ ਮੰਗ ਭਾਰਤ ਵਿੱਚ ਖੇਤੀਬਾੜੀ ਅਤੇ ਡੇਅਰੀ ਬਾਜ਼ਾਰਾਂ ਤੱਕ ਪਹੁੰਚ।
ਇਲੈਕਟ੍ਰਿਕ ਵਾਹਨਾਂ ਅਤੇ ਆਟੋਮੋਬਾਈਲ ਬਾਜ਼ਾਰਾਂ ਵਿੱਚ ਪ੍ਰਵੇਸ਼।
ਸੋਇਆਬੀਨ ਅਤੇ ਮੱਕੀ ਵਰਗੀਆਂ ਜੈਨੇਟਿਕ ਤੌਰ 'ਤੇ ਸੋਧੀਆਂ (GM) ਫਸਲਾਂ ਲਈ ਬਾਜ਼ਾਰ ਖੋਲ੍ਹਣਾ। ਬਦਾਮ, ਸੇਬ, ਅਖਰੋਟ ਅਤੇ ਵਾਈਨ ਵਰਗੇ ਉਤਪਾਦਾਂ 'ਤੇ ਟੈਰਿਫ ਵਿੱਚ ਕਟੌਤੀ।

ਭਾਰਤ ਦਾ ਰੁਖ

ਭਾਰਤੀ ਕਿਸਾਨਾਂ ਦੀ ਸੁਰੱਖਿਆ ਅਤੇ ਘੱਟੋ-ਘੱਟ ਸਮਰਥਨ ਮੁੱਲ (MSP) ਪ੍ਰਣਾਲੀ। ਅਮਰੀਕਾ ਦੁਆਰਾ ਸਟੀਲ, ਐਲੂਮੀਨੀਅਮ ਅਤੇ ਆਟੋ ਪਾਰਟਸ 'ਤੇ ਲਗਾਏ ਗਏ ਟੈਰਿਫ ਵਿੱਚ ਕਮੀ। ਟੈਕਸਟਾਈਲ, ਰਤਨ ਅਤੇ ਗਹਿਣੇ, ਚਮੜਾ ਅਤੇ ਫਾਰਮਾਸਿਊਟੀਕਲ ਵਰਗੇ ਕਿਰਤ-ਸੰਬੰਧੀ ਖੇਤਰਾਂ ਲਈ ਬਿਹਤਰ ਬਾਜ਼ਾਰ ਪਹੁੰਚ।

ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਸਬੰਧ ਪਹਿਲਾਂ ਹੀ ਮਜ਼ਬੂਤ ਹਨ। ਦੋਵਾਂ ਦੇਸ਼ਾਂ ਵਿਚਕਾਰ ਵਪਾਰ 2024-25 ਵਿੱਚ 131.84 ਬਿਲੀਅਨ ਡਾਲਰ ਤੱਕ ਪਹੁੰਚ ਗਿਆ, ਜਿਸ ਵਿੱਚ ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ।

# ਬਿਕਰਮ ਮਜੀਠੀਆ ਨੂੰ ਮਜੀਠਾ ਲੈ ਕੇ ਪਹੁੰਚੀ ਪੁਲਿਸ

## ਗਨੀਵ ਕੌਰ ਨੂੰ ਰੋਕਿਆ ਗਿਆ ਦਫ਼ਤਰ ਦੇ ਬਾਹਰ



ਪੰਜਾਬ ਵਿੱਚ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ 6 ਲੋਕਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਅੱਜ ਵਿਜੀਲੈਂਸ ਟੀਮਾਂ ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਅਤੇ ਚੰਡੀਗੜ੍ਹ ਵਿੱਚ ਇੱਕੋ ਸਮੇਂ ਛਾਪੇਮਾਰੀ ਕਰ ਰਹੀਆਂ ਹਨ। ਪੁਲਿਸ ਟੀਮ ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਲੈ ਕੇ ਮਜੀਠਾ ਵੀ ਪਹੁੰਚ ਗਈ ਹੈ।

ਮਜੀਠਾ ਵਿੱਚ ਬਿਕਰਮ ਸਿੰਘ ਮਜੀਠੀਆ ਦੇ ਦਫ਼ਤਰ ਦੇ ਬਾਹਰ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਤਾਇਨਾਤ ਸਨ। ਮਜੀਠੀਆ ਦੀ ਪਤਨੀ ਅਤੇ ਵਿਧਾਇਕ ਗਨੀਵ ਕੌਰ ਵੀ ਦਫ਼ਤਰ ਦੇ ਬਾਹਰ ਪਹੁੰਚ ਗਈ ਹੈ। ਪਰ ਉਨ੍ਹਾਂ ਨੂੰ ਦਫ਼ਤਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਉੱਥੇ ਬੈਰੀਕੇਡ ਲਗਾਏ ਗਏ ਹਨ।

ਗਨੀਵ ਕੌਰ ਦੀ ਇਸ ਦੌਰਾਨ ਪੁਲਿਸ ਅਧਿਕਾਰੀਆਂ ਨਾਲ ਬਹਿਸ ਹੋ ਗਈ। ਪੁਲਿਸ ਅਧਿਕਾਰੀਆਂ ਨੇ ਗਨੀਵ ਕੌਰ ਨੂੰ ਕਿਹਾ ਕਿ ਤੁਸੀਂ ਆਪਣੇ ਨਾਲ ਬਹੁਤ ਸਾਰੇ ਲੋਕਾਂ ਨੂੰ ਲਿਆਏ ਹੋ। ਇਸ 'ਤੇ ਗਨੀਵ ਕੌਰ ਨੇ ਕਿਹਾ ਕਿ ਮੈਂ ਆਪਣੇ ਵਕੀਲ ਨਾਲ ਦਫ਼ਤਰ ਜਾਵਾਂਗੀ। ਬਾਕੀ ਸਾਰੇ ਇੱਥੇ ਹੀ ਰਹਿਣਗੇ। ਦੂਜਾ, ਸਾਡੀਆਂ ਸਾਰੀਆਂ ਜਾਇਦਾਦਾਂ ਦੀ ਜਾਂਚ ਕੀਤੀ ਗਈ ਹੈ। ਮੈਂ ਹਲਕੇ ਦੀ ਵਿਧਾਇਕ ਹਾਂ। ਮੇਰੇ ਕੋਲ ਕਿਸੇ ਵੀ ਤਰ੍ਹਾਂ ਦਾ ਕੋਈ ਹਥਿਆਰ ਨਹੀਂ ਹੈ। ਮੈਂ ਜ਼ਰੂਰ ਆਪਣੇ ਦਫ਼ਤਰ ਜਾਵਾਂਗੀ। ਹਾਲਾਂਕਿ, ਮਜੀਠੀਆ ਦੇ ਦਫ਼ਤਰ ਨੂੰ ਫਿਲਹਾਲ ਤਾਲਾ ਲਗਾ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਵੀ ਇਸ ਮਾਮਲੇ ਵਿੱਚ ਮਜੀਠੀਆ ਤੋਂ ਪੁੱਛਗਿੱਛ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਲਈ ਐਨਸੀਬੀ ਨੇ ਵਿਜੀਲੈਂਸ ਨਾਲ ਸੰਪਰਕ ਕੀਤਾ ਹੈ। ਕਿਉਂਕਿ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਮਾਮਲਾ ਐਨਡੀਪੀਐਸ ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਹੋਰ ਏਜੰਸੀਆਂ ਵੀ ਇਸ ਮਾਮਲੇ 'ਤੇ ਨਜ਼ਰ ਰੱਖ ਰਹੀਆਂ ਹਨ।

# ਵਿਟਮਰ ਪਾਰਕ ਸੀਨੀਅਰ ਰੈਕਰੇਸ਼ਨ ਸੈਂਟਰ ਦੀ ਜਨਰਲ ਬਾਡੀ ਦੀ ਮੀਟਿੰਗ ਹੋਈ



ਸਟਾਰ ਨਿਊਜ਼: ਵਿਟਮਰ ਪਾਰਕ ਸੀਨੀਅਰ ਰੈਕਰੇਸ਼ਨ ਸੈਂਟਰ, ਕੈਮਬ੍ਰਿਜ ਦੀ ਜਨਰਲ ਬਾਡੀ ਮੀਟਿੰਗ ਬੀਤੇ ਐਤਵਾਰ 29 ਜੂਨ ਨੂੰ ਵਿਟਮਰ ਪਾਰਕ ਵਿਖੇ ਹੋਈ। ਸਕੱਤਰ ਸੁਰਿੰਦਰ ਸਿੰਘ ਅਟਵਾਲ ਵਲੋਂ ਸਾਰੇ ਮੈਂਬਰਾਂ ਨੂੰ ਜੀ ਆਇਆਂ ਕਿਹਾ ਗਿਆ, ਮੀਟਿੰਗ ਦੀ ਪ੍ਰਧਾਨਗੀ ਮਹਾ ਸਿੰਘ ਗਰੇਵਾਲ ਵਲੋਂ ਕੀਤੀ ਗਈ। ਇਸ ਮੀਟਿੰਗ ਵਿੱਚ ਪੰਜਾਬੀ ਕਮਿਊਨਿਟੀ ਹੈਲਥ ਸਰਵਸਿਸ ਦੇ ਸਾਬਕਾ ਸੀਈਓ ਅਤੇ ਪੰਜਾਬੀ ਕਮਿਊਨਿਟੀ ਹੈਲਥ ਸਰਵਸਿਸ ਵਾਟਰਲੂ ਦੇ ਵਾਈਸ ਪ੍ਰੈਜ਼ੀਡੈਂਟ ਬਲਦੇਵ ਸਿੰਘ ਮੁੱਟਾ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਬਲਦੇਵ ਮੁੱਟਾ ਜੀ ਨੇ ਕਈ ਮੁੱਦਿਆਂ 'ਤੇ ਆਪਣੇ ਵਿਚਾਰ ਹਾਜ਼ਰ ਮੈਂਬਰਾਨ ਨਾਲ ਸਾਂਝੇ ਕੀਤੇ ਉਨ੍ਹਾਂ ਮਾਨਸਿਕ ਸਿਹਤ, ਡਿਪਰੈਸ਼ਨ, ਅਡਿਕਸ਼ਨ, ਘਰੇਲੂ ਹਿੰਸਾ ਦੇ ਸਬੰਧ ਵਿੱਚ ਹਾਜ਼ਰ ਮੈਂਬਰਾਂ ਨੂੰ ਜਾਣਕਾਰੀ ਵੀ ਦਿੱਤੀ। ਮੀਟਿੰਗ ਦੌਰਾਨ ਸੀਨੀਅਰ ਸੈਂਟਰ ਦੇ ਖ਼ਜਾਨਚੀ ਕੁਲਵੰਤ ਸਿੰਘ ਉਭੀ ਵਲੋਂ ਮੈਂਬਰਾਂ ਸਾਹਮਣੇ ਵਿੱਤੀ ਰਿਪੋਰਟ ਪੇਸ਼ ਕੀਤੀ ਗਈ, ਇਸ ਮੌਕੇ ਕੈਮਬ੍ਰਿਜ ਵਿੱਚ ਸੀਨੀਅਰਜ਼ ਨੂੰ ਦਰਪੇਸ਼ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਹਰਪ੍ਰੀਤ ਸਿੰਘ ਸਿੱਧੂ ਅਤੇ ਕਸ਼ਮੀਰ ਸਿੰਘ ਬੈਂਸ ਹੁਣਾ 'ਤੇ ਜਨਮਦਿਨ ਵੀ ਮਨਾਏ ਗਏ। ਰਾਜਪਾਲ ਸਿੰਘ ਖਹਿਰਾ ਵਲੋਂ ਆਪਣੀ ਮਿੱਠੀ ਅਵਾਜ਼ ਵਿੱਚ ਕਵਿਤਾ ਦੇ ਜ਼ਰੀਏ ਦੋਹੇ ਮੈਂਬਰਾਂ ਨੂੰ ਜਨਮਦਿਨ ਦੀ ਵਧਾਈ ਦਿੱਤੀ ਗਈ। ਮੀਟਿੰਗ ਦੇ ਅੰਤ ਵਿੱਚ ਸਕੱਤਰ ਸੁਰਿੰਦਰ ਸਿੰਘ ਅਟਵਾਲ ਵਲੋਂ ਸਾਰੇ ਮੈਂਬਰਾਂ ਦਾ ਇਸ ਮੀਟਿੰਗ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ ਗਿਆ।

# ਬੋਨੀਗਲਿਨ ਫ਼ਾਰਮਪਾਰਕ ਸੀਨੀਅਰਜ਼ ਕਲੱਬ ਨੇ ਬੜੇ ਉਤਸ਼ਾਹ ਨਾਲ ਮਨਾਇਆ 'ਕੈਨੇਡਾ ਡੇਅ'





ਕੈਲੇਡਨ, (ਡਾ.ਝੰਡ) -ਲੰਘੇ ਮੰਗਲਵਾਰ 1 ਜੁਲਾਈ ਨੂੰ ਜਿੱਥੇ ਕੈਨੇਡਾ-ਭਰ ਵਿੱਚ 'ਕੈਨੇਡਾ ਡੇਅ' ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਉੱਥੇ ਕੈਲੇਡਨ ਦੀ ਬੋਨੀਗਲਿਨ ਫ਼ਾਰਮਪਾਰਕ ਸੀਨੀਅਰਜ਼ ਕਲੱਬ ਕੈਲੇਡਨ ਵੱਲੋਂ ਵੀ ਇਹ ਦਿਨ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਥਾਨਕ ਬੋਨੀਗਲਿਨ ਪਾਰਕ ਵਿੱਚ ਹੋਏ ਇੱਕ ਪ੍ਰਭਾਵਸ਼ਾਲੀ ਸਮਾਗ਼ਮ ਵਿੱਚ ਵੱਡੀ ਗਿਣਤੀ ਵਿੱਚ ਮਰਦਾਂ ਤੇ ਔਰਤਾਂ ਨੇ ਇਸ ਵਿੱਚ ਸ਼ਿਰਕਤ ਕੀਤੀ ਤੇ ਇਸਦਾ ਭਰਪੂਰ ਅਨੰਦ ਮਾਣਿਆਂ।

ਪ੍ਰੋਗਰਾਮ ਦੇ ਆਰੰਭ ਕੈਨੇਡਾ ਦੇ ਕੌਮੀ ਗੀਤ 'ਓ ਕੈਨੇਡਾ' ਦੇ ਗਾਇਨ ਨਾਲ ਕੀਤਾ ਗਿਆ। ਉਪਰੰਤ, ਕਲੱਬ ਦੇ ਪ੍ਰਧਾਨ ਤਰਲੋਚਨ ਸਿੰਘ ਗਰੇਵਾਲ ਨੇ ਆਏ ਸਮੂਹ ਮੈਂਬਰਾਂ ਤੇ ਮਹਿਮਾਨਾਂ ਨੂੰ ਜੀ-ਆਇਆਂ ਕਹਿੰਦਿਆਂ ਹੋਇਆਂ ਬੜੇ ਭਾਵਪੂਰਤ ਕੈਨੇਡਾ ਦਾ ਇਤਿਹਾਸ ਸੰਖੇਪ ਵਿੱਚ ਵਰਨਣ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ ਵੱਖ-ਵੱਖ ਸਮਿਆਂ ਵਿੱਚ ਕੈਨੇਡਾ-ਵਾਸੀਆਂ ਨੂੰ ਫ਼ਰਾਂਸੀਸੀਆਂ ਤੇ ਅੰਗਰੇਜ਼ਾਂ ਨਾਲ ਜੂਝਣਾ ਪਿਆ ਅਤੇ ਬੜੀ ਜੱਦੋ-ਜਹਿਦ ਤੋਂ ਬਾਅਦ ਕੈਨੇਡਾ ਸੁਤੰਤਰ ਦੇਸ਼ ਦੇ ਅਜੋਕੇ ਰੂਪ ਵਿਚ ਹੋਂਦ ਵਿੱਚ ਆਇਆ। ਉਨ੍ਹਾਂ ਕਿਹਾ ਕਿ ਕੈਨੇਡਾ ਖ਼ੇਤਰਫਲ ਵਿੱਚ ਦੁਨੀਆਂ ਦਾ ਦੂਸਰਾ ਵੱਡਾ ਦੇਸ਼ ਹੈ ਅਤੇ ਸਾਰੀ ਧਰਤੀ ਦੀਆਂ ਲੱਗਭੱਗ ਅੱਧੀਆਂ ਝੀਲਾਂ ਇਸ ਦੇਸ਼ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾ ਰਹੀਆਂ ਹਨ। ਇਸ ਦੇ ਕੁਦਰਤੀ ਮੰਜ਼ਰ ਨਿਆਗਰਾ ਫ਼ਾਲਜ਼ ਨੂੰ ਵੇਖਣ ਲਈ ਦੁਨੀਆਂ-ਭਰ ਤੋਂ ਯਾਤਰੂ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਆਉਂਦੇ ਹਨ। ਹਰੇ ਭਰੇ ਰੁੱਖਾਂ ਦੀ ਹਰਿਆਲੀ ਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਇਹ ਖ਼ੁਸ਼ਹਾਲ ਦੇਸ਼ ਰਿਹਾਇਸ਼ ਲਈ ਸੱਭ ਤੋਂ ਵਧੀਆ ਮੰਨਿਆਂ ਜਾਂਦਾ ਹੈ ਅਤੇ ਦੁਨੀਆਂ ਦੇ ਲੱਗਭੱਗ ਸਾਰੇ ਹੀ ਦੇਸ਼ਾਂ ਵਿੱਚੋਂ ਲੋਕ ਪਰਵਾਸ ਕਰਕੇ ਇੱਥੇ ਆਏ ਹਨ। ਉਨ੍ਹਾਂ ਹੋਰ ਕਿਹਾ ਕਿ ਪੰਜਾਬੀਆਂ ਨੇ ਵੀ ਇਸ ਦੀ ਖ਼ੁਸ਼ਹਾਲੀ ਵਿੱਚ ਪੂਰਾ ਯੋਗਦਾਨ ਪਾਇਆ ਹੈ ਅਤੇ ਉਹ ਇੱਥੋਂ ਦੀ ਵਧੀਆ ਕਮਿਊਨਿਟੀ ਵਜੋਂ ਸਤਿਕਾਰੇ ਜਾਂਦੇ ਹਨ। ਉਨ੍ਹਾਂ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਨਸ਼ਿਆਂ ਅਤੇ ਗੈਂਗਵਾਰ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਲਈ ਉਪਰਾਲਾ ਕਰਨ ਅਤੇ ਆਪਣੀ ਅਮੀਰ ਵਿਰਾਸਤ ਦੇ ਝੰਡੇ ਗੱਡਣ ਲਈ ਕਿਹਾ। ਸਮਾਗ਼ਮ ਦੌਰਾਨ ਚਾਹ-ਪਾਣੀ ਅਤੇ ਅਟੁੱਟ ਲੰਗਰ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਜਿਸ ਦਾ ਹਾਜ਼ਰੀਨ ਨੇ ਖ਼ੂਬ ਅਨੰਦ ਮਾਣਿਆਂ। ਪ੍ਰਬੰਧਕਾਂ ਵਿੱਚ ਗੁਰਨਾਮ ਸਿੰਘ ਸੰਧੂ ਤੇ ਜੰਗ ਬਹਾਦਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।



ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਕਲੱਬ ਦੇ ਸਕੱਤਰ ਮਲੂਕ ਸਿੰਘ ਕਾਹਲੋਂ ਵੱਲੋਂ ਕਲੱਬ ਦੀ ਸਮੁੱਚੀ ਟੀਮ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ ਅਤੇ ਅੱਗੋਂ ਅਜਿਹੇ ਸਮਾਗ਼ਮਾਂ ਵਿੱਚ ਸਹਿਯੋਗ ਦੇਣ ਲਈ ਬੇਨਤੀ ਕੀਤੀ ਗਈ। ਸਮਾਗ਼ਮ ਦੌਰਾਨ ਕਾਰਜਕਾਰਨੀ ਦੇ ਸਮੂਹ ਮੈਂਬਰ ਹਾਜ਼ਰ ਸਨ। ਇਨ੍ਹਾਂ ਵਿੱਚ ਸੀਨੀਅਰ ਮੀਤ-ਪ੍ਰਧਾਨ ਬਲਤੇਜ ਸਿੰਘ ਬਰਾੜ, ਗੁਰਦੇਵ ਸਿੰਘ ਸੇਖੋਂ, ਗੁਰਨਾਮ ਸਿੰਘ ਸੰਧੂ, ਰਘਬੀਰ ਸਿੰਘ ਉਭੀ, ਬਲਦੇਵ ਸਿੰਘ ਢੇਸੀ, ਸੁਰਜੀਤ ਸਿੰਘ ਵਿਰਕ, ਬਲਜੀਤ ਸਿੰਘ ਗਿੱਲ, ਹਰਚਰਨ ਸਿੰਘ ਟਿਵਾਣਾ, ਜਰਨੈਲ ਸਿੰਘ ਬਰਾੜ ਤੇ ਸੰਤੋਖ ਸਿੰਘ ਖਹਿਰਾ ਤੇ ਕਈ ਹੋਰ ਅਹਿਮ ਸ਼ਖ਼ਸੀਅਤਾਂ ਸ਼ਾਮਲ ਸਨ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
NUTRA SELECT
100% NATURAL PRODUCT
PRODUCT OF CANADA
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

# ਮੀਂਹ ਪੈਣ ਨਾਲ ਭਾਖੜਾ ਡੈਮ 'ਚ ਪਾਣੀ ਦਾ ਵਧਿਆ ਪੱਧਰ!

## ਜ਼ਿਲ੍ਹਾ ਮੈਜਿਸਟਰੇਟ ਨੇ ਜਾਰੀ ਕੀਤੀਆਂ ਹਦਾਇਤਾਂ



ਰੂਪਨਗਰ: ਉੱਤਰੀ ਭਾਰਤ ਵਿੱਚ ਮਾਨਸੂਨ ਆਉਂਦੇ ਸਾਰ ਹੀ ਭਾਰੀ ਮੀਂਹ ਪੈਣੇ ਸ਼ੁਰੂ ਹੋ ਗਏ ਹਨ। ਹਿਮਾਚਲ, ਪੰਜਾਬ ਤੇ ਹਰਿਆਣਾ ਵਿੱਚ ਕੁਝ ਦਿਨਾਂ ਤੋਂ ਮੀਂਹ ਪੈ ਰਿਹਾ ਹੈ। ਮੀਂਹ ਪੈਣ ਕਰਕੇ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਵੱਧ ਜਾ ਰਿਹਾ ਹੈ। ਡੈਮ ਵਿੱਚ ਪਾਣੀ ਦਾ ਪੱਧਰ ਵਧਣ ਕਰਕੇ ਰੂਪਨਗਰ ਦੇ ਜ਼ਿਲ੍ਹਾ ਮੈਜਿਸਟਰੇਟ ਵਰਜੀਤ ਵਾਲੀਆ ਵੱਲੋਂ ਜ਼ਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਆਉਂਦੇ ਸਤਲੁਜ ਦਰਿਆ ਤੇ ਹੋਰ ਸਾਰੀਆਂ ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਬੱਚਿਆਂ ਅਤੇ ਆਮ ਵਿਅਕਤੀਆਂ ਦੇ ਨਹਾਉਣ 'ਤੇ ਅਤੇ ਇਨ੍ਹਾਂ ਦੇ ਕਿਨਾਰਿਆਂ ਦੇ ਘੁੰਮਣ ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।

ਵਰਜੀਤ ਵਾਲੀਆ ਨੇ ਦੱਸਿਆ ਕਿ ਗਰਮੀ ਅਤੇ ਮਾਨਸੂਨ ਦਾ ਸੀਜ਼ਨ ਚੱਲ ਰਿਹਾ ਹੈ, ਜਿਸ ਕਾਰਨ ਕਈ ਬੱਚੇ ਅਤੇ ਆਮ ਵਿਅਕਤੀ ਗਰਮੀ ਦੀ ਮਾਰ ਤੋਂ ਬਚਣ ਲਈ ਆਪਣੇ ਨੇੜੇ ਪੈਂਦੇ ਸਤਲੁਜ ਦਰਿਆ/ ਦੂਸਰੀਆਂ ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਨਹਾਉਣ/ਤੈਰਨ ਲਈ ਚਲੇ ਜਾਂਦੇ ਹਨ, ਪ੍ਰੰਤੂ ਜਿਵੇਂ ਕਿ ਅੱਜ ਕੱਲ੍ਹ ਪਹਾੜਾਂ ਉੱਪਰ ਬਹੁਤ ਬਰਸਾਤ ਹੋ ਰਹੀ ਹੈ, ਪਾਣੀ ਤੇਜ਼ੀ ਨਾਲ ਭਾਖੜਾ ਡੈਮ ਵਿੱਚ ਆ ਰਿਹਾ ਹੈ, ਜਿਸ ਕਾਰਨ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਵੱਧਣ ਕਾਰਨ ਭਾਖੜਾ ਬਿਆਸ ਮੈਨੈਜਮੈਂਟ ਬੋਰਡ ਵੱਲੋਂ ਵੀ ਸਤਲੁਜ ਦਰਿਆ/ਨਹਿਰਾਂ ਵਿੱਚ ਪਾਣੀ ਛੱਡਿਆ ਜਾਂਦਾ ਹੈ। ਇਸ ਕਾਰਨ ਆਮ ਪਬਲਿਕ ਨੂੰ ਪਤਾ ਨਹੀਂ ਚੱਲਦਾ ਕਿ ਕਿਸ ਸਮੇਂ ਦਰਿਆ/ਨਹਿਰਾਂ/ਨਦੀਆਂ ਅਤੇ ਸੂਇਆਂ ਵਿੱਚ ਪਾਣੀ ਦਾ ਪੱਧਰ ਅਚਾਨਕ ਵੱਧ ਜਾਂਦਾ ਹੈ ਜਾਂ ਕਈਆਂ ਨੂੰ ਪਾਣੀ ਡੂੰਘੇ ਹੋਣ ਦਾ ਗਿਆਨ ਨਹੀਂ ਹੁੰਦਾ। ਜਿਸ ਕਾਰਨ ਉਨ੍ਹਾਂ ਦਾ ਸੰਭਲਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਡੁੱਬ ਕੇ ਮੌਤ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।

ਇਸ ਲਈ ਜ਼ਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਆਉਂਦੇ ਸਤਲੁਜ ਦਰਿਆ/ਹੋਰ ਸਾਰੀਆਂ ਨਦੀਆਂ, ਨਹਿਰਾਂ ਅਤੇ ਸੂਇਆਂ ਵਿੱਚ ਬੱਚੇ ਅਤੇ ਆਮ ਵਿਅਕਤੀਆਂ ਦੇ ਨਹਾਉਣ ਅਤੇ ਇਨ੍ਹਾਂ ਦੇ ਕਿਨਾਰਿਆਂ ਦੇ ਘੁੰਮਣ 'ਤੇ ਧਾਰਾ 163 ਦੇ ਅਧੀਨ ਪੂਰਨ ਤੌਰ 'ਤੇ ਪਾਬੰਦੀ ਲਗਾਈ ਜਾਂਦੀ ਹੈ। ਇਹ ਹੁਕਮ 30 ਅਗਸਤ 2025 ਤੱਕ ਲਾਗੂ ਰਹਿਣਗੇ।

# ਭਾਰਤ-ਅਮਰੀਕਾ ਵਪਾਰ ਸਮਝੌਤੇ ਤੋਂ ਪਹਿਲਾਂ ਵੱਡਾ ਬਿਆਨ

## ਵ੍ਹਾਈਟ ਹਾਊਸ ਨੇ ਕਿਹਾ- 'ਮੋਦੀ-ਟਰੰਪ ਵਿਚਕਾਰ ਬਹੁਤ ਵਧੀਆ ਸਬੰਧ ਹਨ



ਵਾਸ਼ਿੰਗਟਨ: ਭਾਰਤ ਅਤੇ ਅਮਰੀਕਾ ਵਿਚਕਾਰ ਬਹੁਤ ਉਡੀਕੇ ਜਾ ਰਹੇ ਵਪਾਰ ਸਮਝੌਤੇ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਵ੍ਹਾਈਟ ਹਾਊਸ ਨੇ ਸੰਕੇਤ ਦਿੱਤਾ ਹੈ ਕਿ ਇਸ ਸੌਦੇ 'ਤੇ ਜਲਦੀ ਹੀ ਵੱਡਾ ਐਲਾਨ ਕੀਤਾ ਜਾ ਸਕਦਾ ਹੈ। ਵ੍ਹਾਈਟ ਹਾਊਸ ਦੀ ਬੁਲਾਰਨ ਕੈਰੋਲੀਨ ਲੇਵਿਟ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਵਪਾਰਕ ਟੀਮ ਇਸ ਸਮਝੌਤੇ ਨੂੰ ਅੰਤਿਮ ਰੂਪ ਦੇਣ ਵਿੱਚ ਰੁੱਝੀ ਹੋਈ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਵਿਚਕਾਰ ਬਹੁਤ ਵਧੀਆ ਸਬੰਧ ਹਨ ਅਤੇ ਇਹ ਜਾਰੀ ਰਹੇਗਾ। ਇਹ ਸੌਦਾ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗਾ ਅਤੇ 2030 ਤੱਕ ਦੁਵੱਲੇ ਵਪਾਰ ਨੂੰ 500 ਬਿਲੀਅਨ ਡਾਲਰ ਤੱਕ ਵਧਾਉਣ ਦਾ ਟੀਚਾ ਹੈ। ਵ੍ਹਾਈਟ ਹਾਊਸ ਦੀ ਬੁਲਾਰਨ ਕੈਰੋਲੀਨ ਲਵਿਟ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, 'ਰਾਸ਼ਟਰਪਤੀ ਟਰੰਪ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਭਾਰਤ ਨਾਲ ਇੱਕ ਵੱਡਾ ਵਪਾਰਕ ਸੌਦਾ ਹੋਣ ਜਾ ਰਿਹਾ ਹੈ, ਅਤੇ ਇਹ ਸੱਚ ਹੈ। 'ਜਲਦੀ ਹੀ ਰਾਸ਼ਟਰਪਤੀ ਅਤੇ ਉਨ੍ਹਾਂ ਦੀ ਵਪਾਰਕ ਟੀਮ ਵੱਲੋਂ ਭਾਰਤ ਨਾਲ ਇਸ ਸਮਝੌਤੇ ਬਾਰੇ ਅਪਡੇਟ ਦਿੱਤਾ ਜਾਵੇਗਾ।

ਦੱਸ ਦੇਈਏ ਕਿ ਇਹ ਵਪਾਰ ਸੌਦਾ ਇੱਕ ਅੰਤਰਿਮ ਸਮਝੌਤੇ ਦਾ ਹਿੱਸਾ ਹੈ, ਜਿਸਨੂੰ 9 ਜੁਲਾਈ, 2025 ਤੱਕ ਪੂਰਾ ਕਰਨ ਦੀ ਲੋੜ ਹੈ। ਅਜਿਹਾ ਇਸ ਲਈ ਹੈ ਕਿਉਂਕਿ ਇਸ ਤਾਰੀਖ ਤੋਂ ਬਾਅਦ, ਅਮਰੀਕਾ ਦੁਆਰਾ ਐਲਾਨਿਆ ਗਿਆ 26% ਦਾ ਨਵਾਂ ਟੈਰਿਫ ਲਾਗੂ ਹੋ ਜਾਵੇਗਾ, ਜਿਸ ਨਾਲ ਭਾਰਤੀ ਨਿਰਯਾਤ ਪ੍ਰਭਾਵਿਤ ਹੋ ਸਕਦਾ ਹੈ। ਇਹ ਅੰਤਰਿਮ ਸੌਦਾ ਸਾਲ ਦੇ ਅੰਤ ਤੱਕ ਇੱਕ ਵਿਆਪਕ ਸਮਝੌਤੇ ਲਈ ਰਾਹ ਪੱਧਰਾ ਕਰੇਗਾ।

ਇਸਦਾ ਢਾਂਚਾ ਇਸ ਪ੍ਰਕਾਰ ਹੈ:
ਅੰਤਰਿਮ ਸੌਦੇ ਲਈ ਆਖਰੀ ਮਿਤੀ: 9 ਜੁਲਾਈ, 2025
ਪੂਰੇ ਸੌਦੇ ਲਈ ਟੀਚਾ: ਦਸੰਬਰ 2025
ਵਪਾਰ ਟੀਚਾ: 2030 ਤੱਕ 500 ਬਿਲੀਅਨ ਡਾਲਰ ਦਾ ਦੁਵੱਲਾ ਵਪਾਰ

ਇਸ ਵਪਾਰ ਸਮਝੌਤੇ ਵਿੱਚ ਕਈ ਮਹੱਤਵਪੂਰਨ ਮੁੱਦਿਆਂ 'ਤੇ ਗੱਲਬਾਤ ਚੱਲ ਰਹੀ ਹੈ, ਪਰ ਕੁਝ ਬਿੰਦੂਆਂ 'ਤੇ ਸਹਿਮਤੀ ਤੱਕ ਪਹੁੰਚਣਾ ਚੁਣੌਤੀਪੂਰਨ ਰਿਹਾ ਹੈ। ਅਮਰੀਕਾ ਅਤੇ ਭਾਰਤ ਦੀਆਂ ਮੰਗਾਂ ਇਸ ਪ੍ਰਕਾਰ ਹਨ:
ਅਮਰੀਕਾ ਦੀ ਮੰਗ ਭਾਰਤ ਵਿੱਚ ਖੇਤੀਬਾੜੀ ਅਤੇ ਡੇਅਰੀ ਬਾਜ਼ਾਰਾਂ ਤੱਕ ਪਹੁੰਚ।
ਇਲੈਕਟ੍ਰਿਕ ਵਾਹਨਾਂ ਅਤੇ ਆਟੋਮੋਬਾਈਲ ਬਾਜ਼ਾਰਾਂ ਵਿੱਚ ਪ੍ਰਵੇਸ਼।
ਸੋਇਆਬੀਨ ਅਤੇ ਮੱਕੀ ਵਰਗੀਆਂ ਜੈਨੇਟਿਕ ਤੌਰ 'ਤੇ ਸੋਧੀਆਂ (GM) ਫਸਲਾਂ ਲਈ ਬਾਜ਼ਾਰ ਖੋਲ੍ਹਣਾ।
ਬਦਾਮ, ਸੇਬ, ਅਖਰੋਟ ਅਤੇ ਵਾਈਨ ਵਰਗੇ ਉਤਪਾਦਾਂ 'ਤੇ ਟੈਰਿਫ ਵਿੱਚ ਕਟੌਤੀ।

ਭਾਰਤ ਦਾ ਰੁਖ

ਭਾਰਤੀ ਕਿਸਾਨਾਂ ਦੀ ਸੁਰੱਖਿਆ ਅਤੇ ਘੱਟੋ-ਘੱਟ ਸਮਰਥਨ ਮੁੱਲ (MSP) ਪ੍ਰਣਾਲੀ।

ਅਮਰੀਕਾ ਦੁਆਰਾ ਸਟੀਲ, ਐਲੂਮੀਨੀਅਮ ਅਤੇ ਆਟੋ ਪਾਰਟਸ 'ਤੇ ਲਗਾਏ ਗਏ ਟੈਰਿਫ ਵਿੱਚ ਕਮੀ।

ਟੈਕਸਟਾਈਲ, ਰਤਨ ਅਤੇ ਗਹਿਣੇ, ਚਮੜਾ ਅਤੇ ਫਾਰਮਾਸਿਊਟੀਕਲ ਵਰਗੇ ਕਿਰਤ-ਸੰਬੰਧੀ ਖੇਤਰਾਂ ਲਈ ਬਿਹਤਰ ਬਾਜ਼ਾਰ ਪਹੁੰਚ।

ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਸਬੰਧ ਪਹਿਲਾਂ ਹੀ ਮਜ਼ਬੂਤ ਹਨ। ਦੋਵਾਂ ਦੇਸ਼ਾਂ ਵਿਚਕਾਰ ਵਪਾਰ 2024-25 ਵਿੱਚ 131.84 ਬਿਲੀਅਨ ਡਾਲਰ ਤੱਕ ਪਹੁੰਚ ਗਿਆ, ਜਿਸ ਵਿੱਚ ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ।

# ਬਿਕਰਮ ਮਜੀਠੀਆ ਨੂੰ ਮਜੀਠਾ ਲੈ ਕੇ ਪਹੁੰਚੀ ਪੁਲਿਸ

## ਗਨੀਵ ਕੌਰ ਨੂੰ ਰੋਕਿਆ ਗਿਆ ਦਫ਼ਤਰ ਦੇ ਬਾਹਰ



ਪੰਜਾਬ ਵਿੱਚ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ 6 ਲੋਕਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਅੱਜ ਵਿਜੀਲੈਂਸ ਟੀਮਾਂ ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਅਤੇ ਚੰਡੀਗੜ੍ਹ ਵਿੱਚ ਇੱਕੋ ਸਮੇਂ ਛਾਪੇਮਾਰੀ ਕਰ ਰਹੀਆਂ ਹਨ। ਪੁਲਿਸ ਟੀਮ ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਲੈ ਕੇ ਮਜੀਠਾ ਵੀ ਪਹੁੰਚ ਗਈ ਹੈ।

ਮਜੀਠਾ ਵਿੱਚ ਬਿਕਰਮ ਸਿੰਘ ਮਜੀਠੀਆ ਦੇ ਦਫ਼ਤਰ ਦੇ ਬਾਹਰ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਤਾਇਨਾਤ ਸਨ। ਮਜੀਠੀਆ ਦੀ ਪਤਨੀ ਅਤੇ ਵਿਧਾਇਕ ਗਨੀਵ ਕੌਰ ਵੀ ਦਫ਼ਤਰ ਦੇ ਬਾਹਰ ਪਹੁੰਚ ਗਈ ਹੈ। ਪਰ ਉਨ੍ਹਾਂ ਨੂੰ ਦਫ਼ਤਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਉੱਥੇ ਬੈਰੀਕੇਡ ਲਗਾਏ ਗਏ ਹਨ।

ਗਨੀਵ ਕੌਰ ਦੀ ਇਸ ਦੌਰਾਨ ਪੁਲਿਸ ਅਧਿਕਾਰੀਆਂ ਨਾਲ ਬਹਿਸ ਹੋ ਗਈ। ਪੁਲਿਸ ਅਧਿਕਾਰੀਆਂ ਨੇ ਗਨੀਵ ਕੌਰ ਨੂੰ ਕਿਹਾ ਕਿ ਤੁਸੀਂ ਆਪਣੇ ਨਾਲ ਬਹੁਤ ਸਾਰੇ ਲੋਕਾਂ ਨੂੰ ਲਿਆਏ ਹੋ। ਇਸ 'ਤੇ ਗਨੀਵ ਕੌਰ ਨੇ ਕਿਹਾ ਕਿ ਮੈਂ ਆਪਣੇ ਵਕੀਲ ਨਾਲ ਦਫ਼ਤਰ ਜਾਵਾਂਗੀ। ਬਾਕੀ ਸਾਰੇ ਇੱਥੇ ਹੀ ਰਹਿਣਗੇ। ਦੂਜਾ, ਸਾਡੀਆਂ ਸਾਰੀਆਂ ਜਾਇਦਾਦਾਂ ਦੀ ਜਾਂਚ ਕੀਤੀ ਗਈ ਹੈ। ਮੈਂ ਹਲਕੇ ਦੀ ਵਿਧਾਇਕ ਹਾਂ। ਮੇਰੇ ਕੋਲ ਕਿਸੇ ਵੀ ਤਰ੍ਹਾਂ ਦਾ ਕੋਈ ਹਥਿਆਰ ਨਹੀਂ ਹੈ। ਮੈਂ ਜ਼ਰੂਰ ਆਪਣੇ ਦਫ਼ਤਰ ਜਾਵਾਂਗੀ। ਹਾਲਾਂਕਿ, ਮਜੀਠੀਆ ਦੇ ਦਫ਼ਤਰ ਨੂੰ ਫਿਲਹਾਲ ਤਾਲਾ ਲਗਾ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਵੀ ਇਸ ਮਾਮਲੇ ਵਿੱਚ ਮਜੀਠੀਆ ਤੋਂ ਪੁੱਛਗਿੱਛ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਲਈ ਐਨਸੀਬੀ ਨੇ ਵਿਜੀਲੈਂਸ ਨਾਲ ਸੰਪਰਕ ਕੀਤਾ ਹੈ। ਕਿਉਂਕਿ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਮਾਮਲਾ ਐਨਡੀਪੀਐਸ ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਹੋਰ ਏਜੰਸੀਆਂ ਵੀ ਇਸ ਮਾਮਲੇ 'ਤੇ ਨਜ਼ਰ ਰੱਖ ਰਹੀਆਂ ਹਨ।

# ਨਵਾਂਸ਼ਹਿਰ ਦੇ ਪਿੰਡ ਉਸਮਾਨਪੁਰ 'ਚ ਵੱਡੀ ਵਾਰਦਾਤ

## ਸੈਰ ਕਰ ਰਹੇ ਨੌਜਵਾਨ ਦਾ ਗੋਲੀਆਂ ਮਾਰ ਕੇ ਕੀਤਾ ਕਤਲ



ਨਵਾਂਸ਼ਹਿਰ ਦੇ ਪਿੰਡ ਉਸਮਾਨਪੁਰ ਵਿੱਚ ਇੱਕ ਨੌਜਵਾਨ ਦੇ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਨੌਜਵਾਨ ਦਾ 5-6 ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਨੌਜਵਾਨ ਸੈਰ ਕਰ ਰਿਹਾ ਸੀ ਇਸ ਦੌਰਾਨ ਹੀ ਕੁਝ ਅਣਪਛਾਤਿਆਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ ਅਤੇ ਮੌਕੇ ਤੋਂ ਫਰਾਰ ਹੋ ਗਏ। ਮ੍ਰਿਤਕ ਨੌਜਵਾਨ ਦੀ ਪਛਾਣ ਅਮਨਦੀਪ ਸਿੰਘ ਉਰਫ਼ ਮੰਨਾ ਪੁੱਤਰ ਸੁਰੇਂਦਰ ਸਿੰਘ ਵਾਸੀ ਪਿੰਡ ਉਸਮਾਨਪੁਰ ਵਜੋਂ ਹੋਈ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਲੋਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅਮਨਦੀਪ ਸਿੰਘ ਕਮਿਊਨਿਟੀ ਹਾਲ ਦੇ ਨੇੜੇ ਸੈਰ ਕਰ ਰਿਹਾ ਸੀ। ਹਮਲਾਵਰ ਨੇ ਸਕੂਲ ਦੀ ਕੰਧ ਟੱਪ ਕੇ ਅਮਨਦੀਪ 'ਤੇ 5-6 ਗੋਲੀਆਂ ਚਲਾਈਆਂ। ਉਸੇ ਮੈਦਾਨ ਦੇ ਸਾਹਮਣੇ ਪੀਰ ਦਰਗਾਹ ਵਿੱਚ ਮੇਲਾ ਚੱਲ ਰਿਹਾ ਸੀ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਵੀ ਮੌਕੇ 'ਤੇ ਪਹੁੰਚ ਗਈ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ।

ਇਸ ਘਟਨਾ ਤੋਂ ਬਾਅਦ ਮ੍ਰਿਤਕ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਉਸਦੇ ਪਰਿਵਾਰ ਨੇ ਕਿਸੇ ਵੀ ਦੁਸ਼ਮਣੀ ਤੋਂ ਇਨਕਾਰ ਕੀਤਾ ਹੈ। ਪਿੰਡ ਵਾਲਿਆਂ ਨੇ ਦੱਸਿਆ ਕਿ ਉਹ ਹਰ ਰੋਜ਼ ਸੈਰ ਕਰਨ ਜਾਂਦਾ ਸੀ ਪਰ ਅੱਜ ਉਹ ਇਕੱਲਾ ਸੀ ਅਤੇ ਇਹ ਪਤਾ ਨਹੀਂ ਲੱਗ ਸਕਿਆ ਕਿ ਉਸਨੂੰ ਕਿਸਨੇ ਗੋਲੀ ਮਾਰੀ। ਪੁਲਿਸ ਘਟਨਾ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਅਤੇ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਉਸਨੂੰ ਕਿਸਨੇ ਅਤੇ ਕਿਉਂ ਗੋਲੀ ਮਾਰੀ।

# ਨਵਾਂ ਵਿਸ਼ਵ ਰਿਕਾਰਡ:

# ਰੋਪੜ ਦੇ 6 ਸਾਲਾ ਤੇਗਬੀਰ ਨੇ ਯੂਰਪ ਦੀ ਸਭ ਤੋਂ ਉੱਚੀ ਚੋਟੀ ਫ਼ਤਿਹ ਕੀਤੀ



ਰੋਪੜ(ਰੂਪਨਗਰ) ਦੇ 6 ਸਾਲਾ ਤੇਗਬੀਰ ਸਿੰਘ ਨੇ ਰੂਸ ਵਿੱਚ 18510 ਫੁੱਟ (5642 ਮੀਟਰ) ਉੱਚੀ ਚੋਟੀ ਮਾਊਂਟ ਐਲਬਰਸ 'ਤੇ ਚੜ੍ਹ ਕੇ ਵਿਸ਼ਵ ਰਿਕਾਰਡ ਬਣਾਇਆ ਹੈ। ਤੇਗਬੀਰ ਦੇ ਪਿਤਾ ਨੇ ਕਿਹਾ ਕਿ ਉਸ ਨੇ 20 ਜੂਨ ਨੂੰ ਮਾਊਂਟ ਐਲਬਰਸ ਵੱਲ ਚੜ੍ਹਾਈ ਸ਼ੁਰੂ ਕੀਤੀ ਸੀ ਤੇ 28 ਜੂਨ ਨੂੰ ਚੋਟੀ ਦੀ ਸਿਖਰ 'ਤੇ ਪਹੁੰਚ ਗਿਆ।

ਰੂਸ ਦੇ ਬਲਕਾਰੀਅਨ ਗਣਰਾਜ ਦੇ ਕਬਾਰਡੀਨੋ ਦੇ ਮਾਊਂਟੇਨੀਅਰਿੰਗ, ਰੌਕ ਕਲਾਈਬਿੰਗ ਅਤੇ ਸਪੋਰਟਸ ਟੂਰਿਜ਼ਮ ਫੈਡਰੇਸ਼ਨ ਵੱਲੋਂ ਤੇਗਬੀਰ ਨੂੰ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ, ਜੋ ਇਹ ਪ੍ਰਮਾਣਤ ਕਰਦਾ ਹੈ ਕਿ ਤੇਗਬੀਰ ਇਸ ਚੋਟੀ ਨੂੰ ਸਰ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਸੀ। ਸਰਟੀਫਿਕੇਟ ਵਿਚ ਤੇਗਬੀਰ ਸਿੰਘ ਵੱਲੋਂ ਇਹ ਮਾਅਰਕਾ ਹਾਸਲ ਕਰਨ ਮੌਕੇ ਉਸ ਦੀ ਉਮਰ 6 ਸਾਲ, 9 ਮਹੀਨੇ ਤੇ 4 ਦਿਨ ਦਰਸਾਈ ਗਈ ਹੈ।

ਇਸ ਪ੍ਰਾਪਤੀ ਤੋਂ ਖੁਸ਼ ਤੇਗਬੀਰ ਨੇ ਵਟਸਐਪ ਕਾਲ 'ਤੇ 'ਦਿ ਟ੍ਰਿਬਿਊਨ' ਨਾਲ ਗੱਲਬਾਤ ਕਰਦਿਆਂ ਕਿਹਾ, ''ਮੈਨੂੰ ਪਤਾ ਸੀ ਕਿ ਮੈਂ ਕਿੱਥੇ ਪੈਰ ਰੱਖਾਂਗਾ। ਮੈਂ ਪਹਾੜ ਦੀ ਚੋਟੀ 'ਤੇ ਪਹੁੰਚਿਆ ਅਤੇ ਉੱਥੇ ਆਪਣੇ ਪਿਤਾ ਨਾਲ ਇੱਕ ਤਸਵੀਰ ਖਿਚਵਾਈ। ਮੈਂ ਪਹਿਲੀ ਵਾਰ ਬਰਫ਼ 'ਤੇ ਤੁਰ ਰਿਹਾ ਸੀ, ਮੇਰੇ ਜੁੱਤੇ ਭਾਰੀ ਸਨ ਪਰ ਮੈਂ ਇਸ ਦਾ ਅਭਿਆਸ ਕੀਤਾ ਸੀ।'' ਤੇਗਬੀਰ ਸ਼ਿਵਾਲਿਕ ਪਬਲਿਕ ਸਕੂਲ, ਰੋਪੜ ਦਾ ਦੂਜੀ ਜਮਾਤ ਦਾ ਵਿਦਿਆਰਥੀ ਹੈ।

ਤੇਗਬੀਰ ਨੇ ਇਸ ਪ੍ਰਾਪਤੀ ਨਾਲ 6 ਸਾਲ ਤੇ 9 ਮਹੀਨੇ ਦੀ ਉਮਰ ਵਿੱਚ ਮਾਊਂਟ ਐਲਬਰਸ ਦੀ ਚੜ੍ਹਾਈ ਦਾ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ। ਪਹਿਲਾਂ ਇਹ ਰਿਕਾਰਡ ਮਹਾਰਾਸ਼ਟਰ ਦੇ ਵਸਨੀਕ Wagah Kushagra ਦੇ ਨਾਂ ਸੀ, ਜਿਸ ਨੇ ਪਿਛਲੇ ਸਾਲ 7 ਸਾਲ ਅਤੇ 3 ਮਹੀਨੇ ਦੀ ਉਮਰ ਵਿੱਚ ਵਿਸ਼ਵ ਰਿਕਾਰਡ ਬਣਾਇਆ ਸੀ।

ਤੇਗਬੀਰ ਅਗਸਤ 2024 ਵਿੱਚ ਅਫ਼ਰੀਕੀ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕਿਲੀਮੰਜਾਰੋ ਨੂੰ ਸਰ ਕਰਨ ਵਾਲਾ ਸਭ ਤੋਂ ਘੱਟ ਉਮਰ ਦਾ ਏਸ਼ਿਆਈ ਬਣਿਆ। ਇਸ ਲਈ ਉਸ ਦਾ ਨਾਮ ਏਸ਼ੀਆ ਬੁੱਕ ਆਫ਼ ਰਿਕਾਰਡਜ਼ ਅਤੇ ਇੰਡੀਆ ਬੁੱਕ ਆਫ਼ ਰਿਕਾਰਡਜ਼ ਵਿੱਚ ਸ਼ਾਮਲ ਹੈ। ਉਹ ਅਪਰੈਲ 2024 ਵਿੱਚ ਨੇਪਾਲ ਵਿੱਚ ਮਾਊਂਟ ਐਵਰੈਸਟ ਬੇਸ ਕੈਂਪ ਵੀ ਪਹੁੰਚਿਆ ਸੀ।

ਤੇਗਬੀਰ ਦੀ ਨਵੀਂ ਪ੍ਰਾਪਤੀ ਤੋਂ ਬਾਗ਼ੋਬਾਗ਼ ਉਸ ਦੇ ਪਿਤਾ ਸੁਖਿੰਦਰਦੀਪ ਸਿੰਘ ਨੇ ਕਿਹਾ, ''ਤੇਗਬੀਰ ਨੇ ਇਸ ਪ੍ਰਾਪਤੀ ਲਈ ਕਰੀਬ ਇੱਕ ਸਾਲ ਪਹਿਲਾਂ ਤਿਆਰੀ ਸ਼ੁਰੂ ਕਰ ਦਿੱਤੀ ਸੀ। ਉਸ ਨੂੰ ਕੋਚ ਬਿਕਰਮਜੀਤ ਸਿੰਘ ਘੁੰਮਣ ਵੱਲੋਂ ਸਿਖਲਾਈ ਦਿੱਤੀ ਗਈ ਸੀ, ਜਿਨ੍ਹਾਂ ਉਸ ਨੂੰ ਦਿਲ ਦੀ ਤੰਦਰੁਸਤੀ ਅਤੇ ਫੇਫੜਿਆਂ ਦੀ ਸਮਰੱਥਾ ਨੂੰ ਉੱਚਾਈ ਦੀ ਬਿਮਾਰੀ ਨਾਲ ਨਜਿੱਠਣ ਲਈ ਵਧਾਉਣ ਵਾਲੀਆਂ ਕਸਰਤਾਂ ਵਿੱਚ ਮਦਦ ਕੀਤੀ ਸੀ। ਉਹ ਮੇਰੇ ਨਾਲ ਹਫਤਾਵਾਰੀ ਟਰੈਕ 'ਤੇ ਜਾਂਦਾ ਸੀ ਅਤੇ ਵੱਖ-ਵੱਖ ਪਹਾੜੀ ਥਾਵਾਂ 'ਤੇ ਕੋਚਿੰਗ ਦਿੰਦਾ ਸੀ।''

ਉਨ੍ਹਾਂ ਕਿਹਾ, ''ਮਾਊਂਟ ਐਲਬਰਸ ਦੀ ਚੜ੍ਹਾਈ ਮਾਊਂਟ ਕਿਲੀਮੰਜਾਰੋ ਅਤੇ ਉਸ ਤੋਂ ਪਹਿਲਾਂ ਕੀਤੇ ਗਏ ਹੋਰ ਟਰੈਕਾਂ ਦੇ ਮੁਕਾਬਲੇ ਵੱਖਰੀ ਸੀ। ਇਹ ਪਹਿਲੀ ਵਾਰ ਸੀ ਜਦੋਂ ਉਹ ਉੱਚੇ ਬੂਟਾਂ, ਕ੍ਰੈਂਪਨਾਂ, ਹਾਰਨੇਸ ਅਤੇ ਆਕਸੀਜਨ ਸਹਾਇਤਾ ਨਾਲ ਬਰਫ਼ ਵਿੱਚ ਤੁਰ ਰਿਹਾ ਸੀ। ਇਸ ਨਾਲ ਪੈਰਾਂ ਦਾ ਭਾਰ ਕਰੀਬ 4 ਕਿਲੋ ਵਧ ਗਿਆ। ਉਹ ਕਰੀਬ ਇੱਕ ਹਫ਼ਤੇ ਤੱਕ ਉਚਾਈ 'ਤੇ ਘੱਟ ਆਕਸੀਜਨ ਨਾਲ ਮਨਫ਼ੀ ਤਾਪਮਾਨ ਵਿਚ ਤੁਰਿਆ ਅਤੇ ਰਿਹਾ।'' ਸੁਖਿੰਦਰਦੀਪ ਸਿੰਘ ਆਪਣੇ ਛੋਟੇ ਪੁੱਤਰ ਦੇ ਨਾਲ ਪਹਾੜੀ ਚੋਟੀ 'ਤੇ ਗਿਆ ਸੀ।

ਤੇਗਬੀਰ ਦੀ ਮਾਂ ਡਾ.ਮਨਪ੍ਰੀਤ ਕੌਰ, ਜੋ ਇੱਕ ਗਾਇਨੀਕੋਲੋਜਿਸਟ ਹੈ, ਨੇ ਕਿਹਾ, ''ਖੁਰਾਕ ਨੇ ਉਸ ਦੀ ਯਾਤਰਾ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਅਤੇ ਉਸ ਨੇ ਆਪਣੇ ਕੋਚ ਵੱਲੋਂ ਦੱਸੇ ਗਏ ਸਖ਼ਤ ਖੁਰਾਕ ਸ਼ਡਿਊਲ ਦੀ ਪਾਲਣਾ ਕੀਤੀ।''















ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਪਾਣੀ ਪਾਣੀ ਹੋ ਗਈ ਮਿੱਤਰਾ !





ਬੁੱਧ ਸਿੰਘ ਨੀਲੋਂ
94643 70823

ਮਨੁੱਖ ਤੇ ਧਰਤੀ ਉੱਤੇ ਪਾਣੀ ਬਰਾਬਰ ਹੈ। ਇਹ ਵਧਿਆ ਤੇ ਘਟਿਆ ਹੋਇਆ ਜਾਨ ਲੇਵਾ ਹੈ। ਪੰਜਾਬ ਤੇ ਦੇਸ਼ ਵਿੱਚ ਪਾਣੀਆਂ ਉਤੇ ਸਿਆਸਤ ਹੋ ਰਹੀ ਹੈ। ਹਰ ਤਰ੍ਹਾਂ ਦਾ ਵਪਾਰੀ ਆਪਣਾ ਸਮਾਨ ਵੇਚਣ ਲਈ ਪਾਣੀ ਦੇ ਫਾਇਦੇ ਤੇ ਨੁਕਸਾਨ ਦੱਸ ਕੇ ਵਪਾਰ ਕਰ ਰਿਹਾ ਹੈ। ਕੋਈ ਵੇਚ ਰਿਹਾ ਹੈ ਤੇ ਕੋਈ ਖ਼ਰੀਦ ਰਿਹਾ ਹੈ। ਮੰਡੀਆਂ ਵਿੱਚ ਫ਼ਸਲਾਂ ਆਉਣ ਤੋਂ ਪਹਿਲਾਂ ਮੰਡੀ ਬੋਰਡ ਵਲੋਂ ਸਾਰੇ ਪ੍ਰਬੰਧ ਮੁਕੰਮਲ ਕਰਨ ਦੀਆਂ ਖ਼ਬਰਾਂ ਆਉਂਦੀਆਂ ਹਨ। ਹੁਣ ਖ਼ਬਰਾਂ ਆਉਣਗੀਆਂ ਕਿ ਹੜ੍ਹਾਂ ਦੀ ਰੋਕਥਾਮ ਲਈ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਹਿਦਾਇਤਾਂ ਜਾਰੀ ਕਰ ਦਿੱਤੀਆਂ ਹਨ। ਜਿਵੇਂ ਉੱਤੇ ਤੋਂ ਚੀਜ਼ ਥੱਲੇ ਆਉਂਦੀ ਹੈ, ਇਵੇਂ ਇਹ ਹੁਕਮ ਆਉਂਦੇ ਹਨ। ਇਹ ਹੁਕਮ ਥੱਲੇ ਕਿਥੇ ਜਾਂਦੇ ਹਨ, ਇਸ ਦੀ ਖੋਜ ਦੱਸਦੀ ਕਿ ਉਹ ਧਰਤੀ ਦੇ ਅੰਦਰ ਪਤਾਲ਼ ਵਿੱਚ ਪੁੱਜ ਕੇ ਤਪੱਸਿਆ ਕਰਨ ਲੱਗਦੇ ਹਨ। ਉਹਨਾਂ ਦੀ ਇਹ ਤਪੱਸਿਆ ਉਹਨਾਂ ਦੇ ਜੀਵਨ ਵਿੱਚ ਕੰਮ ਆਉਂਦੀ ਹੈ। ਉਹਨਾਂ ਨੂੰ ਇਹ ਤਪੱਸਿਆ ਗਿਆਨ ਦੇਂਦੀ ਹੈ ਕਿ ਪੰਜ ਦੇ ਪੰਜ ਲੱਖ ਕਿਵੇਂ ਬਣਾਉਣੇ ਹਨ। ਖ਼ੈਰ ਇਹ ਗਣਿਤ ਦਾ ਮਸਲਾ ਹੈ। ਇਹ ਅਲਜਬਰੇ ਤੇ ਵਿਆਕਰਣ ਵਾਂਗ ਹਰ ਕਿਸੇ ਦੇ ਸਮਝ ਨਹੀਂ ਆਉਂਦਾ।

ਜਿਹਨਾਂ ਨੂੰ ਇਹ ਸਮਝ ਆਉਂਦਾ ਹੈ, ਉਹ ਨਵੇਂ ਨਵੇਂ ਪਲਾਟ ਖਰੀਦਣ ਦੇ ਹਨ। ਉਹਨਾਂ ਦੀਆਂ ਕਾਰਾਂ ਤੇ ਕੋਠੀਆਂ ਸ਼ਹਿਰਾਂ ਤੇ ਵਿਦੇਸ਼ਾਂ ਵਿੱਚ ਹੁੰਦੀਆਂ ਹਨ। ਮਹਾਨਗਰ ਵਿੱਚ ਵਸਦੇ ਲੋਕਾਂ ਦਾ ਤੇ ਪਿੰਡਾਂ ਵਿਚਲੇ ਲੋਕਾਂ ਦਾ ਕੋਈ ਮੇਲ ਨਹੀਂ ਹੈ। ਮਹਾਨਗਰ ਵਿੱਚ ਕੋਈ ਕੁੱਝ ਕਰੇ। ਗੁਆਂਢ ਵਿੱਚ ਪਤਾ ਨਹੀਂ ਲੱਗਦਾ। ਪਿੰਡ ਵਿੱਚ ਕੋਈ ਘਰੇ ਕੁੱਝ ਕਰੇ ਤਾਂ ਸਾਰੇ ਪਿੰਡ ਨੂੰ ਪਤਾ ਹੁੰਦਾ ਹੈ ਕਿ ਕਿਸ ਦੇ ਚੁੱਲ੍ਹੇ ਉੱਤੇ ਕੀ ਰਿੱਝਦਾ ਹੈ।

ਪਿੰਡ ਦੀ ਸਿਆਸਤ ਉਪਰਲੀ ਸਿਆਸਤ ਨਾਲੋਂ ਖ਼ਤਰਨਾਕ ਹੁੰਦੀ ਹੈ। ਉਪਰਲੀ ਸਿਆਸਤ ਵਿੱਚ ਕੋਈ ਪੱਕਾ ਮਿੱਤਰ ਤੇ ਦੁਸ਼ਮਣ ਨਹੀਂ ਹੁੰਦਾ। ਸਭ ਮੌਕੇ ਮੁਤਾਬਕ ਗਿਰਗਿਟ ਵਾਂਗੂ ਰੰਗ ਬਦਲਦੇ ਹਨ, ਜਿਵੇਂ ਹੁਣ ਬਦਲ ਰਹੇ ਹਨ। ਲੋਕ ਸਵਾਲ ਕਰਦੇ ਹਨ ਕਿ ਇਹ ਉਦੋਂ ਠੀਕ ਸਨ ? ਇਹ ਤਾਂ ਹਮੇਸ਼ਾ ਹੀ ਠੀਕ ਹੁੰਦੇ ਹਨ, ਲੋਕ ਹੀ ਮਾਨਸਿਕ ਤੌਰ ਬੀਮਾਰ ਹਨ। ਜਿਹੜੇ ਇਹਨਾਂ ਦੀ ਬੋਲੀ ਤੇ ਭਾਸ਼ਾ ਨਹੀਂ ਸਮਝਦੇ। ਇਹਨਾਂ ਦੀ ਹਾਲਾਤ ਪੌਣ ਕੁੱਕੜ ਵਰਗੀ ਹੁੰਦੀ ਹੈ। ਲੋਕ ਲਕੀਰ ਦੇ ਫ਼ਕੀਰ ਹੁੰਦੇ ਹਨ। ਹੁਣ ਲੋਕ ਆਪਸ ਵਿੱਚ ਲੜ ਰਹੇ ਹਨ ਕਿ ਚੋਰ ਕੌਣ ਹੈ ਤੇ ਸਾਧ ਕੌਣ ਹੈ। ਇਹ ਦੋਵੇਂ ਹੀ ਆਮ ਲੋਕਾਂ ਨੂੰ ਭਰਮਾਉਣ ਲਈ ਲੜਾਉਣ ਲਈ ਵਰਤਦੇ ਹਨ। ਲੋਕ ਵਰਤੇ ਜਾਂਦੇ ਹਨ, ਸੁਆਦ ਦੇ ਚੱਕਰ ਵਿੱਚ ਕੁੱਤੀ ਤੇ ਕੁੱਤਾ ਬਾਰਡਰ ਲੰਘ ਜਾਂਦੇ ਹਨ। ਲਾਲਚ, ਲਾਲਸਾ ਤੇ ਹਰ ਤਰ੍ਹਾਂ ਦੀ ਹਵਸ਼ ਜਦੋਂ ਸਿਰ ਉੱਤੇ ਸਵਾਰ ਹੋ ਜਾਵੇ, ਫੇਰ ਚਿੱਟਾ ਕੀ ਤੇ ਕਾਲਾ ਕੀ ਹੁੰਦਾ ਹੈ ਕੋਈ ਫ਼ਰਕ ਨਹੀਂ ਪੈਂਦਾ। ਕਿਉਂਕਿ ਮਾਇਆ ਆਉਂਦੀ ਹੈ ਤੇ ਰੁਤਬਾ ਵਧਦਾ ਹੈ। ਮਾਇਆ ਜਾਂਦੀ ਤਾਂ ਰੁਤਬਾ ਘੱਟਦਾ ਹੈ। ਇਹ ਸਭ ਮਾਇਆ ਦੀ ਖੇਡ ਹੈ। ਕੋਈ ਖੇਡ ਰਿਹਾ ਹੈ ਤੇ ਕੋਈ ਖਿਡਾ ਰਿਹਾ ਹੈ। ਸਾਰੇ ਧੰਦੇ ਲੱਗੇ ਹੋਏ ਹਨ। ਹੁਣ ਸਿਆਸਤ ਵਿੱਚ ਹੜ੍ਹ ਵਰਗੇ ਹਾਲਾਤ ਬਣੇ ਹੋਏ ਹਨ, ਕੋਈ ਡੁੱਬ ਰਿਹਾ ਹੈ, ਕੋਈ ਡੁਬੋਇਆ ਜਾ ਰਿਹਾ ਹੈ। ਕੋਈ ਬੇੜੀ ਲੈ ਕੇ ਡੁੱਬਦੇ ਲੋਕਾਂ ਨੂੰ ਬਚਾਉਣ ਲੱਗਿਆ ਹੋਇਆ ਹੈ। ਕੋਈ ਬੇੜੀ ਵਿੱਚ ਵੱਟੇ ਪਾਉਣ ਲੱਗਿਆ ਹੋਇਆ ਹੈ। ਵਕਤ ਵਕਤ ਖੇਲਾ ਹੈ। ਜਿਸ ਦੀ ਜੇਬ ਭਰੀ ਹੋਈ ਹੈ, ਉਸ ਦੇ ਲਈ ਦੁਨੀਆ ਇੱਕ ਮੇਲਾ ਹੈ।

ਪੰਜਾਬ ਦੇ ਵਿੱਚ ਬਹੁਤੇ ਮੇਲ਼ੇ ਮੜੀਆਂ ਮਸਾਣਾਂ ਉਤੇ ਭਰਦੇ ਹਨ। ਮਰਨ ਵਾਲਾ, ਮੜੀਆਂ ਮਸਾਣਾਂ ਵਾਲਾ ਕੌਣ ਹੈ, ਕੋਈ ਪਤਾ ਨਹੀਂ ਕਰਦਾ। ਦੁਕਾਨਦਾਰ ਸਮਾਨ ਲੈ ਕੇ ਦੁਕਾਨਾਂ ਲਗਾਉਂਦੇ ਹਨ। ਮੌਕੇ ਅਨੁਸਾਰ ਉਹ ਸਮਾਨ ਵੇਚਦੇ ਹਨ। ਪੰਜਾਬ ਦੇ ਵਿੱਚ ਬਹੁਗਿਣਤੀ ਪੁੱਤ ਤੇ ਧੀਆਂ ਇਹਨਾਂ ਸਮਾਧਾਂ ਤੇ ਸੁਖਣਾ ਸੁਖ ਕੇ ਹੋਏ ਹਨ। ਤੁਸੀਂ ਇਹ ਅਕਸਰ ਸੁਣਦੇ ਓ, ਇਹ ਤਾਂ ਫਲਾਣੇ ਬਾਬਿਆਂ ਦੀ ਕਿਰਪਾ ਨਾਲ ਹੋਇਆ ਹੈ। ਬਾਬਿਆਂ ਦੀ ਕਿਰਪਾ ਕਿਵੇਂ ਹੁੰਦੀ ਹੈ। ਉਹ ਤੁਹਾਨੂੰ ਪਤਾ ਹੈ, ਮੈਨੂੰ ਦੱਸਣ ਦੀ ਲੋੜ ਨਹੀਂ। ਬਾਬਿਆਂ ਦੇ ਅੰਨ੍ਹੇ ਭਗਤਾਂ ਵਲੋਂ ਸਮਾਨ ਵੇਚਿਆ ਜਾਂਦਾ ਹੈ। ਉਹਨਾਂ ਦੀ ਮਹਿਮਾ ਗਾਈ ਜਾਂਦੀ ਹੈ। ਵੱਡੇ ਵੱਡੇ ਗੱਪ ਤੇ ਕਹਾਣੀਆਂ ਪ੍ਰਚਾਰੀਆਂ ਜਾਂਦੀਆਂ ਹਨ। ਅਸੀਂ ਲੋਕ ਕੰਨਾਂ ਦੇ ਕੱਚੇ ਹੁੰਦੇ ਹਾਂ, ਸੁਣੀ ਤੇ ਸੁਣਾਈਂ ਗੱਲ ਉਤੇ ਯਕੀਨ ਕਰਦੇ ਹਾਂ। ਹਿਟਲਰ ਨੀਤੀ ਹੈ ਕਿ ਇੱਕ ਝੂਠ ਨੂੰ ਸੌ ਵਾਰ ਬੋਲੋ, ਉਹ ਸੱਚ ਬਣ ਜਾਂਦੀ ਹੈ।

ਕੀ ਹੋਇਆ ਜੇ ਤੁਹਾਡੇ ਪੰਦਰਾਂ ਲੱਖ ਰੁਪਏ ਖਾਤਿਆਂ ਵਿੱਚ ਨਹੀਂ ਆਏ। ਉਹ ਵੀਹ ਸੌ ਪੰਜਤਾਲੀ ਵਿੱਚ ਜਰੂਰ ਆਉਣਗੇ। ਆਸ ਨੂੰ ਬੂਰ ਲੱਗਦਾ ਹੈ। ਬੀਬੀਆਂ ਦਾ ਚਾਲ਼ੀ ਹਜ਼ਾਰ ਰੁਪਏ ਅਗਲੇ ਦਿਨਾਂ ਵਿੱਚ ਆਉਣ ਵਾਲ਼ਾ ਹੈ। ਕਿਉਂਕਿ ਹੁਣ ਹੜ੍ਹ ਆਉਣ ਵਾਲ਼ਾ ਹੈ। ਇਸ ਭੂਚਾਲ ਨਾਲ ਕੌਣ ਕਿਸ ਨੂੰ ਠਿੱਬੀ ਲਾਉਂਦਾ ਹੈ, ਇਹ ਹੜ੍ਹ ਆਉਣ ਸਮੇਂ ਪਤਾ ਲੱਗੇਗਾ। ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਝੀਲਾਂ ਬਣੀਆਂ ਹੋਈਆਂ ਹਨ। ਹੁਣ ਕੋਈ ਮੁਟਿਆਰ ਇਹ ਨਹੀਂ ਗਾਉਂਦੀ, ਮੈਨੂੰ ਝੀਲਾਂ ਕੋਲ ਬਠਿੰਡੇ ਕੋਠੀ ਪਾਈ ਦੇ ਵੇ ਮਾਹੀਆ।

ਪੰਜਾਬ ਵਿੱਚ ਹੋ ਰਹੀ ਬਰਸਾਤ ਦਿਨੋਂ ਦਿਨ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ

ਮੈਂ ਪਾਣੀ ਪਾਣੀ ਹੋ ਗਈ ਮਿੱਤਰਾ।

ਹੁਣ ਕੌਣ ਦੱਸੇਗਾ ਕਿ ਪਾਣੀਆਂ ਦਾ ਮਸਲਾ ਕੀ ਹੈ, ਜਿਸ ਉੱਤੇ ਸਿਆਸਤ ਰੋਟੀਆਂ ਸੇ ਰਹੀ ਹੈ। ਅਗਲੇ ਦਿਨਾਂ ਵਿੱਚ ਕੀ ਹਨੇਰੀ ਆਉਂਦੀ ਹੈ, ਦੇਖਦੇ ਰਹੋ, ਬਦਲਾਅ ਵਾਲੀ ਫ਼ਿਲਮ। ਹੁਣ ਫ਼ਿਲਮ ਤੋਂ ਗੱਲ ਚੇਤੇ ਆਉਂਦੀ ਹੈ ਕਿ ਆਮ ਫ਼ਿਲਮ ਦਾ ਕੀ ਚੱਕਰ ਹੈ? ਧੋਤੀਆਂ ਵਾਲਿਆਂ ਨੂੰ ਪੱਗ ਦਾਹੜੀ ਵਾਲੇ ਕਿਉਂ ਨਹੀਂ ਚਾਹੁੰਦੇ? ਉਹਨਾਂ ਨੂੰ ਇਤਿਹਾਸ ਕਿਉਂ ਭੁੱਲ ਗਿਆ ਹੈ, ਜਾਂ ਉਹਨਾਂ ਨੂੰ ਕਿਸੇ ਨੇ ਉਹ ਇਤਿਹਾਸ ਪੜ੍ਹਾਇਆ ਨਹੀਂ, ਜਿਸਨੂੰ ਇਹ ਸਿੱਖਾਂ ਦੇ ਬਾਰਾਂ ਵੱਜ ਗਏ, ਵਾਲੇ ਅਸਲੀ ਸੱਚ ਨੂੰ। ਇਹਨਾਂ ਨੂੰ ਸੱਚ ਨਾਲ ਨਫ਼ਰਤ ਹੈ। ਝੂਠ ਤੇ ਗੋਬਰ ਨਾਲ ਪਿਆਰ ਹੈ। ਇਸੇ ਕਰਕੇ ਇਹ ਨਵੇਂ ਨਵੇਂ ਢੰਗ ਤਰੀਕੇ ਵਰਤਦੇ ਹਨ। ਅਸੀਂ ਵਰਤੇ ਜਾਂਦੇ ਹਾਂ ਕਿਉਂਕਿ ਸਾਡੇ ਵਿੱਚ ਬਹੁਤ ਲਹਿਣਾ ਸਿੰਘ ਵਰਗੇ ਹਨ, ਜਿਹੜੇ ਸਾਜ਼ਿਸ਼ ਕਰਨ ਲਈ ਮੌਕਾ ਵੇਖਦੇ ਹਨ। ਜਦੋਂ ਕੋਈ ਮੌਕਾ ਮਿਲਿਆ ਉਹ ਮਾਰੂਥਲ ਵਿੱਚ ਵੀ ਹੜ੍ਹ ਲਿਆ ਸਕਦੇ ਹਨ।

ਪਾਣੀ ਬਿਨਾਂ ਜੀਵਨ ਨਹੀਂ। ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।
ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।

ਅਸੀਂ ਤਾਂ ਗਾਈ ਜਾ ਰਹੇ ਹਾਂ, ਉਹਨਾਂ ਦੇ ਗੀਤ ਜਿਹੜੇ ਦਰਬਾਰੀ ਹਨ। ਉਹਨਾਂ ਦਾ ਕੰਮ ਹੈ ਵਪਾਰ ਕਰਨਾ। ਵਪਾਰ ਕੇਵਲ ਫਸਲਾਂ ਦਾ ਨਹੀਂ ਹੁੰਦਾ, ਨਸਲਾਂ ਦਾ ਵੀ ਹੁੰਦਾ ਹੈ। ਤੁਸੀਂ ਤੀਜਾ ਨੇਤਰ ਖੋਲ੍ਹ ਕੇ ਦੇਖਿਓ, ਸਭ ਕੁੱਝ ਨਜ਼ਰ ਆ ਜਾਵੇਗਾ ਕਿ ਪਾਣੀ ਕਿਥੇ ਚੜ੍ਹਿਆ ਹੋਇਆ ਹੈ ਤੇ ਕਿਧਰ ਉਤਰ ਗਿਆ ਹੈ। ਇਸੇ ਕਰਕੇ ਕਹਿੰਦੇ ਹਨ ਕਿ ਪਾਣੀ ਬਚਾਉਂਦਾ ਵੀ ਹੈ ਤੇ ਇਹ ਡੋਬਦਾ ਵੀ ਹੈ। ਪਾਣੀ ਦੀ ਤਾਕਤ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

ਪਾਣੀਆਂ ਨੂੰ ਅੱਗ ਲੱਗ ਗਈ
ਜੱਟੀ ਨ੍ਹਾ ਕੇ ਛੱਪੜ ਵਿਚੋਂ ਨਿਕਲੀ !
ਤੁਸੀਂ ਵੀ ਨ੍ਹਾ ਧੋ ਲਵੋ।

## ਓਪਰੀ ਕਵਿਤਾ

ਮੈਂ ਸੋਚ ਹੀ ਰਿਹਾ ਸੀ
ਕਿ ਹੁਣ ਮੈਂ ਵੀ ਜਾਵਾਂ
ਪਰ
ਤੇਰੇ ਜਾਣ ਮਗਰੋਂ
ਐਣ ਤੇਰੀ ਥਾਵੇਂ
ਉਹ ਆ ਕੇ ਬੈਠ ਗਈ
ਪਾਰਕ ਦੇ ਉਸ ਬੈਂਚ ਤੇ
ਅਜੇ ਵੀ
ਤੇਰੇ ਜਾਣ ਤੋਂ ਪਹਿਲਾਂ ਵਾਲੀ ਹੀ
ਗੂੜ੍ਹੀ ਚੁੱਪ ਸੀ
ਤੇ ਅੱਧੀ ਛਾਂ, ਅੱਧੀ ਧੁੱਪ ਸੀ।
ਮੈਂ ਛਾਂ ਲਪੇਟੀ ਬੈਠਾ ਸੀ
ਉਹ ਧੁੱਪ ਨੂੰ ਮਿੱਧੀ ਬੈਠੀ ਰਹੀ
ਤੇ ਐਣ ਸਿੱਧੀ ਬੈਠੀ ਰਹੀ
ਜਿਵੇਂ ਮੇਰੀ ਨੀਵੀਂ ਨੂੰ ਚਿੜਾ ਰਹੀ ਹੋਵੇ
ਤੇਰੇ ਤੋਂ ਜਮਾਂ ਉਲਟ
ਤੂੰ ਹੁੰਦੀ ਤੂੰ ਤਾਂ
ਮੇਰੀ ਨੀਵੀਂ ਨਾਲ ਲਿਪਟ ਜਾਣਾ ਸੀ
ਫਿਰ ਉਹਨੇ ਮੇਰੇ ਵੱਲ ਤੱਕਿਆ
ਤੇ ਸੁਭਾਅ ਮੁਤਾਬਕ
ਮੈਂ ਰਤਾ ਸੰਗ ਕੀਤੀ
ਉਹਨੇ ਬੇਝਿਜਕ
ਸੰਵਾਦ ਦੀ ਮੰਗ ਕੀਤੀ।
ਪਰ ਮੈਂ ਰਤਾ ਡਰਿਆ
ਠਰ ਗਈ ਛਾਤੀ 'ਚ
ਹਿੰਮਤ ਕਰਕੇ ਨਿੱਘਾ ਜਿਹਾ ਸਾਹ ਭਰਿਆ
ਅੱਖਾਂ ਅੱਖਾਂ ਚ ਉਹਨੂੰ
ਅਲਵਿਦਾ ਆਖੀ
ਤੇ ਉੱਠ ਖੜ੍ਹਿਆ।
ਆਪਣੀ ਥਾਵੇਂ ਮੈਂ ਉੱਠ ਆਇਆ ਹਾਂ
ਤੇ ਤੇਰੀ ਥਾਵੇਂ ਆ ਕੇ
ਬੈਠ ਗਈ ਸੀ ਜਿਹੜੀ
ਓਪਰੀ ਜਿਹੀ ਕਵਿਤਾ
ਉੱਥੇ ਹੀ ਬੈਠੀ ਛੱਡ ਆਇਆ ਹਾਂ।

## ਖ਼ਤਰਨਾਕ ਪਲ —

ਬਲਦੇ ਅੰਗਿਆਰਿਆਂ 'ਚੋਂ ਦੀ ਲੰਘਣਾ
ਹੋਰ ਗੱਲ ਹੁੰਦੀ ਹੈ
ਉੱਥੇ ਤੁਹਾਡੀ ਆਸਥਾ
ਬਣ ਸਕਦੀ ਹੈ
ਸਹਿਣਸ਼ੀਲਤਾ ਲਈ ਕਵੱਚ ।
ਸੱਪਾਂ ਵਾਲੇ ਜੰਗਲ 'ਚੋਂ ਦੀ ਲੰਘਣਾ
ਹੋਰ ਗੱਲ ਹੁੰਦੀ ਹੈ
ਉੱਥੇ ਤੁਹਾਡੀ ਬੀਨ
ਬਣ ਸਕਦੀ ਹੈ
ਸੱਪ ਦੂਰ ਰੱਖਣ ਲਈ ਭਰਮ ।
ਡਰਾਉਣੇ ਸਿਵਿਆਂ 'ਚੋਂ ਦੀ ਲੰਘਣਾ
ਹੋਰ ਗੱਲ ਹੁੰਦੀ ਹੈ
ਉੱਥੇ ਕੋਈ ਮੂਲ ਮੰਤਰ
ਬਣ ਸਕਦਾ ਹੈ
ਡਰ ਭਜਾਉਣ ਲਈ ਸੋਟੀ ।
ਪਰ ਮਹਿਬੂਬ ਦੇ ਪਿੰਡ 'ਚੋਂ ਦੀ ਲੰਘਣਾ
ਹੋਰ ਗੱਲ ਹੁੰਦੀ ਹੈ ।

• ਮੀਤ ਅਨਮੋਲ

ਲੇਖਾਕਾਰ ਦਾ ਲੇਖਾ

# ਇੰਜ ਬਣਾਏ ਮਜ਼ਦੂਰ ਕਰੋੜਾਂ ਦੇ ਕਾਰੋਬਾਰੀ..!




ਚਰਨਜੀਤ ਭੁੱਲਰ

ਚੰਡੀਗੜ੍ਹ : ਕੀ ਦਿਹਾੜੀਦਾਰ ਮਜ਼ਦੂਰ ਕਰੋੜਾਂ ਦਾ ਕਾਰੋਬਾਰ ਕਰ ਸਕਦੇ ਹਨ? ਲੁਧਿਆਣਾ ਦੇ ਇੱਕ ਲੇਖਾਕਾਰ ਵੱਲੋਂ ਬੁਣੇ ਤਾਣੇ ਬਾਣੇ ਨੂੰ ਦੇਖੀਏ ਤਾਂ ਇਹ ਸੌ ਫ਼ੀਸਦੀ ਸੱਚ ਜਾਪਦਾ ਹੈ। ਲੇਖਾਕਾਰ ਸਰਬਜੀਤ ਸਿੰਘ ਨੇ ਪੰਜਾਬ ਸਰਕਾਰ ਤੋਂ ਕਰੋੜਾਂ ਰੁਪਏ ਦਾ ਇਨਪੁੱਟ ਟੈਕਸ ਕ੍ਰੈਡਿਟ ਲੈਣ ਖ਼ਾਤਰ ਇੱਕ ਜਾਦੂਮਈ ਤਰੀਕਾ ਲੱਭਿਆ। ਮਾਸਟਰਮਾਈਂਡ ਸਰਬਜੀਤ ਸਿੰਘ ਨੇ ਵੀਹ ਮਜ਼ਦੂਰ /ਬੇਰੁਜ਼ਗਾਰ ਮੁੰਡੇ ਤਲਾਸ਼ੇ ਅਤੇ ਜਿਨ੍ਹਾਂ ਦੇ ਬੈਂਕ ਖਾਤੇ ਵਰਤਣ ਲਈ ਪ੍ਰਤੀ ਦਿਨ 800 ਰੁਪਏ ਦਿਹਾੜੀ ਦੇਣ ਦਾ ਵਾਅਦਾ ਕੀਤਾ। ਪਹਿਲੋਂ ਇਨ੍ਹਾਂ ਮਜ਼ਦੂਰਾਂ ਨੂੰ ਬਾਜ਼ਾਰ 'ਚ ਪੰਜ ਸੌ ਰੁਪਏ ਦਿਹਾੜੀ ਮਿਲਦੀ ਸੀ। ਇਨ੍ਹਾਂ ਮਜ਼ਦੂਰਾਂ ਨੇ ਵੱਧ ਦਿਹਾੜੀ ਦੇ ਲਾਲਚ 'ਚ ਆਪਣੇ ਬੈਂਕ ਖਾਤਿਆਂ ਦਾ ਵੇਰਵਾ ਅਤੇ ਆਧਾਰ ਕਾਰਡ ਸਰਬਜੀਤ ਸਿੰਘ ਨਾਲ ਸਾਂਝੇ ਕਰ ਦਿੱਤੇ। ਇਨ੍ਹਾਂ ਬੈਂਕ ਖਾਤਿਆਂ ਦੀ ਵਰਤੋਂ ਵੀਹ ਜਾਅਲੀ ਫ਼ਰਮਾਂ ਬਣਾਉਣ ਅਤੇ ਰਜਿਸਟਰ ਕਰਨ ਲਈ ਕੀਤੀ ਗਈ। ਫਿਰ ਇਨ੍ਹਾਂ ਫ਼ਰਮਾਂ ਲਈ ਜੀਐੱਸਟੀ ਨੰਬਰ ਹਾਸਲ ਕੀਤੇ ਅਤੇ ਐਸੋਸੀਏਟ ਬੈਂਕ ਖਾਤੇ ਖੋਲ੍ਹੇ ਗਏ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਸਰਬਜੀਤ ਸਿੰਘ ਦਾ ਤਿੰਨ ਵਰ੍ਹਿਆਂ ਤੋਂ ਚੱਲ ਰਿਹਾ ਅਨੋਖਾ ਧੰਦਾ ਬੇਨਕਾਬ ਕੀਤਾ ਹੈ। ਲੇਖਾਕਾਰ ਸਰਬਜੀਤ ਸਿੰਘ ਨੇ ਮਜ਼ਦੂਰਾਂ/ਬੇਰੁਜ਼ਗਾਰ ਨੌਜਵਾਨਾਂ ਦੇ ਨਾਮ 'ਤੇ ਵੀਹ ਜਾਅਲੀ ਫ਼ਰਮਾਂ ਬਣਾਈਆਂ ਅਤੇ ਇਨ੍ਹਾਂ ਫ਼ਰਮਾਂ 'ਚ 866.67 ਕਰੋੜ ਦਾ ਧੋਖਾਧੜੀ ਵਾਲਾ ਲੈਣ ਦੇਣ ਕੀਤਾ ਜਿਨ੍ਹਾਂ ਦੇ ਅਧਾਰ 'ਤੇ ਜਾਅਲੀ ਬਿੱਲ ਜਮ੍ਹਾ ਕਰਾ ਕੇ ਸਰਕਾਰ ਕੋਲ 157.22 ਕਰੋੜ ਦਾ ਇਨਪੁੱਟ ਟੈਕਸ ਕ੍ਰੈਡਿਟ ਦਾ ਦਾਅਵਾ ਕਰ ਦਿੱਤਾ ਤੇ ਵਿੱਤੀ ਫ਼ਾਇਦਾ ਲੈਣ ਵਿੱਚ ਸਫਲ ਹੋ ਗਿਆ। ਜਿਨ੍ਹਾਂ ਮਜ਼ਦੂਰਾਂ ਦੇ ਬੈਂਕ ਖਾਤੇ ਅਤੇ ਅਧਾਰ ਕਾਰਡਾਂ ਦੀ ਵਰਤੋਂ ਕੀਤੀ ਗਈ, ਉਹ ਮਜ਼ਦੂਰ ਆਪਣੇ ਕਰੋੜਾਂ ਰੁਪਏ ਦੇ ਕਾਰੋਬਾਰ ਤੋਂ ਬੇਖ਼ਬਰ ਹਨ ਕਿ ਉਨ੍ਹਾਂ ਦੇ ਨਾਮ 'ਤੇ ਕਿਤੇ ਅਜਿਹਾ ਵੀ ਹੋ ਰਿਹਾ ਹੈ। ਲੇਖਾਕਾਰ ਨੇ ਇਹ ਫ਼ਰਮਾਂ ਸਿਰਫ਼ ਕਾਗ਼ਜ਼ਾਂ 'ਚ ਹੀ ਖੜ੍ਹੀਆਂ ਕੀਤੀਆਂ ਜਿਨ੍ਹਾਂ ਦੀ ਕਿਧਰੇ ਕੋਈ ਮੌਜੂਦਗੀ ਨਹੀਂ ਸੀ ਅਤੇ ਨਾ ਹੀ ਕੋਈ ਦਫ਼ਤਰੀ ਇਮਾਰਤ ਸੀ। ਇੱਥੋਂ ਤੱਕ ਕਿ ਅਸਲ ਵਿੱਚ ਕੋਈ ਵਪਾਰਿਕ ਗਤੀਵਿਧੀ ਵੀ ਨਹੀਂ ਸੀ।

ਲੇਖਾਕਾਰ ਨੇ ਸਾਲ 2023 ਤੋਂ ਇਹ ਧੰਦਾ ਸ਼ੁਰੂ ਕੀਤਾ ਹੋਇਆ ਸੀ ਜਿਸ 'ਚ 157.22 ਕਰੋੜ ਦੇ ਇਨਪੁੱਟ ਟੈਕਸ ਕ੍ਰੈਡਿਟ (ਆਈਟੀਸੀ) ਦਾ ਦਾਅਵਾ ਕੀਤਾ ਗਿਆ। ਟੈਕਸੇਸ਼ਨ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਮੁਲਜ਼ਮ ਨੇ ਸਾਲ 2023-24 ਵਿੱਚ ਜਾਅਲੀ ਬਿੱਲ ਤਿਆਰ ਕਰਕੇ 249 ਕਰੋੜ ਦਾ ਲੈਣ ਦੇਣ ਦਿਖਾ ਕੇ 45.12 ਕਰੋੜ ਰੁਪਏ ਦੇ ਆਈਟੀਸੀ ਦਾ ਦਾਅਵਾ ਕੀਤਾ ਅਤੇ 2024-25 ਵਿੱਚ 569.54 ਕਰੋੜ ਰੁਪਏ ਦੇ ਲੈਣ-ਦੇਣ ਦਿਖਾ ਕੇ 104.08 ਕਰੋੜ ਰੁਪਏ ਦੇ ਆਈਟੀਸੀ ਦਾ ਦਾਅਵਾ ਕੀਤਾ ਗਿਆ । ਇਸੇ ਤਰ੍ਹਾਂ ਚਾਲੂ ਵਿੱਤੀ ਸਾਲ ਦੇ ਪਹਿਲੇ ਦੋ ਮਹੀਨਿਆਂ ਵਿੱਚ 47.25 ਕਰੋੜ ਦਾ ਲੈਣ ਦੇਣ ਦਿਖਾ ਕੇ 8.01 ਕਰੋੜ ਰੁਪਏ ਦੇ ਆਈਟੀਸੀ ਦਾ ਦਾਅਵਾ ਕੀਤਾ ਗਿਆ। ਇਸ ਸਮੁੱਚੀ ਧੋਖਾਧੜੀ ਦਾ ਪਰਦਾਫਾਸ਼ ਟੈਕਸੇਸ਼ਨ ਵਿਭਾਗ ਦੇ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟ ਨੇ ਕੀਤਾ ਹੈ ਅਤੇ ਇਸ ਦਾ ਪੁਲੀਸ ਕੇਸ ਵੀ ਦਰਜ ਕਰਾਇਆ ਗਿਆ ਹੈ।

ਪਤਾ ਲੱਗਿਆ ਹੈ ਕਿ ਸਰਬਜੀਤ ਸਿੰਘ ਫ਼ਰਾਰ ਹੈ ਜਦੋਂ ਕਿ ਉਸ ਦੇ ਦੋ ਸਾਥੀ ਫੜੇ ਗਏ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਇਸ ਮਾਮਲੇ 'ਚ ਅਹਿਮ ਸਬੂਤ ਜ਼ਬਤ ਕਰ ਲਏ ਗਏ ਹਨ ਅਤੇ ਇਨ੍ਹਾਂ 'ਚ ਬਿਨਾਂ ਦਸਤਖ਼ਤ ਵਾਲੇ ਚੈੱਕ ਬੁੱਕ, ਜਾਅਲੀ ਇਨਵੌਇਸ ਬੁੱਕ ਅਤੇ 40 ਲੱਖ ਰੁਪਏ ਨਕਦ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਵਿਸਥਾਰ ਵਿੱਚ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਭਵਿੱਖ 'ਚ ਅਜਿਹੇ ਕਾਰਨਾਮੇ ਕਰਨ ਵਾਲਿਆਂ 'ਤੇ ਨਜ਼ਰ ਰੱਖੀ ਜਾ ਸਕੇ।

### ਟਰਾਂਸਪੋਰਟਰ 'ਤੇ ਵੀ ਮਾਮਲਾ ਦਰਜ

ਟਰਾਂਸਪੋਰਟਰ ਮਾਂ ਦੁਰਗਾ ਰੋਡ ਲਾਈਨਜ਼ 'ਤੇ 168 ਕਰੋੜ ਰੁਪਏ ਦੇ ਜਾਅਲੀ ਈ-ਵੇਅ ਬਿੱਲ ਬਣਾਉਣ ਅਤੇ ਬੇਹਿਸਾਬ ਸਮਾਨ ਦੀ ਢੋਆ-ਢੁਆਈ ਵਿੱਚ ਸ਼ਾਮਲ ਹੋਣ ਲਈ ਮਾਮਲਾ ਦਰਜ ਕੀਤਾ ਗਿਆ ਹੈ। ਇਹ ਈ-ਵੇਅ ਬਿੱਲ ਲੁਧਿਆਣਾ-ਅਧਾਰਿਤ ਫ਼ਰਮਾਂ ਦੇ ਪ੍ਰਮਾਣ ਪੱਤਰਾਂ ਦੀ ਵਰਤੋਂ ਕਰਕੇ ਤਿਆਰ ਕੀਤੇ ਗਏ ਸਨ, ਜੋ ਦਿੱਲੀ ਤੋਂ ਲੁਧਿਆਣਾ ਤੱਕ ਸਾਮਾਨ ਦੀ ਆਵਾਜਾਈ ਨੂੰ ਦਰਸਾਉਂਦੇ ਹਨ, ਜਦੋਂ ਕਿ ਅਸਲ ਵਿੱਚ ਕੋਈ ਵਾਹਨ ਪੰਜਾਬ ਵਿੱਚ ਦਾਖਲ ਨਹੀਂ ਹੋਇਆ।

CANADIAN TRUCK TRAINING CENTRE






ਤਸੱਲੀਬਖਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level1
LIC# M14000011
BROKERAGE LIC#10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਜ਼ਹਿਰ

ਚਾਹ ਦੇ ਕੱਪ ਤੇ ਪੰਜਵੀਂ ਕਹਾਣੀ
ਲੇਖਕ : ਰਮਾ ਕਾਂਤ
ਅਨੁਵਾਦ: ਗੁਰਦਿਆਲ ਦਲਾਲ

" ਕੀ ਤੁਹਾਡੇ ਕੋਲ਼ ਕੋਈ ਇਹੋ ਜਿਹੀ ਜ਼ਹਿਰ ਹੋਵੇਗੀ, ਜੋ ਕਿਸੇ ਨੂੰ ਦੇਣ ਮਗਰੋਂ ਪਤਾ ਨਾ ਲੱਗੇ ? " ਉਸ ਆਦਮੀ ਨੇ ਕੈਮਿਸਟ ਤੋਂ ਹੌਲ਼ੀ ਦੇਣੇ ਪੁੱਛਿਆ।

ਕੈਮਿਸਟ ਬਹੁਤ ਬੁੱਢਾ ਬੰਦਾ ਸੀ । ਉਸਨੇ ਆਪਣੇ ਗਾਹਕ ਵੱਲ ਬੜੇ ਧਿਆਨ ਨਾਲ਼ ਵੇਖਿਆ ਤੇ ਬੋਲਿਆ, " ਹਾਂ ਹੈ---ਹੈ ਕਿਉਂ ਨਹੀਂ ? "

" ਤਾਂ ਫਿਰ ਇਕ ਖੁਰਾਕ ਬਣਾ ਦਿਓ ।"

" ਪਰ ਪਹਿਲਾਂ ਮੈਨੂੰ ਇਹ ਦੱਸੋ, ਤੁਸੀਂ ਕਿਸ ਦੀ ਹੱਤਿਆ ਕਰਨੀ ਚਾਹੁੰਦੇ ਹੋ ? "

"ਹੱਤਿਆ? ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਮੈਂ ਹੱਤਿਆ ਹੀ ਕਰਨੀ ਚਾਹੁੰਦਾ ਹਾਂ?"

" ਇਹਦੇ ਲਈ ਕਿਸੇ ਨੂੰ ਸ਼ਰਲਾਕ ਹੋਮਜ਼ ਹੋਣ ਦੀ ਲੋੜ ਨਹੀਂ ।ਆਤਮ-ਹੱਤਿਆ ਕਰਨ ਲਈ ਕੋਈ ਇਹੋ ਜਿਹੀ ਜ਼ਹਿਰ ਨਹੀਂ ਲੱਭਦਾ ਫਿਰਦਾ ।" ਬੁੱਢਾ ਹੱਸਿਆ।

"ਪਰ ਕੀ ਇਹ ਦੱਸਣਾ ਜ਼ਰੂਰੀ ਏ ਕਿ ਮੈਂ ਕਿਸ ਦੀ ਹੱਤਿਆ ਕਰਨੀ ਚਾਹੁੰਦਾ ਹਾਂ?"

" ਹਾਂ, ਜ਼ਰੂਰੀ ਏ, ਨਹੀਂ ਤਾਂ ਮੈਂ ਜ਼ਹਿਰ ਨਹੀਂ ਦਿਆਂਗਾ।"

" ਮੰਨ ਲਓ --ਮੈਂ ਆਪਣੀ ਪਤਨੀ ਦੀ ਹੱਤਿਆ ਕਰਨੀ ਚਾਹੁੰਦਾ ਹਾਂ ।"

" ਮੰਨ ਲੈਣ ਦੀ ਗੱਲ ਨਹੀਂ --- ਹੱਤਿਆ ਵਰਗੀ ਗੰਭੀਰ ਗੱਲ ਨੂੰ ਕੇਵਲ ਮੰਨ ਲੈਣ ਨਾਲ਼ ਕੰਮ ਨਹੀਂ ਚਲਦਾ --- ਠੀਕ-ਠੀਕ ਦੱਸੋ ।"

" ਇਹ ਸਹੀ ਏ ਕਿ ਮੈਂ ਆਪਣੀ ਪਤਨੀ ਨੂੰ ਜ਼ਹਿਰ ਦੇਣੀ ਚਾਹੁੰਦਾ ਹਾਂ ।"

" ਉਫ !-- ਪਤਨੀ ਨੂੰ!!, ਇਸ ਉਮਰ ਵਿੱਚ ਸਭ ਇਹੀ ਚਾਹੁੰਦੇ ਨੇ ।" ਬੁੱਢੇ ਕੈਮਿਸਟ ਨੇ ਕਿਹਾ, " ਆ ਜਾਓ ਅੰਦਰ।"




ਆਦਮੀ ਅਧਖੜ ਉਮਰ ਦਾ ਸੀ, ਅੰਦਰ ਚਲਾ ਗਿਆ। ਬੁੱਢੇ ਨੇ ਉਸ ਨੂੰ ਬੈਠਣ ਲਈ ਇਕ ਕੁਰਸੀ ਵੱਲ ਇਸ਼ਾਰਾ ਕੀਤਾ ਤੇ ਬੋਲਿਆ,"ਜਦੋਂ ਤੁਸੀਂ ਆਏ ਮੈਂ ਆਪਣੇ ਲਈ ਇਕ ਕੱਪ ਚਾਹ ਬਨਾਉਣ ਲੱਗਾ ਸਾਂ।ਮੈਂ ਚਾਹੁੰਦਾ ਹਾਂ ਕਿ ਤੁਸੀਂ ਵੀ ਇਕ ਕੱਪ ਪੀ ਲੈਣਾ।ਸ਼ਾਇਦ ਚਾਹ ਪੀਣ ਨਾਲ਼ ਤੁਹਾਡਾ ਤਣਾਓ ਘਟ ਜਾਵੇ ।"

"ਠੀਕ ਏ, ਪੀ ਲਵਾਂਗਾ।" ਭਾਵੀ ਹਤਿਆਰੇ ਨੇ ਗੱਲ ਨਾ ਵਧਾਉਣ ਦੀ ਗਰਜ ਨਾਲ਼ ਕਿਹਾ।

ਥੋੜ੍ਹੀ ਦੇਰ ਮਗਰੋਂ ਬੁੱਢੇ ਨੇ ਉਸ ਅੱਗੇ ਚਾਹ ਦੀ ਪਿਆਲੀ ਰੱਖ ਦਿੱਤੀ । ਦੋਨੋਂ ਚੁੱਪਚਾਪ ਚਾਹ ਪੀਂਦੇ ਰਹੇ। ਚਾਹ ਖ਼ਤਮ ਕਰ ਕੇ ਉਸ ਆਦਮੀ ਨੇ ਕਾਹਲ਼ਾ ਪੈਂਦਿਆਂ ਕਿਹਾ," ਚੰਗਾ ਹੁਣ ਦੇਰ ਨਾ ਕਰੋ, ਮੈਨੂੰ ਉਹ ਖ਼ੁਰਾਕ ਦੇ ਦਿਓ । ਮੁੱਲ ਵੀ ਦੱਸ ਦਿਓ।"

"ਪੰਜ ਸੌ ਰੁਪਏ ।"

"ਪੰਜ ਸੌ ਤਾਂ ਬਹੁਤ ਜ਼ਿਆਦਾ ਨੇ ।"

"ਮੈਂ ਸੌਦੇਬਾਜੀ ਵਿੱਚ ਨਹੀਂ ਪੈਂਦਾ ।ਜੋ ਤੁਸੀਂ ਕਹਿੰਦੇ ਹੋ, ਉਸ ਲਈ ਇਹ ਬਹੁਤੀ ਕੀਮਤ ਨਹੀਂ "

ਬੁੱਢਾ ਨਹੀਂ ਮੰਨੇਗਾ, ਇਹ ਸੋਚ ਕੇ ਗਾਹਕ ਨੇ ਪੰਜ ਸੌ ਰੁਪਏ ਗਿਣ ਦਿੱਤੇ ।

" ਲਿਆਓ--- ਹੁਣ ਛੇਤੀ ਕਰੋ । ਮੈਨੂੰ ਦੇਰ ਹੋ ਰਹੀ ਏ ।ਇਹ ਖੁਰਾਕ --- ਮੇਰਾ ਮਤਲਬ ਕਿੰਨੀ ਦੇਰ ਵਿੱਚ ਅਸਰ ਕਰੇਗੀ ? "

" ਤਿੰਨ ਘੰਟੇ ਵਿੱਚ ਕੰਮ ਤਮਾਮ ਹੋ ਜਾਵੇਗਾ ।"

" ਚੰਗਾ ਦਵੋ ।"

" ਉਹ ਤਾਂ ਮੈਂ ਦੇ ਚੁੱਕਿਆ ।"

" ਦੇ ਚੁੱਕਿਆ ? ਕੀ ?--- ਕੀ ਮਤਲਬ ?"

" ਤੁਸੀਂ ਹੁਣੇ-ਹੁਣੇ ਜੋ ਚਾਹ ਪੀਤੀ ਹੈ, ਜ਼ਹਿਰ ਮੈਂ ਉਸ ਵਿੱਚ ਮਿਲਾ ਦਿੱਤੀ ਸੀ ।"

ਭਾਵੀ ਹਤਿਆਰਾ ਦੰਦ ਪੀਂਹਦਾ ਕੈਮਿਸਟ ਤੇ ਝਪਟਿਆ, " ਮੈਂ ਤੇਰਾ ਖ਼ੂਨ ਪੀ ਜਾਵਾਂਗਾ ਸ਼ੈਤਾਨਾ ।"

" ਸੁਣੋ--- ਮੈਨੂੰ ਮਾਰਨ ਦਾ ਕੋਈ ਫਾਇਦਾ ਨਹੀਂ , ਮੈਂ ਜੋ ਜ਼ਹਿਰ ਦਿੱਤੀ ਏ , ਉਹ ਤਿੰਨ ਘੰਟੇ 'ਚ ਆਪਣਾ ਕੰਮ ਕਰੇਗੀ । ਜੇ ਮੈਨੂੰ ਮਾਰ ਦੇਵੋਗੇ ਤਾਂ ਤਿੰਨ ਘੰਟੇ ਤੱਕ ਤੁਸੀਂ ਜ਼ਰੂਰ ਮਰ ਜਾਵੋਗੇ ।"

" ਪਰ, ਮੈਂ ਤੈਨੂੰ ਮਾਰ ਕੇ ਮਰਾਂਗਾ ।" ਉਹ ਫਿਰ ਕੈਮਿਸਟ ਤੇ ਝਪਟਿਆ ।

" ਫੇਰ ਤੈਨੂੰ ਉਸ ਜ਼ਹਿਰ ਦੀ ਕਾਟ ਕੌਣ ਦੱਸੇਗਾ, ਜੋ ਮੈਂ ਦਿੱਤੀ ਹੈ ? "

ਉਸ ਦੇ ਹੱਥ ਰੁਕ ਗਏ ਤੇ ਬੋਲਿਆ ," ਕਾਟ ?"

" ਹਾਂ ਕਾਟ--- ਕਿਉਂ ਨਹੀਂ ? ਆਖ਼ਿਰ ਮੈਂ ਕੈਮਿਸਟ ਹਾਂ ।"

" ਚੰਗਾ ਫਿਰ ਛੇਤੀ ਦਿਓ--- ਮੇਰਾ ਗਲ਼ਾ ਸੁੱਕ ਰਿਹਾ ਏ --- ਮੇਰੀ ਜੀਭ ਮੁੜ ਰਹੀ ਏ ।"

" ਠਹਿਰੋ ਜਰਾ ---ਐਨੀ ਜਲਦੀ ਵਾਲ਼ੀ ਕੋਈ ਗੱਲ ਨਹੀਂ-- ਤਿੰਨ ਘੰਟੇ ਦਾ ਸਮਾਂ ਆਪਣੇ ਕੋਲ਼ ਹੈ । ਐਨੇ ਕੁ ਸਮੇਂ ਵਿੱਚ ਮੈਂ ਜ਼ਹਿਰ ਦਾ ਅਸਰ ਖ਼ਤਮ ਕਰਨ ਲਈ ਤੁਹਾਡੇ ਵਾਸਤੇ ਦਵਾਈ ਬਣਾ ਦਿਆਂਗਾ, ਪਰ ਪਹਿਲਾਂ ਮੇਰੀ ਇਕ ਸ਼ਰਤ ਹੈ। "

"ਕਿਹੜੀ ਸ਼ਰਤ ? "

"ਇਸ ਦਵਾਈ ਦੇ ਦੁੱਗਣੇ ਪੈਸੇ ਲੱਗਣਗੇ ।"

ਭਾਵੀ ਹਤਿਆਰਾ ਫਿਰ ਦੰਦ ਪੀਹਣ ਲੱਗਾ ਤੇ ਕੈਮਿਸਟ ਉੱਤੇ ਝਪਟਿਆ ।

"ਮੈਨੂੰ ਮਾਰਨ ਦਾ ਕੋਈ ਫਾਇਦਾ ਨਹੀਂ, ਤੈਨੂੰ ਦਵਾਈ ਨਹੀਂ ਮਿਲ ਸਕੇਗੀ ।"

"ਮੈਂ ਆਪ ਹੀ ਲੱਭ ਲਵਾਂਗਾ ਦਵਾਈ ।"

"ਇਨ੍ਹਾਂ ਹਜ਼ਾਰਾਂ ਸ਼ੀਸ਼ੀਆਂ ਵਿੱਚੋਂ? "ਕੈਮਿਸਟ ਠਹਾਕਾ ਮਾਰ ਕੇ ਹੱਸਿਆ।

"ਤੁਸੀਂ ਸਾਰੀ ਉਮਰ ਨਹੀਂ ਲੱਭ ਸਕੋਗੇ ਤੇ ਇਹ ਉਮਰ ਸਿਰਫ਼ ਤਿੰਨ ਘੰਟੇ ਹੈ ।"

ਭਾਵੀ ਹਤਿਆਰਾ ਪਸੀਨੇ ਨਾਲ਼ ਗੱਚ ਹੋ ਗਿਆ । ਬੇਵਸ ਹੋ ਕੇ ਉਸ ਨੇ ਹਜ਼ਾਰ ਰੁਪਏ ਗਿਣੇ ।

"ਇਕ ਗੱਲ ਹੋਰ ।"

"ਉਹ ਕੀ ? "

"ਤੁਹਾਨੂੰ ਇਕ ਕਨਫੈਸ਼ਨ--- ਭਾਵ ਹਲਫੀਆ ਬਿਆਨ ਲਿਖਣਾ ਹੋਵੇਗਾ ਕਿ ਤੁਸੀਂ ਆਪਣੀ ਪਤਨੀ ਦੀ ਹੱਤਿਆ ਕਰਨ ਲਈ ਜ਼ਹਿਰ ਖ਼ੀਦਣ ਮੇਰੇ ਕੋਲ਼ ਆਏ ਸੀ । ਫਿਰ ਉਸ ਉੱਤੇ ਦਸਤਖ਼ਤ ਕਰ ਕੇ ਉਂਗਲ਼ੀਆਂ ਦੇ ਨਿਸ਼ਾਨ ਵੀ ਲਾਉਣੇ ਪੈਣਗੇ ਤਾਂ ਕਿ ਜੇ ਭਵਿੱਖ ਵਿੱਚ ਤੁਹਾਡੀ ਪਤਨੀ ਦੀ ਹੱਤਿਆ ਹੋਵੇ ਤਾਂ ਮੈਂ ਤੁਹਾਨੂੰਜ਼ਮ ਪੁਲ਼ਸ ਹਵਾਲੇ ਕਰ ਸਕਾਂ ।"

ਉਸ ਆਦਮੀ ਨੂੰ ਫਿਰ ਕੈਮਿਸਟ ਤੇ ਗੁੱਸਾ ਆਉਣ ਲੱਗਾ । ਇਹੋ ਜਿਹਾ ਬਕਵਾਸ ਬੰਦਾ ਤਾਂ ਉਸ ਨੇ ਜ਼ਿੰਦਗੀ ਭਰ ਨਹੀਂ ਸੀ ਵੇਖਿਆ । ਪਰ ਆਪਣੀ ਜਾਨ ਦੀ ਕੀਮਤ ਹਮੇਸ਼ਾ ਦੂਜਿਆਂ ਦੀ ਜਾਨ ਨਾਲ਼ੋਂ ਵੱਧ ਹੁੰਦੀ ਹੈ । ਹੁਣ ਉਸ ਦੀ ਜ਼ੁਬਾਨ ਬੁਰੀ ਤਰ੍ਹਾਂ ਕੰਬ ਰਹੀ ਸੀ ਤੇ ਅੱਖਾਂ ਤੋਂ ਜਿਵੇਂ ਵਿਖਾਈ ਵੀ ਘੱਟ ਦੇਣ ਲੱਗਾ ਸੀ । ਬੇਵਸ ਹੋ ਕੇ ਉਸ ਨੇ ਕੈਮਿਸਟ ਦੀ ਇਹ ਸ਼ਰਤ ਵੀ ਮੰਨ ਲਈ । ਕੈਮਿਸਟ ਤੋਂ ਹੀ ਕਾਗਜ਼ ਲੈ ਕੇ ਉਸ ਨੇ ਹਲਫੀਆ ਬਿਆਨ ਲਿਖਿਆ । ਦਸਤਖ਼ਤ ਕੀਤੇ ਤੇ ਉਂਗਲ਼ੀਆਂ ਦੇ ਨਿਸ਼ਾਨ ਵੀ ਲਾ ਦਿੱਤੇ ।

" ਹੁਣ ਦਵਾਈ ਛੇਤੀ ਦਿਓ ।"

" ਹਾਂ-ਹਾਂ।" ਕੈਮਿਸਟ ਨੇ ਉਸ ਵੱਲ ਇਕ ਸ਼ੀਸ਼ੀ ਵਧਾਉਂਦਿਆਂ ਕਿਹਾ , "ਆਹ ਲਓ ਸਾਦੇ ਪਾਣੀ ਦੀ ਸ਼ੀਸ਼ੀ "।

" ਸਾਦਾ ਪਾਣੀ ? ਇਹ ਕੀ ਮਜ਼ਾਕ ਹੈ ? "

" ਦਰਅਸਲ ਮੈਂ ਤੁਹਾਨੂੰ ਕੋਈ ਜ਼ਹਿਰ ਦਿੱਤੀ ਹੀ ਨਹੀਂ । ਪਰ ਇਹ ਮਜ਼ਾਕ ਨਹੀਂ । ਮੈਂ ਜ਼ਹਿਰ ਦੇਣ ਦੇ ਨਹੀਂ , ਸਗੋਂ ਆਦਮੀ ਦੀ ਅੰਦਰਲੀ ਜ਼ਹਿਰ ਕੱਢਣ ਦੇ ਪੈਸੇ ਲੈਂਦਾ ਹਾਂ ।"

ਭਾਵੀ ਹਥਿਆਰੇ ਨੇ , ਜੋ ਹੁਣ ਹਤਿਆਰਾ ਨਹੀਂ ਸੀ , ਸ਼ੀਸ਼ੀ ਜ਼ਮੀਨ ਤੇ ਪਟਕਾ ਮਾਰੀ । ਜਦੋਂ ਉਹ ਦੁਕਾਨ ਤੋਂ ਬਾਹਰ ਨਿਕਲ਼ਿਆ ਉਸ ਨੂੰ ਕੈਮਿਸਟ ਦੀ ਆਵਾਜ਼ ਸੁਣਾਈ ਦਿੱਤੀ , " ਸੁਣੋ --- ਆਪਣੀ ਪਤਨੀ ਨੂੰ ਮੇਰਾ ਪਤਾ ਜ਼ਰੂਰ ਦੱਸ ਦੇਣਾ । ਹੋ ਸਕਦਾ ਹੈ, ਤੁਹਾਡੇ ਵਰਗੀ ਜ਼ਹਿਰ ਉਸ ਵਿੱਚ ਵੀ ਭਰੀ ਹੋਵੇ ।

# ਟੀਪੀਏਆਰ ਕਲੱਬ ਦੇ ਮੈਂਬਰਾਂ ਨੇ ਕ੍ਰਿਸਟਲ ਬੀਚ ਦਾ ਲਗਾਇਆ ਪਿਕਨਿਕ-ਨੁਮਾ ਮਨੋਰੰਜਕ ਟੂਰ










ਬਰੈਂਪਟਨ, (ਡਾ.ਝੰਡ) - ਬਰੈਂਪਟਨ ਦੀ 'ਟੋਰਾਂਟੋ ਪੀਅਰਸਨ ਏਅਰਪੋਰਟ ਕਲੱਬ' (ਟੀਪੀਏਆਰ ਕਲੱਬ) ਜਿੱਥੇ ਦੌੜਾਂ ਦੇ ਵੱਖ-ਵੱਖ ਮੁਕਾਬਲਿਆਂ, ਚੈਰਿਟੀਆਂ ਅਤੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟਾਂ ਵਿੱਚ ਸਰਗ਼ਰਮੀ ਨਾਲ ਭਾਗ ਲੈਂਦੀ ਹੈ, ਉੱਥੇ ਉਹ ਆਪਣੇ ਮੈਂਬਰਾਂ ਦੇ ਮਨੋਰੰਜਨ ਦਾ ਵੀ ਪੂਰਾ ਖ਼ਿਆਲ ਰੱਖਦੀ ਹੈ। ਉਸ ਦੇ ਮੈਂਬਰ ਸਾਲ ਵਿੱਚ ਦੋ-ਤਿੰਨ ਵਾਰ ਬਰੈਂਪਟਨ ਤੋਂ ਬਾਹਰ ਕੁਦਰਤੀ ਖ਼ੂਬਸੂਰਤੀ ਵਾਲੀਆਂ ਰਮਣੀਕ ਥਾਵਾਂ ਦਾ ਟੂਰ ਵੀ ਲਗਾਉਂਦੇ ਹਨ ਅਤੇ ਉੱਥੇ ਪਿਕਨਿਕ ਦੇ ਮਨੋਰੰਜਕ ਮਹੌਲ ਵਿੱਚ ਖ਼ੂਬ ਨੱਚ, ਟੱਪ ਕੇ ਅਤੇ ਭੰਗੜਾ ਪਾ ਕੇ ਆਪਣੀ ਅੰਦਰੂਨੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਨ। ਸਰੀਰਕ ਸਿਹਤ ਸਹੀ ਰੱਖਣ ਦੇ ਨਾਲ ਨਾਲ ਉਨ੍ਹਾਂ ਦੀ ਮਾਨਸਿਕ ਸਿਹਤ ਲਈ ਇਹ ਜ਼ਰੂਰੀ ਵੀ ਹੈ।

ਅਜਿਹਾ ਹੀ ਇੱਕ ਦਿਲਚਸਪ ਟੂਰ ਕਲੱਬ ਦੇ ਮੈਂਬਰਾਂ ਵੱਲੋਂ ਲੰਘੇ ਸ਼ਨੀਵਾਰ 28 ਜੂਨ ਨੂੰ ਨਿਆਗਰਾ ਫ਼ਾਲਜ਼ ਦੇ ਦੱਖਣ ਵੱਲ ਪੈਂਦੀ ਮਸ਼ਹੂਰ ਕ੍ਰਿਸਟਲ ਬੀਚ ਦਾ ਲਗਾਇਆ ਗਿਆ। ਸਾਰੇ ਮੈਂਬਰ ਸਵੇਰੇ 9.00 ਵਜੇ ਏਅਰਪੋਰਟ ਰੋਡ ਤੇ ਕੰਟਰੀਸਾਈਡ ਰੋਡ ਵਾਲੇ ਪਲਾਜ਼ੇ ਦੀ ਪਾਰਕਿੰਗ ਵਿੱਚ ਸਬਵੇਅ ਦੇ ਸਾਹਮਣੇ ਇਕੱਤਰ ਹੋਏ ਜਿੱਥੇ ਇੱਕ ਸਕੂਲ ਬੱਸ ਪਹਿਲਾਂ ਹੀ ਬੜੀ ਤੀਬਰਤਾ ਨਾਲ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਸੀ। ਪਿਕਨਿਕ-ਨੁਮਾ ਇਸ ਟੂਰ ਦੇ ਲਈ ਲਿਆਂਦਾ ਗਿਆ ਲੋੜੀਂਦਾ 'ਸਾਜ਼ੋ-ਸਮਾਨ' ਬੱਸ ਦੇ ਬਾਹਰਵਾਰ ਦੋਵੇਂ ਪਾਸੇ ਬਣੀਆਂ ਥਾਵਾਂ ਵਿੱਚ ਟਿਕਾਉਣ ਤੋਂ ਬਾਅਦ ਮੈਂਬਰਾਂ ਨੇ ਬੱਸ ਦੇ ਸਾਹਮਣੇ ਖੜੇ ਹੋ ਕੇ ਗਰੁੱਪ-ਫ਼ੋਟੋ ਖਿਚਵਾਈ ਤੇ ਫਿਰ ਬੱਸ ਵਿੱਚ ਆਪਣੀਆਂ ਸੀਟਾਂ 'ਤੇ ਬਿਰਾਜਮਾਨ ਹੋ ਗਏ। ਬੁਲੰਦ ਆਵਾਜ਼ ਵਿੱਚ ਇੱਕ ਮੈਂਬਰ ਵੱਲੋਂ 'ਬੋਲੇ ਸੋ ਨਿਹਾਲ ਦਾ ਜੈਕਾਰਾ ਛੱਡਿਆ ਗਿਆ ਅਤੇ 'ਸਤਿ ਸਿਰੀ ਅਕਾਲ' ਦੀ ਸਾਂਝੀ ਆਵਾਜ਼ ਨਾਲ ਬੱਸ ਸਵਾ ਕੁ ਨੌਂ ਵਜੇ ਉੱਥੋਂ ਆਪਣੀ ਮੰਜ਼ਲ ਰਵਾਨਾ ਹੋਈ।

ਰਸਤੇ ਵਿਚ ਮੈਂਬਰਾਂ ਨੇ ਓਕਵਿਲ ਤੋਂ ਆਪਣੇ ਕੁਝ ਸਾਥੀਆਂ ਨੂੰ ਵੀ ਨਾਲ ਲੈਣਾ ਸੀ ਜੋ ਉੱਥੇ ਇੱਕ 'ਟਿਮ ਹੋਲਟਿਨ' ਦੇ ਸਾਹਮਣੇ ਬੱਸ ਦੀ ਉਡੀਕ ਕਰ ਰਹੇ ਸਨ। ਟਿਮ ਹੋਲਟਨ ਵੇਖਦਿਆਂ ਹੀ ਕੁੱਝ ਮੈਂਬਰਾਂ ਨੂੰ ਕਾਫ਼ੀ ਦੀ 'ਤਲਬ' ਮਹਿਸੂਸ ਹੋਈ ਤੇ ਉਹ ਓਧਰ ਨੂੰ ਚੱਲ ਪਏ ਤੇ ਫਿਰ ਵੇਖੋ-ਵੇਖੀ ਕਈ ਹੋਰ ਵੀ ਉਨ੍ਹਾਂ ਦੇ ਮਗਰ ਹੋ ਤੁਰੇ। ਗੱਲ ਕੀ, ਅੱਧਾ ਕੁ ਘੰਟਾ ਰਸਤੇ ਦੇ ਇਸ 'ਪੜਾਅ' ਨੇ ਹੀ ਲੈ ਲਿਆ ਅਤੇ ਲੱਗਭੱਗ ਬਾਰਾਂ ਕੁ ਵਜੇ ਬੱਸ ਕ੍ਰਿਸਟਲ ਬੀਚ ਦੇ ਨੇੜੇ ਪਹੁੰਚ ਸਕੀ।

ਉੱਥੇ ਪਹੁੰਚ ਕੇ ਸੱਭ ਤੋਂ ਪਹਿਲਾਂ ਮੈਂਬਰਾਂ ਨੂੰ ਕੁਲਵੰਤ ਧਾਲੀਵਾਲ ਦੇ 'ਸੱਬਵੇਅ' ਤੋਂ ਨਾਲ ਲਿਆਂਦੇ ਗਏ 'ਸੱਬਾਂ' ਦੇ ਨਾਲ ਕੋਲਡ ਡਰਿੰਕਸ ਤੇ ਬੀਅਰ ਦਾ 'ਬਰੰਚ' ਕਰਵਾਇਆ ਗਿਆ। ਕਲੱਬ ਦੇ ਬਹੁਤੇ ਮੈਂਬਰਾਂ ਦੀ ਇੱਛਾ ਲੇਕ ਦੇ ਠੰਢੇ ਪਾਣੀ ਵਿੱਚ ਤਾਰੀਆਂ ਲਾਉਣ ਦੀ ਸੀ ਅਤੇ ਉਹ ਜਲਦੀ ਹੀ ਕੱਪੜੇ ਬਦਲ ਕੇ ਤੈਰਨ ਵਾਲੇ ਸੂਟ ਪਾ ਕੇ ਇਸ ਦੇ ਲਈ ਲੋੜੀਂਦੀਆਂ ਟਿਕਟਾਂ ਲੈਣ ਤੋਂ ਬਾਅਦ ਬੀਚ ਵੱਲ ਹੋ ਤੁਰੇ। ਅਲਬੱਤਾ, ਲੇਕ ਦੇ ਠੰਢੇ ਪਾਣੀ ਤੋਂ ਡਰਨ ਵਾਲੇ ਕੁਝ ਸੀਨੀਅਰ ਮੈਂਬਰ ਹੀ ਉਨ੍ਹਾਂ ਦੇ ਕੱਪੜਿਆਂ ਦੀ ਰਖਵਾਲੀ ਲਈ ਉੱਥੇ ਰਹੇ। ਪੰਦਰਾਂ-ਵੀਹ ਮਿੰਟ ਠੰਢੇ ਪਾਣੀ ਵਿੱਚ ਡੁਬਕੀਆਂ ਲਗਾਉਣ ਪਿੱਛੋਂ ਉਹ 'ਗਰਮ' ਹੋਣ ਲਈ ਉਹ ਆਪਣੇ 'ਅਸਥਾਈ ਡੇਰੇ' ਵੱਲ ਮੁੜ ਆਉਂਦੇ ਤੇ ਗਰਮ ਹੋ ਕੇ ਫਿਰ ਪਾਣੀ ਵਿੱਚ ਜਾ ਵੜਦੇ ਤੇ ਇਹ ਸਿਲਸਿਲਾ ਘੰਟਾ ਕੁ ਇੰਜ ਹੀ ਚੱਲਦਾ ਰਿਹਾ। ਇਸ ਤਰ੍ਹਾਂ ਕਾਫ਼ੀ ਸਮਾਂ ਪਾਣੀ 'ਚ ਆਪਣਾ 'ਰਾਂਝਾ' ਰਾਜ਼ੀ ਕਰਨ ਤੋਂ ਬਾਅਦ ਉਹ ਆਪਣੇ 'ਡੇਰੇ' ਵਾਪਸ ਆਏ ਤੇ ਆ ਕੇ ਸਵੇਰੇ ਨਾਲ ਲਿਆਂਦੇ ਹੋਏ 'ਮਤੀਰਿਆਂ' (ਹਦਵਾਣਿਆਂ) ਦਾ ਅਨੰਦ ਲਿਆ।

ਏਨੇ ਚਿਰ ਨੂੰ ਖਾਣੇ ਦਾ ਬਾਕੀ ਸਮਾਨ ਵੀ ਪਹੁੰਚ ਚੁੱਕਾ ਸੀ ਪਰ ਮੁੱਖ-ਸਮੱਸਿਆ ਸਵੇਰੇ ਬੱਸ ਵਿੱਚ ਆਪਣੇ ਨਾਲ ਲਿਆਂਦੇ ਹੋਏ ਗੋਟ-ਮੀਟ ਨੂੰ ਗਰਮ ਕਰਨ ਦੀ ਸੀ। ਪ੍ਰਬੰਧਕਾਂ ਨੇ ਭਾਵੇਂ ਇਸ ਦੇ ਲਈ ਚੁੱਲ੍ਹਾ ਤੇ ਗੈਸ ਸਿਲੰਡਰ ਨਾਲ ਲਿਆਂਦਾ ਹੋਇਆ ਸੀ ਪਰ ਇਸ ਦੇ ਲਈ 'ਯੋਗ ਜਗ੍ਹਾ' ਲੱਭਣ ਦੀ ਕਾਫ਼ੀ ਦਿੱਕਤ ਪੇਸ਼ ਆ ਰਹੀ ਸੀ। ਕੁਝ ਸੋਚ-ਵਿਚਾਰ ਤੋਂ ਬਾਅਦ ਇੱਕ ਪਾਰਕ ਵਿੱਚ ਜਾ ਕੇ ਇਸ ਗੋਟ ਮੀਟ ਨੂੰ ਗਰਮ ਕੀਤਾ ਅਤੇ ਲੋਹ 'ਤੇ ਬਣੇ ਫੁਲਕਿਆਂ, ਸਲਾਦ ਤੇ ਚੱਟਣੀ ਦੇ ਨਾਲ ਸਾਰਿਆਂ ਨੇ ਸੁਆਦਲੇ ਗਰਮ ਗੋਟ-ਮੀਟ ਦਾ ਅਨੰਦ ਮਾਣਿਆਂ। ਰੱਜ-ਪੁੱਜ ਕੇ 'ਖਾਧੇ-ਪੀਤੇ' ਨੂੰ ਥੋੜ੍ਹਾ ਜਿਹਾ ਥੱਲੇ ਕਰਨ ਲਈ ਛੋਟੇ ਜਿਹੇ ਡੀ.ਜੇ. ਉੱਪਰ ਪੰਜਾਬੀ ਗਾਣਿਆਂ ਨਾਲ ਨੱਚ ਕੇ ਭੰਗੜੇ ਦੀ ਖ਼ੂਬ 'ਧਮਾਲ' ਪਾਈ। ਅੱਧਾ ਕੁ ਘੰਟਾ ਨੱਚ-ਕੁੱਦ ਕੇ ਸਾਰਿਆਂ ਨੇ ਵਾਪਸੀ ਦੀ ਤਿਆਰੀ ਕਰ ਲਈ ਅਤੇ ਸ਼ਾਮੀਂ 6.30 ਵਜੇ ਉੱਥੋਂ ਚੱਲ ਕੇ ਰਾਤ ਦੇ ਨੌਂ ਵਜੇ ਬਰੈਂਪਟਨ ਪਹੁੰਚੇ। ਉੱਥੋਂ ਪਾਰਕਿੰਗ ਵਿੱਚੋਂ ਆਪਣੀਆਂ ਗੱਡੀਆਂ ਲੈ ਕੇ ਘਰੀਂ ਅੱਪੜਦਿਆਂ ਨੂੰ ਕਈਆਂ ਨੂੰ ਤਾਂ 10.00 ਵੱਜ ਗਏ। ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਤੇ ਸਰਗ਼ਰਮ ਮੈਂਬਰ ਪਰਮਿੰਦਰ ਸਿੰਘ ਵੱਲੋਂ ਕਲੱਬ ਦੇ ਸਮੂਹ ਮੈਂਬਰਾਂ ਤੇ ਇਸ ਟੂਰ ਦੇ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਸਤੰਬਰ ਮਹੀਨੇ ਹੋਣ ਵਾਲੀ 'ਪੀਟਰਬੋਰੋ ਰੱਨ-ਕਮ-ਵਾਕ' ਵਿੱਚ ਸ਼ਾਮਲ ਹੋਣ ਸਮੇਂ ਅਜਿਹੇ ਹੀ ਅਗਲੇ ਮਨੋਰੰਜਕ ਟੂਰ ਪ੍ਰੋਗਰਾਮ ਦਾ ਐਲਾਨ ਵੀ ਕੀਤਾ ਗਿਆ।

# ਸੰਤ ਬਾਬਾ ਨਿਰੰਜਨ ਸਿੰਘ ਸਿੰਘ ਮੋਹੀ ਵਾਲਿਆਂ ਦੀ ਬਰਸੀ 13 ਜੁਲਾਈ ਦਿਨ ਐਤਵਾਰ ਨੂੰ




ਸੰਤ ਬਾਬਾ ਨਿਰੰਜਣ ਸਿੰਘ ਜੀ ਮੋਹੀ ਵਾਲੇ ਬਹੁ ਪੱਖੀ ਸਖਸ਼ੀਅਤ ਦੇ ਮਾਲਕ ਸਨ , ਜਿੰਨਾ ਨੇ ਆਪਣੇ ਸਮਿਆਂ ਵਿੱਚ ਸਮਾਜ ਦੇ ਹਰ ਖੇਤਰ ਵਿੱਚ ਮਨੁੱਖੀ ਜੀਵਨ ਨੂੰ ਉਚਾ ਚੁੱਕਣ ਤੇ ਗਿਆਨ ਭਰਪੂਰ ਬਣਾਉਣ ਲਈ ਆਪਣਾਂ ਵਡਮੁੱਲਾ ਯੋਗਦਾਨ ਪਾਇਆ।1947ਨੂੰ ਦੇਸ਼ ਦੇ ਅਜਾਦ ਹੋਣ ਦੇ ਨਾਲ ਹੀ ਪੰਜਾਬ ਦੀਆਂ ਵੀ ਵੰਡੀਆਂ ਪੈ ਗਈਆਂ ।ਬਟਵਾਰੇ ਨੇ ਲਖਾਂ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ ਤੇ ਦੋਵੇਂ ਪਾਸੇ ਅਣਗਿਣਤ ਮਨੁੱਖੀ ਜਾਨਾਂ ਅਜਾਈਂ ਚਲੀਆ ਗਈਆਂ ।ਸੰਤ ਨਿਰੰਜਨ ਸਿੰਘ ਮੋਹੀ ਵਾਲੇ ਉਸ ਸਮੇ ਪਾਕਿਸਤਾਨ ਦੇ ਮਿੰਟਗੁਮਰੀ ਜਿਲੇ ਵਿਚ ਅਜੀਤ ਸਰ ਖਾਲਸਾ ਹਾਈ ਸਕੂਲ ਚਲਾ ਰਹੇ ਸਨ। ਉਹਨਾਂ ਨੂੰ ਵੀ ਸਾਰਾ ਕੁਝ ਪਿਛੇ ਛੱਡ ਕੇ ਪੰਜਾਬ ਆਉਣਾ ਪਿਆ। ਉਹਨਾਂ ਬੇ ਘਰੇ ਹੋ ਚੁੱਕੇ, ਭੁੱਖਣ ਭਾਣੇ ਬਜੁਰਗਾਂ ਤੇ ਛੋਟੇ ਬਚਿਆ ਸਮੇਤ ਔਰਤਾਂ ਦੀ ਅਗਵਾਈ ਕਰਦਿਆਂ, ਹਜਾਰਾਂ ਦੀ ਗਿਣਤੀ ਵਿੱਚ ਇਹਨਾਂ ਰਿਫੂਜੀ ਹੋ ਗਏ ਬੇਸਹਾਰਿਆਂ ਨੂੰ ਬਾਰਡਰ ਪਾਰ ਕਰਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ, ਤੇ ਉਹ ਆਪ ਆਪਣੀ ਜਨਮ ਭੂਮੀ ਮੋਹੀ ਪਿੰਡ ਵਿੱਚ ਪਹੁੰਚ ਗਏ ।

**'ਫੈਲੇ ਵਿਦਿਆ ਚਾਨਣ ਹੋਏ', ਦੇ ਸਿਧਾਂਤ ਤੇ ਅਮਲ ਕਰਦਿਆਂ ਤੇ**

ਬਿਨਾਂ ਕੋਈ ਸਮਾ ਗਵਾਇਆ, ਉਹਨਾਂ ਨੇ 1948 ਵਿੱਚ ਮੋਹੀ ਪਿੰਡ ਵਿੱਚ ਦਸਵੀਂ ਜਮਾਤ ਤਕ ਲੜਕੇ ਲੜਕੀਆਂ ਦਾ ਸਕੂਲ ਸ਼ੁਰੂ ਕਰ ਦਿੱਤਾ ।ਉਸਤੋਂ ਪਹਿਲਾਂ ਮੋਹੀ ਪਿੰਡ ਦੇ ਲੜਕੇ 6 ਕਿਲੋਮੀਟਰ ਦੂਰ ਸੁਧਾਰ ਸਕੂਲ ਵਿੱਚ ਪੜ੍ਹਦੇ ਸਨ ਤੇ ਪਿੰਡ ਦੀਆਂ ਲੜਕੀਆਂ ਅਨਪੜ੍ਹ ਰਹਿ ਜਾਂਦੀਆਂ ਸਨ ।ਇਸਤੋਂ ਥੋੜ੍ਹਾ ਸਮੇ ਪਿਛੋ ਹੀ ਉਹਨਾਂ ਨੇ ਲੋਕਾਂ ਤੇ ਦਾਨੀ ਸੱਜਣਾਂ ਨੂੰ ਪ੍ਰੇਰ ਕੇ ਪਿੰਡ ਜਾਗਪੁਰ ,ਮੁੱਲਾਂਪੁਰ,ਤੇ ਰਾਏਕੋਟ ਤੇ ਫਿਰ ਮਸਤੂਆਣਾ ਸਾਹਿਬ (ਜੋ ਪਿਛੋਂ ਜਾ ਕੇ ਕਾਲਜ ਤਕ ਅਪ ਗ੍ਰੇਡ ਹੋ ਗਿਆ,) ਵਿਖੇ ਵੀ ਖਾਲਸਾ ਹਾਈ ਸਕੂਲ ਸ਼ੁਰੂ ਕਰ ਦਿੱਤੇ। ਇਸ ਤਰਾਂ ਸੰਤ ਬਾਬਾ ਨਿਰੰਜਨ ਸਿੰਘ ਦੇ ਯਤਨਾਂ ਸਦਕਾ ਇਸ ਪਛੜੇ ਹੋਏ ਪੇਂਡੂ ਖੇਤਰ ਵਿੱਚ ਇਕ ਤਰਾਂ ਨਾਲ ਵਿਦਿਅਕ ਇਨਕਲਾਬ ਆ ਗਿਆ ।ਇਸ ਦਾ ਸਿੱਟਾ ਇਹ ਨਿਕਲਿਆ ਕਿ ਉਹਨਾਂ ਸਮਿਆਂ ਵਿੱਚ ਇਨਾਂ ਸਕੂਲਾਂ ਤੋ ਵਿਦਿਆ ਪ੍ਰਾਪਤ ਕਰਕੇ ਤੇ ਫਿਰ ਨਾਲ ਲਗਦੇ ਸੁਧਾਰ ਕਾਲਜ ਤੋਂ ਉਚੇਰੀ ਸਿੱਖਿਆ ਨਾਲ ਲੈਸ ਵਿਦਿਆਰਥੀ ਸਮਾਜ ਦੇ ਹਰ ਖੇਤਰ ਵਿੱਚ ਉਚ ਕੋਟੀ ਦੀਆ ਪਦਵੀਆਂ ਪਰਾਪਤ ਕਰਨ ਵਿੱਚ ਕਾਮਯਾਬ ਹੋ ਗਏ।

ਸੰਤ ਬਾਬਾ ਨਿਰੰਜਨ ਸਿੰਘ ਮੋਹੀ ਵਾਲੇ ਇਕ ਦੂਰਦਰਸ਼ੀ ਸਖਸ਼ੀਅਤ ਸਨ ਤੇ ਅਜ ਦੇ ਸਮੇਂ ਦੇ ਬਹੁਤੇ ਸੰਤਾਂ ਤੋਂ ਵਖਰੇ ਸਨ। ਉਹ ਸਾਦਗੀ ਵਾਲਾ ਜੀਵਨ ਬਤੀਤ ਕਰਦੇ ਸਨ। ਲੋਕ ਭਲਾਈ ਤੇ ਪੇਂਡੂ ਇਲਾਕਿਆਂ ਵਿੱਚ ਵਿਦਿਆ ਦਾ ਪਸਾਰ ਕਰਨਾ ਉਹਨਾਂ ਦਾ ਵਿਜਨ ਸੀ।10 ਜੁਲਾਈ 1966ਨੂੰ ਮੋਹੀ ਪਿੰਡ ਵਿੱਚ ਉਹਨਾਂ ਨੇ ਸੁਆਸ ਤਿਆਗ ਦਿਤੇ ।ਉਹ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ ਕਿ ਕਿਵੇ ਅਸੀ ਨਿੱਜ ਤੋਂ ਉੱਪਰ ਉੱਠ ਕੇ, ਸਾਰਿਆਂ ਦੇ ਸਹਿਯੋਗ ਨਾਲ ਅਨੁਸ਼ਾਸਨ ਵਿੱਚ ਰਹਿੰਦੇ ਹੋਏ, ਮਨੁੱਖ ਮਨਾਂ ਦੇ ਹਨੇਰੇ ਨੂੰ ਸਿਖਿਆ ਨਾਲ ਰੁਸ਼ਨਾ ਸਕਦੇ ਹਾ। ਉਹਨਾਂ ਦੀ ਵਿਦਿਅਕ ਖੇਤਰ ਵਿੱਚ ਪਿੰਡ ਮੋਹੀ ਅਤੇ ਹੋਰ ਪਛੜੇ ਹੋਏ ਪੇਡੂ ਇਲਾਕੇ ਵਿੱਚ ਪਾਏ ਯੋਗਦਾਨ ਤੋਂ ਸੇਧ ਲੈਂਦੇ ਹੋਏ, ਉਹਨਾਂ ਦੀ ਯਾਦ ਵਿੱਚ ਹਰ ਸਾਲ ਦੀ ਤਰਾਂ ਇਸ ਵਾਰ 11ਜੁਲਾਈ ਦਿਨ ਸ਼ੁੱਕਰਵਾਰ ਨੂੰ ਗੁਰਦਵਾਰਾ ਸਿੱਖ ਸੰਗਤ ,ਰੀਗਨ ਰੋਡ ਬਰੈਂਪਟਨ ਵਿਖੇ, ਸ੍ਰੀ ਆਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ ਅਤੇ13ਜੁਲਾਈ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਤੇ ਸਾਰੀ ਸਮਾਪਤੀ12 ਵਜੇ ਹੋਵੇਗੀ। ਬਰੈਂਪਟਨ 'ਚ ਰਹਿ ਰਹੇ ਸਾਰੇ ਪਿੰਡ ਵਾਸੀਆਂ , ਸਕੂਲਾਂ ਵਿੱਚ ਪੜੇ ਪੁਰਾਣੇ ਵਿਦਿਆਰਥੀਆਂ ਤੇ ਇਲਾਕਾ ਨਿਵਾਸੀਆਂ ਨੂੰ ਸੰਤ ਨਰੰਜਣ ਸਿੰਘ ਮੋਹੀ ਵਾਲਿਆਂ ਦੀ ਬਰਸੀ ਤੇ ਹਾਜਰ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਮਹਿੰਦਰ ਸਿੰਘ ਮੋਹੀ ਨੂੰ 416 659 1232 ਤੇ ਜਾਂ ਰਣਜੀਤ ਸਿੰਘ ਕਾਕਾ ਮੋਹੀ ਨੂੰ 647 330 9800 ਤੇ ਜਾਂ ਜਸਪ੍ਰੀਤ ਸਿੰਘ ਜਸੀ ਮੋਹੀ ਨੂੰ 647 281 0859 ਤੇ ਫੋਨ ਕੀਤਾ ਜਾ ਸਕਦਾ ਹੈ।

ਵਲੋਂ:ਮਹਿੰਦਰ ਸਿੰਘ ਬਿੰਦਰ ਮੋਹੀ

# ਵਾਤਾਵਰਨ ਦੀ ਬੇਹਤਰੀ ਲਈ 'ਗਰੀਨ ਫਰੇਟ ਆਈਨੋਵੇਸ਼ਨ ਫੋਰਮ' ਨਾਂ ਹੇਠ ਆਯੋਜਿਤ ਕੀਤੀ ਗਈ ਇੱਕ-ਰੋਜ਼ਾ ਕਾਨਫ਼ਰੰਸ






ਬਰੈਂਪਟਨ, (ਡਾ.ਝੰਡ): ਲੰਘੇ ਵੀਰਵਾਰ 26 ਜੂਨ ਨੂੰ ਟਰੱਕਿੰਗ ਖ਼ੇਤਰ ਵੱਲੋਂ ਵਾਤਾਵਰਣ ਦੀ ਚੰਗੇਰੀ ਸਾਂਭ-ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਵਿੱਚ 'ਦ ਟਰੱਕਿੰਗ ਨੈੱਟਵਰਕ' ਵੱਲੋਂ ਕਈ ਟਰੱਕਿੰਗ ਕੰਪਨੀਆਂ ਦੇ ਸਹਿਯੋਗ ਨਾਲ ਸਥਾਨਕ 'ਲਾਇਨਹੈੱਡ ਗੌਲਫ਼ ਕਲੱਬ ਕਨਵੈੱਨਸ਼ਨ ਸੈਂਟਰ' ਵਿੱਚ ਸ਼ਾਨਦਾਰ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ। ਇਸ ਇੱਕ-ਦਿਨਾਂ ਕਾਨਫ਼ਰੰਸ ਵਿੱਚ ਟਰੱਕਿੰਗ ਖ਼ੇਤਰ ਨਾਲ ਜੁੜੇ 100 ਤੋਂ ਵਧੇਰੇ ਮਹੱਤਵਪੂਰਨ ਸ਼ਖ਼ਸੀਅਤਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਕਾਨਫ਼ਰੰਸ ਵਿੱਚ ਵਿਚਾਰ ਅਧੀਨ ਮੁੱਦਿਆਂ ਵਿੱਚ ਵਾਤਾਵਰਣ ਵਿੱਚ ਜ਼ਹਿਰੀਲੀਆਂ ਗੈਸਾਂ ਦੇ ਰਿਸਾਅ ਨੂੰ ਘੱਟ ਕਰਨ ਲਈ ਕੀਤੇ ਜਾ ਰਹੇ ਯਤਨਾਂ, ਇਸ ਦੇ ਲਈ ਦਿੱਤੇ ਜਾਣ ਵਾਲੇ ਲੋੜੀਂਦੇ ਆਦੇਸ਼, ਟਰੱਕ ਡਰਾਈਵਰਾਂ ਨੂੰ ਬਾਰਡਰ ਲੰਘਣ ਸਮੇਂ ਦਰਪੇਸ਼ ਚੁਣੌਤੀਆਂ ਅਤੇ ਨੇਵੀਗੇਸ਼ਨ ਗਲੋਬਲ ਟਰੇਡ ਪਾਲਸੀਆਂ ਤੇ ਉਨ੍ਹਾਂ ਦੀ ਪਾਲਣਾ, ਆਦਿ ਸ਼ਾਮਲ ਸਨ। ਕਾਨਫ਼ਰੰਸ ਦਾ ਆਰੰਭ ਸਵੇਰੇ 7.30 ਵਜੇ 'ਇਸਾਕ ਇਨਸਟਰੂਮੈਂਟਸ' ਦੇ ਬਿਜ਼ਨੈਸ ਡਿਵੈੱਲਪਮੈਂਟ ਮੈਨੇਜਰ ਟੈਰੀ ਗਾਰਡਨਰ ਦੇ ਆਰੰਭਿਕ ਸ਼ਬਦਾਂ ਨਾਲ ਹੋਇਆ ਜਿਨ੍ਹਾਂ ਨੇ ਵਾਤਾਵਰਣ ਦੀ ਸੰਭਾਲ ਅਤੇ ਟਰੱਕਿੰਗ ਖ਼ੇਤਰ ਨੂੰ ਦਰਪੇਸ਼ ਚੁਣੌਤੀਆਂ ਬਾਰੇ ਆਪਣੇ ਮੁੱਲਵਾਨ ਵਿਚਾਰ ਪੇਸ਼ ਕੀਤੇ। ਇਸ ਦੇ ਨਾਲ ਹੀ ਵਿਸ਼ਵ ਪੱਧਰ ਦੇ ਉੱਘੇ ਅਰਥਸ਼ਾਸਤਰੀ ਬੀ.ਐੱਮ.ਓ. ਕੈਪੀਟਲ ਮਾਰਕੀਟਸ ਦੇ ਡਾਇਰੈੱਕਟਰ ਸਾਈ ਗੁਆਟੇਅਰੀ ਵੱਲੋਂ ਵਿਸ਼ਵ ਪੱਧਰ 'ਤੇ ਚੱਲ ਰਹੇ ਅਜੋਕੇ ਇਕਨਾਮਿਕ ਟਰੈਂਡਜ਼ ਬਾਰੇ ਕਾਨਫ਼ਰੰਸ ਦਾ ਮੁੱਖ-ਭਾਸ਼ਨ ਦਿੱਤਾ ਗਿਆ। ਕਾਨਫ਼ਰੰਸ ਦਾ ਪਹਿਲਾ ਸੈਸ਼ਨ ਬਾਰਡਰਾਂ ਉੱਪਰ ਟਰੱਕ ਡਰਾਈਵਰਾਂ ਨੂੰ ਆ ਰਹੀਆਂ ਦਿੱਕਤਾਂ ਅਤੇ ਅਮਰੀਕਾ ਦੀ ਟਰੇਡ ਪਾਲਿਸੀਆਂ ਤੇ ਪਾਲਣਾ ਸਬੰਧੀ ਸੀ ਜਿਸ ਦੇ ਪੈਨਲ ਵਿੱਚ ਜੀਨਟ ਸੇਂਟ ਪਿਅਰੇ, ਮਾਈਕਲ ਪੀਸ, ਮੈਕਰੋ ਰੋਮੈਨੋ, ਮਾਰਕ ਏ. ਏ. ਵਾਰਨਰ ਤੇ ਟਿਮੋਥੀ ਡਰੇਕ ਸ਼ਾਮਲ ਸਨ। ਡਿਫ਼ੈਂਸ ਟਰੇਡ ਗਲੋਬਲ ਲੌਜਿਸਟਿਕਸ ਦੇ ਪ੍ਰਿੰਸੀਪਲ ਕਨਸਲਟੈਂਟ ਅਜੇ ਗੁਪਤਾ ਵੱਲੋਂ ਇਸ ਪੈਨਲ ਦੇ ਮਾਡਰੇਟਰ ਦੀ ਭੂਮਿਕਾ ਨਿਭਾਈ ਗਈ। 'ਕਰੌਸ ਬਾਰਡਰ ਟਰੇਡ ਐਂਡ ਕੰਪਲਾਇੰਸ' ਦੇ ਅਗਲੇ ਸੈਸ਼ਨ ਦੇ ਪੈਨਲਿਸਟ ਗੈਰੀ ਕਰੋਅਥਰ, ਮਾਰਕ ਮੈਕਕੈਨਡਰੀ, ਨਾਡੀਆ ਵਾਟੋਵਾਜ਼ ਤੇ ਫਿਲਿਪ ਸਟਰੱਟ ਸਨ ਅਤੇ ਇਸ ਨੂੰ ਪੀਨਾ ਮੈਲਕਿਓਨਾ ਵੱਲੋਂ ਮਾਡਰੇਟ ਕੀਤਾ ਗਿਆ।

ਟਰੱਕਾਂ ਦੀ ਚੋਰੀ ਤੇ ਇਨਸ਼ੋਅਰੈਂਸ ਕਲੇਮਾਂ ਸਬੰਧੀ ਅਗਲੇ ਸੈਸ਼ਨ ਦੇ ਮਾਡਰੇਟਰ ਟੈਰੀ ਗਾਰਡੀਨਰ ਸਨ ਅਤੇ ਇਸ ਦੇ ਪੈਨਲਿਸਟਾਂ ਵਿੱਚ ਡੌਨ ਵਿਲੀਅਮਜ਼, ਰਿਸਕ ਕੰਟਰੋਲ ਟਰਾਂਸਪੋਰਟ ਐਂਡ ਫਲੀਟ ਦੇ ਮੈਨੇਜਰ ਪੈਟਰਿਸ ਵੈਲੇਟ, ਜੌਹਨ ਫਾਰਕੁਹਰ, ਆਵੀ ਗੋਲਡਬਰਗ ਅਤੇ ਸਕੌਟ ਵਾਡੇ ਸਨ। ਵੱਖ-ਵੱਖ ਪੈਨੇਲਿਸਟਾਂ ਵੱਲੋਂ ਇਸ ਸੈਸ਼ਨ ਵਿੱਚ ਟਰੱਕਾਂ ਟਰੇਲਰਾਂ ਦੀ ਚੋਰੀ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਬੜੀ ਉਪਯੋਗੀ ਜਾਣਕਾਰੀ ਸਾਂਝੀ ਕੀਤੀ ਗਈ। 12.00 ਵਜੇ ਤੋਂ 12.45 ਤੱਕ ਹੋਈ ਲੰਚ ਬਰੇਕ ਤੋਂ ਬਾਅਦ ਹੋਏ ਸੈਸ਼ਨਾਂ ਵਿੱਚ ਵੀ ਏਸੇ ਤਰ੍ਹਾਂ ਚਾਰ ਸੈਸ਼ਨ ਹੋਏ ਜਿਨ੍ਹਾਂ ਵਿੱਚ 'ਆਲਟਰਨੇਟਿਵ ਫ਼ਿਊਲ ਐਂਡ ਓ.ਈ.ਐੱਮ. ਆਈਨੋਵੇਸ਼ਨ', 'ਸਸਟੇਨੇਬਿਲਿਟੀ ਚੈਲਿੰਜਿਜ਼ ਇਨ ਟਰਾਂਸਪੋਰਟੇਸ਼ਨ ਐਂਡ ਡਿਸਟਰੀਬਿਊਸ਼ਨ', ਇਨਫ਼ਰਾਸਟਰੱਕਚਰ ਐਂਡ ਕੰਪਲਾਇੰਸ ਐਨੇਬਲਿੰਗ ਆਈਨੋਵੇਸ਼ਨ ਐਕਰਾਸ ਦ ਸੈੱਕਟਰ' ਅਤੇ ਸਸਟੇਨੇਬਿਲਿਟੀ ਮੀਟਸ ਫ਼ਾਈਨਾਂਸ਼ੀਅਲ ਰੀਆਲਿਟੀ' ਮੁੱਖ ਤੌਰ 'ਤੇ ਸ਼ਾਮਲ ਸਨ। ਇਨ੍ਹਾਂ ਸੈਸ਼ਨਾਂ ਵਿੱਚ ਵੀ ਵੱਖ-ਵੱਖ ਪੈਨਲਿਸਟਾਂ ਵੱਲੋਂ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਬਾਰੇ ਭਰਪੂਰ ਚਰਚਾ ਕੀਤੀ ਗਈ। ਹਾਜ਼ਰੀਨ ਵੱਲੋਂ ਵੀ ਕਈ ਸੁਆਲ ਪੈਨਲਿਸਟਾਂ ਨੂੰ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਵਿਸਥਾਰ ਪੂਰਵਕ ਦਿੱਤੇ ਗਏ। ਕਾਨਫ਼ਰੰਸ ਦੀ ਸਮਾਪਤੀ ਵੱਲ ਵੱਧਦਿਆਂ ਟੈਨੈੱਕਸ ਲੌਜਿਸਟਿਕਸ ਦੇ ਡਾਇਰੈੱਕਟਰ ਆਫ਼ ਆਪਰੇਸ਼ਨਜ਼ ਐਂਡਰੇ ਸਿੰਘ ਵੱਲੋਂ ਕਾਨਫ਼ਰੰਸ ਦੀ ਸਮੁੱਚੀ ਕਾਰਵਾਈ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਸਮੇਟਿਆ ਗਿਆ। ਕਾਨਫ਼ਰੰਸ ਦੀ ਮੁੱਖ-ਆਯੋਜਿਕ 'ਦ ਟਰੱਕਿੰਗ ਨੈੱਟਵਰਕ ਦੀ ਡਾਇਰੈੱਕਟਰ ਆਫ਼ ਸੇਲਜ਼ ਐਂਡ ਮਾਕੀਟਿੰਗ ਨਵੀਨ ਨਵ ਵੱਲੋਂ ਕਾਨਫ਼ਰੰਸ ਦੇ ਸਮੂਹ ਬੁਲਾਰਿਆਂ ਅਤੇ ਇਸ ਵਿੱਚ ਸ਼ਾਮਲ ਹੋਣ ਵਾਲੇ ਡੈਲੀਗੇਟਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਕਾਨਫ਼ਰੰਸ ਦੇ ਪ੍ਰਬੰਧਕਾਂ ਵੱਲੋਂ ਬਰੇਕ-ਫ਼ਾਸਟ ਤੇ ਲੰਚ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਇਸ ਕਾਨਫ਼ਰੰਸ ਦੀ ਸਫ਼ਲਤਾ ਦੇ ਲਈ ਉਹ ਵਧਾਈ ਦੇ ਹੱਕਦਾਰ ਹਨ। ਕਾਨਫ਼ਰੰਸ ਦੌਰਾਨ ਇੱਕ ਗੱਲ ਵਿਸ਼ੇਸ਼ ਤੌਰ 'ਤੇ ਵੇਖਣ ਵਿੱਚ ਆਈ ਕਿ ਇਸ ਵਿੱਚ ਸ਼ਾਮਲ ਹੋਣ ਵਾਲੇ ਪੰਜਾਬੀ ਡੈਲੀਗੇਟਾਂ ਦੀ ਗਿਣਤੀ ਬੜੀ ਘੱਟ ਸੀ, ਹਾਲਾਂਕਿ ਕੇਵਲ ਬਰੈਂਪਟਨ ਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ ਵਿੱਚ ਹੀ ਨਹੀਂ, ਸਗੋਂ ਕੈਨੇਡਾ ਦੀ ਸਮੁੱਚੀ ਟਰੱਕਿੰਗ ਇੰਡਸਟਰੀ ਵਿੱਚ ਉਨ੍ਹਾਂ ਦਾ ਕਾਫ਼ੀ ਬੋਲਬਾਲਾ ਹੈ। ਇਸ ਦੇ ਕਾਰਨ ਦੀ ਬਹੁਤੀ ਸਮਝ ਨਹੀਂ ਆ ਸਕੀ। ਹੋ ਸਕਦਾ ਹੈ ਕਿ ਟਰੱਕਿੰਗ ਇੰਡਸਟਰੀ ਦੀ ਬਿਹਤਰੀ ਲਈ ਹੋਣ ਵਾਲੀਆਂ ਉਹ ਅਜਿਹੀਆਂ ਕਾਨਫ਼ਰੰਸਾਂ ਵਿੱਚ ਉਨ੍ਹਾਂ ਦੀ ਬਹੁਤੀ ਦਿਲਚਸਪੀ ਨਾ ਹੋਵੇ ਜਾਂ ਇਸ ਖ਼ੇਤਰ ਵਿੱਚ ਅੱਜਕੱਲ੍ਹ ਚੱਲ ਰਹੀ ਮੰਦੀ ਹੋਵੇ ਜਾਂ ਕੋਈ ਹੋਰ ਵਿਸ਼ੇਸ਼ ਕਾਰਨ ਵੀ ਹੋ ਸਕਦੇ ਹਨ। ਵੈਸੇ, ਉਨ੍ਹਾਂ ਦਾ ਅਜਿਹੀਆਂ ਕਾਨਫ਼ਰੰਸਾਂ ਵਿੱਚ ਹਿੱਸਾ ਤਾਂ ਲੈਣਾ ਬਣਦਾ ਹੈ। ਉਮੀਦ ਕੀਤੀ ਜਾਂਦੀ ਹੈ ਕਿ ਅੱਗੋਂ ਹੋਣ ਵਾਲੀਆਂ ਇਸ ਤਰ੍ਹਾਂ ਦੀਆਂ ਕਾਨਫ਼ਰੰਸਾਂ ਵਿੱਚ ਉਹ ਵੀ ਜ਼ਰੂਰ ਵੱਧ ਚੜ੍ਹ ਕੇ ਭਾਗ ਲੈਣਗੇ।

GTA Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234

Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਆਪਣੇ ਜੀਵਨ ਸਾਥੀ ਦਾ ਦਿਨ ਚੰਗਾ ਬਣਾਉਣ ਲਈ ਅਪਣਾਓ ਇਹ ਸਪੈਸ਼ਲ ਟਿਪਸ



ਜੀਵਨ ਸਾਥੀ ਤੁਹਾਡੀ ਜ਼ਿੰਦਗੀ ਦਾ ਸਭ ਤੋਂ ਖਾਸ ਵਿਅਕਤੀ ਹੁੰਦਾ ਹੈ। ਇਸ ਲਈ ਅਸੀਂ ਉਸ ਨੂੰ ਬਣਾਈ ਰੱਖਣ ਦੀ ਪੂਰੀ ਕੋਸ਼ਿਸ਼ ਕਰਦੇ ਹਾਂ। ਆਪਣੇ ਸਾਥੀ ਦੇ ਚਿਹਰੇ 'ਤੇ ਮੁਸਕਰਾਹਟ ਦੇਖ ਕੇ ਸਾਡੀਆਂ ਬਹੁਤ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ। ਹਾਲਾਂਕਿ, ਉਨ੍ਹਾਂ ਨੂੰ ਖੁਸ਼ ਕਰਨ ਲਈ ਬਹੁਤ ਜ਼ਿਆਦਾ ਕੁਝ ਕਰਨ ਦੀ ਜ਼ਰੂਰਤ ਨਹੀਂ ਹੈ ਪਰ ਛੋਟੀਆਂ-ਛੋਟੀਆਂ ਗੱਲਾਂ (ਰਿਸ਼ਤੇਦਾਰੀ ਸੁਝਾਅ) ਅਤੇ ਤੁਹਾਡੇ ਕੁਝ ਪਿਆਰ ਭਰੇ ਸੱਚੇ ਯਤਨ ਉਨ੍ਹਾਂ ਦੇ ਦਿਨ ਨੂੰ ਖਾਸ ਬਣਾ ਸਕਦੇ ਹਨ।

ਇਹ ਚੀਜ਼ਾਂ ਨਾ ਸਿਰਫ਼ ਉਨ੍ਹਾਂ ਦੇ ਮੂਡ ਨੂੰ ਬਿਹਤਰ ਬਣਾਉਣਗੀਆਂ, ਸਗੋਂ ਤੁਹਾਡੇ ਰਿਸ਼ਤੇ ਵਿੱਚ ਸਕਾਰਾਤਮਕਤਾ ਵੀ ਲਿਆਉਣਗੀਆਂ। ਇੱਥੇ ਕੁਝ ਵਧੀਆ ਸੁਝਾਅ ਹਨ ਜੋ ਉਨ੍ਹਾਂ ਦੇ ਦਿਨ ਨੂੰ ਖੁਸ਼ਹਾਲ ਬਣਾ ਸਕਦੇ ਹਨ। ਆਓ ਜਾਣਦੇ ਹਾਂ ਉਨ੍ਹਾਂ ਬਾਰੇ।

**ਸਵੇਰ ਨੂੰ ਖਾਸ ਬਣਾਓ**

ਸਵੇਰ ਦੀ ਸ਼ੁਰੂਆਤ ਪਿਆਰ ਭਰੇ ਅਤੇ ਆਰਾਮਦਾਇਕ ਮਾਹੌਲ ਨਾਲ ਕਰੋ। ਉਨ੍ਹਾਂ ਦੀ ਪਸੰਦ ਦੀ ਚਾਹ ਜਾਂ ਕੌਫੀ ਬਣਾਓ ਜਾਂ ਉਨ੍ਹਾਂ ਨੂੰ ਪਿਆਰ ਭਰੇ ਸ਼ਬਦਾਂ ਨਾਲ ਬਿਸਤਰੇ 'ਤੇ ਜਗਾਓ। ਇੱਕ ਪਿਆਰ ਭਰਿਆ ਸਵਾਗਤ, ਜਿਵੇਂ ਕਿ "ਅੱਜ ਤੁਹਾਡੇ ਲਈ ਸਭ ਤੋਂ ਵਧੀਆ ਦਿਨ ਹੋਵੇ" ਉਨ੍ਹਾਂ ਦੇ ਦਿਨ ਨੂੰ ਖੁਸ਼ਹਾਲ ਬਣਾ ਸਕਦਾ ਹੈ।

**ਸਰਪ੍ਰਾਈਜ਼ ਤੋਹਫ਼ੇ ਦਿਓ**

ਉਨ੍ਹਾਂ ਨੂੰ ਉਨ੍ਹਾਂ ਦੇ ਮਨਪਸੰਦ ਫੁੱਲ, ਚਾਕਲੇਟ, ਜਾਂ ਇੱਕ ਪਿਆਰਾ ਨੋਟ ਵਰਗੇ ਛੋਟੇ ਸਰਪ੍ਰਾਈਜ਼ ਤੋਹਫ਼ੇ ਦਿਓ ਤਾਂ ਜੋ ਉਨ੍ਹਾਂ ਨੂੰ ਤੁਹਾਡੇ ਲਈ ਖਾਸ ਮਹਿਸੂਸ ਹੋਵੇ। ਤੁਹਾਡੇ ਇਹ ਛੋਟੇ-ਛੋਟੇ ਇਸ਼ਾਰੇ ਬਹੁਤ ਪ੍ਰਭਾਵਸ਼ਾਲੀ ਹਨ ਅਤੇ ਰਿਸ਼ਤੇ ਨੂੰ ਮਜ਼ਬੂਤ ਕਰਦੇ ਹਨ।



**ਉਨ੍ਹਾਂ ਦੀ ਮਿਹਨਤ ਦੀ ਕਦਰ ਕਰੋ**

ਉਨ੍ਹਾਂ ਦੀਆਂ ਛੋਟੀਆਂ ਪ੍ਰਾਪਤੀਆਂ ਅਤੇ ਯਤਨਾਂ ਨੂੰ ਪਛਾਣੋ। ਭਾਵੇਂ ਉਹ ਘਰੇਲੂ ਕੰਮ ਹੋਣ, ਦਫ਼ਤਰੀ ਪ੍ਰੋਜੈਕਟ ਹੋਣ, ਜਾਂ ਤੁਸੀਂ ਉਨ੍ਹਾਂ ਦੀ ਦੇਖਭਾਲ ਕਰਨ ਦਾ ਤਰੀਕਾ, ਉਨ੍ਹਾਂ ਦੀ ਪ੍ਰਸ਼ੰਸਾ ਕਰੋ। ਇਹ ਉਨ੍ਹਾਂ ਦੇ ਆਤਮਵਿਸ਼ਵਾਸ ਨੂੰ ਵਧਾਏਗਾ ਅਤੇ ਉਨ੍ਹਾਂ ਨੂੰ ਖਾਸ ਮਹਿਸੂਸ ਕਰਵਾਏਗਾ।

**ਇਕੱਠੇ ਵਧੀਆ ਸਮਾਂ ਬਿਤਾਓ**

ਦਿਨ ਦੀ ਭੀੜ-ਭੜੱਕੇ ਵਿੱਚੋਂ ਕੁਝ ਸਮਾਂ ਕੱਢੋ ਅਤੇ ਇੱਕ ਦੂਜੇ ਨਾਲ ਸਮਾਂ ਬਿਤਾਓ। ਇਕੱਠੇ ਖਾਣਾ ਪਕਾਓ, ਕਿਤਾਬ ਪੜ੍ਹੋ, ਜਾਂ ਸੈਰ ਲਈ ਜਾਓ।

**ਜੀਵਨ ਸਾਥੀ ਦੀ ਗੱਲ ਨੂੰ ਧਿਆਨ ਨਾਲ ਸੁਣੋ**

ਸੁਣਨਾ ਇੱਕ ਮਹਾਨ ਕਲਾ ਹੈ। ਜਦੋਂ ਉਹ ਕੁਝ ਕਹਿੰਦੇ ਹਨ, ਤਾਂ ਪੂਰੇ ਧਿਆਨ ਅਤੇ ਧੀਰਜ ਨਾਲ ਸੁਣੋ। ਭਾਵੇਂ ਇਹ ਉਨ੍ਹਾਂ ਦੀਆਂ ਸਮੱਸਿਆਵਾਂ ਹੋਣ ਜਾਂ ਦਿਨ ਦੀਆਂ ਚੀਜ਼ਾਂ, ਤੁਹਾਡਾ ਸਮਰਥਨ ਉਨ੍ਹਾਂ ਨੂੰ ਦਿਲਾਸਾ ਦੇਵੇਗਾ।

**ਜ਼ਿੰਮੇਵਾਰੀਆਂ 'ਚ ਉਨ੍ਹਾਂ ਦੀ ਮਦਦ ਕਰੋ**

ਘਰੇਲੂ ਕੰਮਾਂ ਵਿੱਚ ਉਨ੍ਹਾਂ ਦੀ ਮਦਦ ਕਰੋ, ਜਿਵੇਂ ਕਿ ਕੱਪੜੇ ਧੋਣਾ, ਖਾਣਾ ਪਕਾਉਣਾ ਜਾਂ ਬੱਚਿਆਂ ਦੀ ਦੇਖਭਾਲ ਕਰਨਾ। ਇਹ ਨਾ ਸਿਰਫ਼ ਉਨ੍ਹਾਂ ਦੀ ਥਕਾਵਟ ਨੂੰ ਘਟਾਏਗਾ ਬਲਕਿ ਇਹ ਵੀ ਦਿਖਾਏਗਾ ਕਿ ਤੁਸੀਂ ਉਨ੍ਹਾਂ ਦੀ ਦੇਖਭਾਲ ਕਰਦੇ ਹੋ।

**ਆਰਾਮਦਾਇਕ ਮਾਲਿਸ਼ ਦਿਓ**

ਥਕਾਵਟ ਵਾਲੇ ਦਿਨ ਦੇ ਅੰਤ ਵਿੱਚ ਇੱਕ ਚੰਗੀ ਮਾਲਿਸ਼ ਨਾ ਸਿਰਫ਼ ਉਨ੍ਹਾਂ ਨੂੰ ਆਰਾਮਦਾਇਕ ਮਹਿਸੂਸ ਕਰਵਾਏਗੀ ਬਲਕਿ ਤੁਹਾਡੇ ਬੰਧਨ ਨੂੰ ਵੀ ਮਜ਼ਬੂਤ ਕਰੇਗੀ।

**ਉਨ੍ਹਾਂ ਦਾ ਮਨਪਸੰਦ ਖਾਣਾ ਬਣਾਓ**

ਰਸੋਈ ਵਿੱਚ ਕੁਝ ਸਮਾਂ ਬਿਤਾਓ ਅਤੇ ਉਨ੍ਹਾਂ ਦਾ ਮਨਪਸੰਦ ਪਕਵਾਨ ਬਣਾਓ। ਇਹ ਸਰਲ ਪਰ ਪ੍ਰਭਾਵਸ਼ਾਲੀ ਤਰੀਕਾ ਉਨ੍ਹਾਂ ਨੂੰ ਖੁਸ਼ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ।

**ਇੱਕ ਛੋਟੀ ਜਿਹੀ ਸੈਰ ਦੀ ਯੋਜਨਾ ਬਣਾਓ**

ਉਨ੍ਹਾਂ ਦੇ ਦਿਨ ਨੂੰ ਖਾਸ ਬਣਾਉਣ ਲਈ ਇੱਕ ਛੋਟੀ ਜਿਹੀ ਸੈਰ ਦੀ ਯੋਜਨਾ ਬਣਾਓ, ਜਿਵੇਂ ਕਿ ਡਰਾਈਵ, ਪਾਰਕ ਜਾਂ ਉਨ੍ਹਾਂ ਦੀ ਮਨਪਸੰਦ ਜਗ੍ਹਾ 'ਤੇ ਡਿਨਰ। ਇਹ ਉਨ੍ਹਾਂ ਨੂੰ ਤਣਾਅ ਤੋਂ ਦੂਰ ਲੈ ਜਾਵੇਗਾ ਅਤੇ ਉਨ੍ਹਾਂ ਨੂੰ ਖੁਸ਼ ਕਰੇਗਾ।

# ਅੰਤਰਰਾਸ਼ਟਰੀ ਕਲਚਰ ਦੀ ਝਲਕ ਹੈ ਗਲੋਬਲ ਵਿਲੇਜ ਦੁਬਈ






**Anil Dheer**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਅੱਜ ਗਲੋਬਲ ਵਿਲੇਜ ਦੁਬਈ ਬਾਰੇ ਚਰਚਾ ਕਰ ਰਹੇ ਹਾਂ। ਗਲੋਬਲ ਵਿਲੇਜ ਦੁਬਈ, ਅੰਦਰ ਵੱਖ-ਵੱਖ ਮੁਲਕਾਂ ਦੇ ਸੱਭਿਆਚਾਰ 'ਤੇ ਉੱਥੇ ਦੀ ਜ਼ਿੰਦਗੀ ਬਾਰੇ, ਯਾਨਿ ਸ੍ਰੀਲੰਕਾ ਅਤੇ ਬੰਗਲਾਦੇਸ਼, ਜਾਰਡਨ, ਕੋਰੀਆ, ਬਹਿਰੀਨ, ਕੁਵੈਤ, ਫਲਸਤੀਨ, ਓਮਾਨ, ਕਤਰ, ਇਰਾਕ, ਭਾਈਚਾਰੇ ਤੋਂ 971, ਖਲੀਫਾ ਫਾਉਂਡੇਸ਼ਨ, ਇਰਾਨ, ਸੀਰੀਆ, ਲੇਬਨਾਨ, ਰੂਸ, ਸਊਦੀ ਅਰਬ, ਥਾਈਲੈਂਡ, ਯੂਰਪ ਬਾਰੇ ਰੋਚਕ ਜਾਣਕਾਰੀ ਦੇ ਨਾਲ-ਨਾਲ ਬੜਾ ਕੁੱਝ ਦੇਖਣ ਨੂੰ ਮਿਲਦਾ ਹੈ।

ਗਲੋਬਲ ਵਿਲੇਜ ਦੁਬਈ, ਸੰਯੁਕਤ ਅਮੀਰਾਤ 'ਚ ਸ਼ੇਖ ਮੁਹੰਮਦ ਬਿਨ ਜ਼ਾਇਦ ਰੋਡ 'ਤੇ ਇੱਕ ਸਭਿਆਚਾਰਕ ਮਨੋਰੰਜਨ ਸਥਾਨ ਹੈ, ਜਿਥੇ ਫੈਸਟੀਵਲਾਂ ਦੀ ਸ਼ਾਪਿੰਗ, ਕਾਰਨੀਵਲ ਹਰ ਸਾਲ ਅਕਤੂਬਰ ਤੋਂ ਮਈ ਤੱਕ ਆਯੋਜਿਤ ਕੀਤਾ ਜਾਂਦਾ ਹੈ। ਜਿਨੂੰ ਦੁਬਈ ਸੰਯੁਕਤ ਅਰਬ ਅਮੀਰਾਤ 'ਚ ਸੱਭ ਤੋਂ ਵੱਡਾ ਖਾਣਾ, ਅਤੇ ਮਨੋਰੰਜਨ ਆਕਰਸ਼ਨ 'ਤੇ ਕਾਰਨੀਵਲ ਮੰਨਿਆ ਜਾਂਦਾ ਹੈ। ਇਸ ਸਥਾਨ 'ਤੇ ਹਰ ਸੀਜ਼ਨ 'ਚ ਕਰੀਬਨ 10 ਮਿਲੀਅਨ ਟੂਰਿਸਟ ਆਉਂਦੇ ਹਨ। ਅੰਤਰਰਾਸ਼ਟਰੀ ਕਲਾਕਾਰ ਜਿਵੇਂ ਜੇਸਨ ਡਰੂਲੋ, ਲਿਆਮ ਪੇਨ, ਨਾਓ ਯੁਨਾਈਟਿਡ, ਸ਼ਾਹਰੁੱਖ ਖਾਨ, ਰਾਹਤ ਫਤਿਹ ਅਲੀਖਾਨ, ਸਮੀਰਾ ਸੈਦ, ਆਤਿਫ ਅਸਲਮ ਅਤੇ ਐਲੀਸਾ ਵਗੈਰਾ ਵੀ ਆਪਣੀ ਪਰਫਾਰਮੈਂਸ ਦੇ ਚੁੱਕੇ ਹਨ।

- ਗਲੋਬਲ ਵਿਲੇਜ ਜਨਵਰੀ 1997 'ਚ ਦੁਬਈ ਨਗਰ ਪਾਲਿਕਾ ਦੇ ਸਾਹਮਣੇ ਕ੍ਰੀਕ ਸਾਈਡ 'ਤੇ ਸਥਿਤ ਕਈ ਕਿਓਸਕ ਦੇ ਰੂਪ 'ਚ ਸ਼ੁਰੂ ਹੋਇਆ। ਇਹ ਬਾਅਦ 'ਚ 5 ਸਾਲਾਂ ਲਈ ਵਾਫੀ ਸਿਟੀ ਦੇ ਨੇੜੇ ਔਡ ਮੇਥਾ ਖੇਤਰ 'ਚ ਤਬਦੀਲ ਹੋ ਗਿਆ। ਅੱਜ, ਗਲੋਬਲ ਵਿਲੇਜ ਵਾਦੀ ਅਲ ਸਫਾ 'ਚ ਸ਼ੇਖ ਜ਼ਾਇਦ ਐਗਜ਼ਿਟ 37 ਤੋਂ ਬਾਹਰ ਨਿਕਲਣ 'ਤੇ ਇਸਦੇ ਮੌਜੂਦਾ ਸਥਾਨ 'ਤੇ 6 ਮਿਲੀਅਨ ਟੂਰਿਸਟ ਦਰਜ ਕੀਤੇ ਗਏ ਹਨ।
- ਇਸ ਵਿਲੇਜ ਨੂੰ 4 ਹਿੱਸਿਆਂ 'ਚ ਬਣਾਇਆ ਗਿਆ ਹੈ। ਕਲਚਰਲ ਸਮਾਗਮ ਅਤੇ ਸਮਾਰੋਹ, ਸ਼ਾਪਿੰਗ, ਸੁਆਦੀ ਭੋਜਨ ਦੇ ਸਟਾਲਾਂ ਨੂੰ ਵੱਖ-ਵੱਖ ਥਾਂ ਮੁਤਾਬਿਕ ਵੰਡਿਆ ਗਿਆ ਹੈ। ਦੁਬਈ ਗਲੋਬਲ ਵਿਲੇਜ 'ਚ ਕਰੀਬਨ 18300 ਤੋਂ ਵੱਧ ਦੀ ਪਾਰਕਿੰਗ ਹੈ। ਪਾਰਕਿੰਗ ਨੂੰ 2 ਹਿੱਸਿਆਂ 'ਚ ਮੁਫਤ ਅਤੇ ਪੇਡ 'ਚ ਵੰਡਿਆ ਗਿਆ ਹੈ। ਪਾਰਕਿੰਗ 'ਚ ਆਉਣ 'ਤੇ ਜਾਣ ਲਈ ਇੱਕ ਮੁਫਤ ਟ੍ਰੇਨ ਅਤੇ ਸ਼ਟਲ ਬੱਸ ਵੀ ਚਲਦੀ ਹੈ।

**ਗਲੋਬਲ ਵਿਲੇਜ ਦੁਬਈ ਅੰਦਰ:**

- ਸ੍ਰੀਲੰਕਾ ਅਤੇ ਬੰਗਲਾ ਦੇਸ਼ ਦੇ ਪਵੇਲੀਅਨ ਅੰਦਰ ਜਾ ਕੇ ਵੱਖ-ਵੱਖ ਪਰੰਪਰਾਵਾਂ, ਕਲਾ, ਅਤੇ ਵਿਸ਼ਵ ਭਰ ਦੇ ਸੁਆਦੀ ਵਿਅੰਜਨ ਵੀ ਮਿਲਦੇ ਹਨ। ਬੰਗਲਾਦੇਸ਼ੀ ਬਿਰਯਾਨੀ, ਦੇ ਨਾਲ-ਨਾਲ ਸ੍ਰੀ ਲੰਕਾਈ ਹੋਪਰਸ, ਅਤੇ ਖੁਸ਼ਬੂਦਾਰ ਕਰੀਆਂ, ਰਸਗੋਲਾ ਵਰਗੇ ਮਿੱਠੇ ਪਕਵਾਨਾਂ ਦਾ ਸੁਆਦ ਹੀ ਵੱਖਰਾ ਹੁੰਦਾ ਹੈ।
- ਪ੍ਰਦਰਸ਼ਨੀਆਂ 'ਚ ਲੋਕਲ ਕਾਰੀਗਰਾਂ ਦੇ ਹੁਨਰ ਨੂੰ ਉਜਾਗਰ ਕਰਦੇ ਹੋਏ ਸ੍ਰੀ ਲੰਕਾਈ ਬਾਟਿਕ ਅਤੇ ਬੰਗਲਾਦੇਸ਼ੀ ਜੂਟ ਪ੍ਰਾਡਕਟ ਵਰਗੀ ਰਵਾਇਤੀ ਸ਼ਿਲਪਕਾਰੀ ਵੀ ਦੇਖਣ ਨੂੰ ਮਿਲਦੀ ਹੈ। ਦੋਵੇਂ ਦੇਸ਼ਾਂ ਦੇ ਰਵਾਇਤੀ ਡਾਂਸ, ਸੰਗੀਤ, ਸਮੇਤ ਸ੍ਰੀ ਲੰਕਾ ਅਤੇ ਬੰਗਲਾਦੇਸ਼ੀ ਸੱਭਿਆਚਾਰ ਦੀ ਰੰਗੀਨ ਟੇਪਸਟ੍ਰੀ 'ਚ ਲੀਨ ਕਰਨ ਦਾ ਮੌਕਾ ਵੀ ਮਿਲਦਾ ਹੈ।
- ਜੋਰਡਨ ਦੇ ਪਵੇਲੀਅਨਅੰਦਰ ਦੇਸ਼ ਦੇ ਪੁਰਾਤੱਤਵ, ਖਜ਼ਾਨਿਆਂ, ਜੀਵੰਤ ਕਲਾਵਾਂ, ਅਤੇ ਪੇਟਰਾ ਦੇ ਸ਼ਾਨਦਾਰ ਲੈਂਡਸਕੇਪ ਅੱਮਾਨ ਦੀਆਂ ਜੀਵੰਤ ਗਲੀਆਂ ਨਾਲ ਮਿਲਦੇ ਹਨ। ਇੱਥੇ ਭੋਜਨ ਸਟਾਲਾਂ 'ਤੇ ਮੂੰਹ 'ਚ ਪਾਣੀ ਦੇਣ ਵਾਲੇ ਜਾਰਡੀਅਨ ਪਕਵਾਨ ਹਰ ਕਿਸੇ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ। ਕਾਰੀਗਰਾਂ ਦੁਆਰਾ ਮਿੱਟੀ ਦੇ ਬਰਤਨ ਅਤੇ ਮੋਜ਼ੇਕ ਬਣਾਉਣ ਵਰਗੀਆਂ ਰਵਾਇਤੀ ਸ਼ਿਲਪਕਾਰੀ ਦੇਖਣ ਨੂੰ ਮਿਲਦੀ ਹੈ। ਆਪਣੀਆਂ ਦਿਲਚਸਪ ਗਤੀਵਿਧੀਆਂ ਦੁਆਰਾ, ਜਾਰਡਨ ਪਵੇਲੀਅਨ ਨਾ ਸਿਰਫ ਆਪਣ ੀਵਿਰਾਸਤ ਦਾ ਜਸ਼ਨ ਮਨਾਉਂਦਾ ਹੈ, ਸਗੋਂ ਵੱਖ-ਵੱਖ ਸਭਿਆਚਾਰਾਂ ਵਿਚਕਾਰ ਸਬੰਧਾਂ ਅਤੇ ਸਮਝ ਨੂੰ ਵੀ ਉਤਸ਼ਾਹਿਤ ਕਰਦਾ ਹੈ।
- ਕੋਰੀਆ ਦੇ ਪਵੇਲੀਅਨ ਅੰਦਰ ਕੁਦਰਤ ਅਤੇ ਆਰਕੀਟੈਕਚਰ ਦੇ ਵਿਚਕਾਰ ਇੱਕਸੁਰਤਾ ਦੇਖਣ ਨੂੰ ਮਿਲਦੀ ਹੈ। ਇੱਥੇ ਰਵਾਇਤੀ ਪਹਿਰਾਵੇ 'ਚ ਸਜਾਏ ਸਥਾਨਕ ਲੋਕ ਤੁਹਾਡਾ ਵੈਲਕਮ ਕਰਦੇ ਹਨ। ਵਿਸ਼ਵ ਪੱਧਰ ਦੇ ਕਲਾਕਾਰ ਕੋਰੀਅਨ ਲੋਕਧਾਰਾ ਡਾਂਸ ਨੂੰ ਯਾਦ ਕਰਦੇ ਹਨ। ਕੋਰੀਆਈ ਸੁੰਦਰਤਾ ਉਤਪਾਦਾਂ ਤੋਂ ਲੈ ਕੇ ਕੇ-ਪੀਓਪੀ ਥੀਮਡ ਵਪਾਰ ਤੱਕ ਦੀ ਖਰੀਦਾਰੀ ਕਰ ਸਕਦੇ ਹੋ। ਮੌਜੂਦ ਕਲਾਕਾਰਾਂ ਬਣਾਈ ਗਈ ਕੋਰੀਅਨ-ਸ਼ੈਲੀ ਵਾਲੀ ਕੈਰੀਕੇਚਰ ਆਰਟਵਰਕ ਮਨ ਨੂੰ ਮੋਹ ਲੈਂਦਾ ਹੈ।
- ਬਹਿਰੀਨ ਪਵੇਲੀਅਨ 2 ਪ੍ਰਤੀਕ ਚਿੰਨਾਂ ਦੁਆਰਾ ਤਿਆਰ ਕੀਤਾ ਗਿਆ ਹੈ। ਇੱਕ ਪਾਸੇ ਪ੍ਰਭਾਵਸ਼ਾਲੀ ਰਿਫਾ ਟਾਵਰ ਹੈ, ਜਦੋਂ ਕਿ ਸਾਹਮਣੇ ਵਾਲੇ ਪਾਸੇ ਬਹਿਰੀਨ ਵਿਸ਼ਵ ਟ੍ਰੇਡ ਸੈਂਟਰ ਹੈ।
- ਇਹ ਪਵੇਲੀਅਨ ਅੰਦਰ ਹਵਾ ਸ਼ੁੱਧ ਉਦ 'ਤੇ ਬੁਖਰ ਦੀਆਂ ਮਨਮੋਹਕ ਖੁਸ਼ਬੂਆਂ ਨਾਲ ਭਰੀ ਹੋਈ ਹੈ। ਲੋਕ ਡਾਂਸ ਅਤੇ ਸੰਗੀਤ ਦੀਆਂ ਸੁਰੀਲੀਆਂ ਧੁੰਨਾਂ ਦੁਆਰਾ ਸ਼ਾਂਤ ਹੁੰਦੇ ਹੋਏ ਇੱਕ ਰਵਾਇਤੀ ਭੋਜਨ ਦਾ ਅਨੰਦ ਲੈ ਸਕਦੇ ਹੋ। ਸੱਦਾ ਦੇਣ ਵਾਲਾ ਬਾਹਰੀ ਹਿੱਸਾ ਸਾਵਧਾਨੀ ਨਾਲ ਚੁਣੇ ਗਏ ਕਿਲੇ-ਸ਼ੈਲੀ ਦੇ ਪੱਥਰ ਨਾਲ ਸਜਾਇਆ ਗਿਆ ਹੈ। ਇਸਦੇ ਨਾਲ ਖਜੂਰ ਦੇ ਦਰੱਖਤਾਂ ਦੀਆਂ ਕਤਾਰਾਂ ਹਨ, ਜੋ ਕਿ ਸੈਂਟੀਨਲ ਵਾਂਗ ਖੜੇ ਲੱਗਦੇ ਹਨ, 'ਤੇ ਸੁੰਦਰਤਾ ਦਾ ਮਾਹੌਲ ਉਜਾਗਰ ਹੁੰਦਾ ਹੈ।
- ਕੁਵੈਤ, ਸੀਫ ਪੈਲੇਸ ਦੀ ਇਸਦੇ ਗੁੰਝਲਦਾਰ ਮੋਜ਼ੇਕ, ਸੋਨੇ ਦੇ ਗੁੰਬਦ, ਅਤੇ ਸ਼ਾਨਦਾਰ ਪ੍ਰਤੀਕ੍ਰਿਤੀ ਹੈ ਜੋ ਕਿ ਪ੍ਰਤੀਕ ਅਤੇ ਸ਼ਹਿਰੀ ਕੁਵੈਤ ਟਾਵਰਾਂ ਨਾਲ ਜੁੜੀ ਹੋਈ ਹੈ। ਕੁਵੈਤ ਦੇ ਵੱਖਰੇ ਸਭਿਆਚਾਰ ਅਤੇ ਪਰੰਪਰਾਵਾਂ ਦਾ ਅਨੰਦ ਲੈਣ ਲਈ ਸੰਪੂਰਨ ਪਿਛੋਕੜ ਪ੍ਰਦਾਨ ਕਰਦੀ ਹੈ। ਜਦੋਂ ਤੁਸੀਂ ਕਾਹਵਾ ਦੀ ਚੁਸਕੀ ਲੈਂਦੇ ਹੋ ਅਤੇ ਡ੍ਰਮ ਦੀ ਤੇਜ਼ ਬੀਟ ਸੁਣਦੇ ਹੋ ਤਾਂ ਡਿਸਪਲੇ 'ਤੇ ਅਰਬੀ ਕੈਲੀਗ੍ਰਾਫੀ ਕਲਾ ਦੇਖਣ ਨੂੰ ਮਿਲਦੀ ਹੈ।
- ਫਲਸਤੀਨ ਪਵੇਲੀਅਨ ਪ੍ਰਸਿੱਧ ਸ਼ਾਹਵਾਨ MYNSn ਤੋਂ ਪ੍ਰੇਰਣਾ ਲੈਂਦਾ ਹੈ, ਜੋ ਖੇਤਰ ਦੀ ਇਤਿਹਾਸਕ ਅਤੇ ਸੱਭਿਆਚਾਰਕ ਦੌਲਤ ਨੂੰ ਸ਼ਰਧਾਂਜਲੀ ਵੱਜੋਂ ਸੇਵਾ ਦਾ ਮੌਕਾ ਦਿੰਦਾ ਹੈ। ਇੱਥੇ ਸੁੰਦਰ ਪ੍ਰੰਪਰਾਵਾਂ ਨੂੰ ਸਾਂਝਾ ਕਰਨ, ਪਰਾਣੇ ਯੁੱਗ ਦਾ ਜਸ਼ਨ ਮਨਾਉਣ ਅਤੇ ਦੋਸਤਾਂ ਅਜ਼ੀਜ਼ਾਂ ਨਾਲ ਯਾਦਾਂ ਬਣਾਉਣ ਦਾ ਮੌਕਾ ਵੀ ਮਿਲਦਾ ਹੈ। ਸੰਗੀਤ ਅਤੇ ਡਾਂਸ ਦਾ ਅਨੰਦ ਲੈਂਦੇ ਹੋਏ ਸਟ੍ਰੀਟ ਫੂਡ ਦਾ ਲਿਆ ਜਾਂਦਾ ਹੈ।
- ਓਮਾਨ ਪਵੇਲੀਅਨ ਅੰਦਰ ਲੁਬਾਨ ਦੀ ਮਿੱਠੀ ਖੁਸ਼ਬੂ ਦਾ ਮਜ਼ਾ ਹੀ ਅਲੱਗ ਹੈ। ਕੁਦਰਤੀ ਵਾਤਾਵਰਣ, ਸ਼ਾਨਦਾਰ ਹਜਰ ਪਹਾੜਾਂ ਦੇ ਨਾਲ ਇੱਕ ਸੰਪੂਰਣ ਪਿਛੋਕੜ ਨੂੰ ਜਾਣਨ ਦਾ ਮੌਕਾ ਮਿਲਦਾ ਹੈ। ਇੱਕ ਰਵਾਇਤੀ ਬਾਜ਼ਾਰ 'ਚ ਸਥਾਨਕ ਕਾਰੀਗਰ ਵਿਲੱਖਣ ਪੁਰਾਤਨ ਵਸਤਾਂ, ਕਲਾਕ੍ਰਿਤੀਆਂ ਅਤੇ ਬੇਡੂਈਨਕਲਾਕਾਰਾਂ ਦੀਆਂ ਧੜਕਨ ਵਾਲੀਆਂ ਧੜਕਨਾਂ ਨੂੰ ਹਵਾ ਮਿਲ ਜਾਂਦੀ ਹੈ।
- ਦੋਹਾ ਦੇ ਪਵੇਲੀਅਨ ਅੰਦਰ ਕਪੜਿਆਂ ਅਤੇ ਮਸਾਲਿਆਂ ਤੋਂ ਲੈ ਕੇ ਹੱਥਾਂ ਨਾਲ ਬਣੇ ਦਸਤਕਾਰੀ ਅਤੇ ਯਾਦਗਾਰੀ ਵਸਤਾਂ ਦੀ ਇੱਕ ਮਿਸਾਲ ਸ਼ਰਣ ਬਾਰੇ ਪਤਾ ਲੱਗਦਾ ਹੈ। ਰੁਮੇਲਾਹ ਪਾਰਕ ਆਰਚ 'ਤੇ ਇੱਕ ਕੱਪ ਤਾਜ਼ੀ ਗਰਾਉਂਡ ਕੱਫੀ ਦਾ ਸੁਆਦ ਲੈ ਸਕਦੇ ਹੋ। ਤਰਾ ਪਵੇਲੀਅਨ ਅੰਦਰ ਸੈਲਫੀ ਦੇ ਨਾਲ ਯਾਦਾਂ ਨੂੰ ਕੈਪਚਰ ਕਰਨ ਦਾ ਮਜ਼ਾ ਹੀ ਅਲੱਗ ਹੈ।
- ਦੇਸ਼ ਦੀ ਅਮੀਰ ਸੱਭਿਆਚਾਰਕ ਵਿਰਾਸਤ, ਇੱਥੇ ਮਹਿਮਾਨ ਇਰਾਕੀ ਇਤਿਹਾਸ, ਕਲਾ, ਅਤੇ ਕਾਰੀਗਰੀ ਦੀ ਦਿਲਚਸਪ ਟੇਪਸਟ੍ਰੀ 'ਚ ਆਪਣੇ ਆਪ ਨੂੰ ਲੀਨ ਕਰ ਸਕਦੇ ਹੋ। ਪਰੰਪਰਾਗਤ ਇਰਾਕੀ ਤੱਤ, ਜਿਵੇਂ ਕਿ ਗੁੰਝਲਦਾਰ ਕੈਲੀਗ੍ਰਾਫੀ, ਸ਼ਾਨਦਾਰ ਟੈਸਟਾਈਲ ਅਤੇ ਸਜਾਵਟੀ ਵਸਰਾਵਿਕ, ਸੁੰਦਰਤਾ ਨਾਲ ਸਮਕਾਲੀ ਕਲਾਤਮਕ ਸਮੀਕਰਨਾਂ ਦੇ ਨਾਲ ਪ੍ਰਦਰਸ਼ਿਤ ਕੀਤੇ ਗਏ ਹਨ। ਜੋ ਇਰਾਕੀ ਸਭਿਆਚਾਰ ਦੇ ਗਤੀਸ਼ੀਲ ਵਿਕਾਸ ਨੂੰ ਦਰਸਾਉਂਦੇ ਹਨ।
- ਬੁਣਾਈ ਅਤੇ ਮਿੱਟੀ ਦੇ ਭਾਂਡੇ ਵਰਗੀਆਂ ਰਵਾਇਤੀ ਸ਼ਿਲਪਕਾਰੀ ਦੇ ਲਾਈਵ ਪ੍ਰਦਰਸ਼ਨਾਂ ਦੌਰਾਨ ਉਨਾਂ ਦਾ ਸਕਿੱਲ ਦੇਖ ਸਕਦੇ ਹੋ। ਤੁਸੀਂ ਇੰਟਰਐਕਟਿਵ ਵਰਕਸ਼ਾਪਾਂ 'ਚ ਹਿੱਸਾ ਲੈ ਕੇ ਹੱਥੀਂ ਅਨੁਭਵ ਵ ੀਕਰ ਸਕਦੇ ਹੋ।
- ਪਵੇਲੀਅਨ ਅੰਦਰ ਫੂਡ ਸਟਾਲਾਂ 'ਤੇ ਕਈ ਕਿਸਮ ਦੇ ਪਕਵਾਨਾਂ 'ਚ ਸੁਆਦੀ ਕਬਾਬ ਤੋਂ ਲੈ ਕੇ ਵੱਖ-ਵੱਖ ਅਨੰਦ ਲਿਆ ਜਾ ਸਕਦਾ ਹੈ।

ਗਲੋਬਲ ਵਿਲੇਜ ਦੁਬਈ ਅੰਦਰ ਪਵੇਲੀਅਨ ਘੁੰਮ ਕੇ ਹਮੇਸ਼ਾ ਲਈ ਯਾਦਗਾਰ ਬਣਾ ਸਕਦੇ ਹੋ।





















# ਰਾਸ਼ੀਫਲ

**ਮੇਖ :** ਅੱਜ ਤੁਸੀ ਥਕਾਵਟ ਮਹਿਸੂਸ ਕਰੋਂਗੇ ਅਤੇ ਛੋਟੀ ਛੋਟੀ ਗੱਲਾਂ ਤੇ ਨਾਰਾਜ਼ ਵੀ ਹੋ ਸਕਦੇ ਹੋ। ਆਰਥਿਕ ਤੋਰ ਤੇ ਸੁਧਾਰ ਤੈਅ ਹੈ।ਇਕ ਪਰਿਵਾਰਿਕ ਪਰਿਯੋਜਨਾ ਵਿਚ ਤੁਸੀ ਸਭ ਧਿਆਨ ਦਾ ਕੇਂਦਰ ਹੋਣਗੇ। ਤੁਹਾਡਾ ਮਹਿਬੂਬ ਸਾਰਾ ਦਿਨ ਤੁਹਾਨੂੰ ਬੁਰੀ ਤਰਾਂ ਨਾਲ ਯਾਦ ਕਰ ਕਰ ਰਿਹਾ ਹੈ ਇਕ ਯੋਜਨਾ ਬਣਾਉ ਅਤੇ ਇਸ ਨੂੰ ਆਪਣੇ ਜੀਵਨ ਦਾ ਇਕ ਵਧੀਆ ਦਿਨ ਬਣਾਉ। ਪੇਸ਼ੇਵਰ ਤੋਰ ਤੇ ਅੱਜ ਦਾ ਦਿਨ ਸਾਕਾਰਤਮਕ ਰਹੇਗਾ। ਇਸ ਦਾ ਭਰਪੂਰ ਉਪਯੋਗ ਕਰੋ। ਜੇਕਰ ਤੁਸੀ ਆਪਣੀ ਚੀਜਾਂ ਪ੍ਰਤੀ ਬੇਪਰਵਾਹ ਹੋ ਤਾਂ ਉਨਾਂ ਦੀ ਹਾਨੀ ਅਤੇ ਚੋਰੀ ਹੋਣ ਦੀ ਸੰਭਾਵਨਾ ਹੈ। ਤੁਹਾਡੇ ਜੀਵਨਸਾਥੀ ਦੀ ਅੰਦਰੂਨੀ ਸੁੰਦਰਤਾ ਅੱਜ ਬਾਹਰ ਆਵੇਗੀ।

**ਬ੍ਰਿਸ਼ਭ:** ਤੁਹਾਡੇ ਘਰਵਾਲੇ ਘਰਵਾਲੀ ਦੀ ਸਿਹਤ ਤਣਾਅ ਅਤੇ ਫਿਕਰ ਦਾ ਕਾਰਨ ਬਣ ਸਕਦੀ ਹੈ। ਜੇਕਰ ਤੁਸੀ ਵਿਦੇਸ਼ ਵਿਚ ਕਿਸੇ ਜ਼ਮੀਨ ਤੇ ਨਿਵੇਸ਼ ਕੀਤਾ ਸੀ ਅੱਜ ਉਸ ਨੂੰ ਵੇਚਣ ਦੀ ਵਧੀਆ ਕੀਮਤ ਮਿਲ ਸਕਦੀ ਹੈ ਜੋ ਤੁਹਾਨੂੰ ਮੁਨਾਫਾ ਕਮਾਉਣ ਵਿਚ ਸਹਾਇਤਾ ਕਰੇਗਾ। ਅਜਿਹੇ ਮੁੱਦਿਆਂ ਤੇ ਗੱਲ ਕਰਨ ਤੋਂ ਬਚੋ ਜਿਨਾਂ ਨੂੰ ਲੈ ਕੇ ਪਿਆਰ ਤੋਂ ਵਾਦ ਵਿਵਾਦ ਹੋਣ ਦੀ ਸੰਭਾਵਨਾ ਹੈ। ਪਿਆਰ ਦੇ ਆਨੰਦ ਦਾ ਅਨੁਭਵ ਕੀਤਾ ਜਾ ਸਕਦਾ ਹੈ। ਪੱਤਰ ਵਿਹਾਰ ਦੇ ਬੈਕਲਾਗ ਨੂੰ ਉੱਚ ਤਰਜੀਹ ਦੀ ਲੋੜ ਹੈ । ਰਸਮਾਂ, ਹਵਨ, ਪੂਜਾ ਪਾਠ ਆਦਿ ਦਾ ਆਯੋਜਨ ਘਰ ਵਿਚ ਹੋਵੇਗਾ। ਜ਼ਿੰਦਗੀ ਸੱਚਮੁੱਚ ਦਿਲਚਸਪ ਹੋਵੇਗੀ ਜਦੋਂ ਤੁਹਾਡਾ ਜੀਵਨ ਸਾਥੀ ਤੁਹਾਡੇ ਨਾਲ ਆਵੇਗਾ ਸਾਰੇ ਵਿਵਾਦਾਂ ਨੂੰ ਭੁੱਲ ਜਾਵੇਗਾ ਤੁਹਾਨੂੰ ਪਿਆਰ ਨਾਲ ਗ੍ਰਹਿਣ ਕਰੇਗਾ।

**ਮਿਥੁਨ :** ਆਪਣੀ ਸਿਹਤ ਦੀ ਬਿਹਤਰੀ ਲਈ ਖਾਣ ਪੀਣ ਸੁਧਾਰ ਕਰੋ। ਲੰਬੇ ਅਰਸੇ ਨੂੰ ਮੱਦੇਨਜ਼ਰ ਰੱਖਦੇ ਹੋਏ ਨਿਵੇਸ਼ ਕਰੋ। ਆਪਣੇ ਸੁਭਾਅ ਨੂੰ ਅਸਥਿਰ ਨਾ ਹੋਣ ਦਿਉ ਖਾਸ ਤੋਰ ਤੇ ਆਪਣੇ ਜੀਵਨਸਾਥੀ ਦੇ ਨਾਲ ਨਹੀਂ ਇਹ ਘਰ ਦੀ ਸ਼ਾਤੀ ਤੇ ਅਸਰ ਪਾ ਸਕਦਾ ਹੈ। ਕੁਝ ਲੋਕਾਂ ਦੇ ਲਈ ਨਵਾਂ ਰੋਮਾਂਸ ਤਾਜ਼ਗੀ ਲਿਆਏਗਾ ਅਤੇ ਤੁਹਾਡੇ ਮੂਡ ਨੂੰ ਖੁਸ਼ਮਿਜਾਜ ਰੱਖੇਗਾ। ਬੋਸ ਦਾ ਚੰਗਾ ਮੂਡ ਪੂਰੇ ਵਾਤਾਵਰਣ ਨੂੰ ਵਧੀਆ ਕਰ ਸਕਦਾ ਹੈ। ਤੁਹਾਨੂੰ ਆਪਣੇ ਘਰ ਦੇ ਛੋਟੇ ਮੈਂਬਰਾਂ ਦੇ ਨਾਲ ਸਮਾਂ ਬਿਤਾਉਣਾ ਸਿੱਖਣਾ ਚਾਹੀਦਾ ਹੈ ਜੇਕਰ ਤੁਸੀ ਅਜਿਹਾ ਨਹੀਂ ਕਰਦੇ ਤਾਂ ਤੁਸੀ ਘਰ ਵਿਚ ਸਤੰਭ ਬਣਾ ਕੇ ਪਾਉਣ ਵਿਚ ਕਾਮਯਾਬ ਨਹੀਂ ਹੋਵੋਂਗੇ। ਤੁਹਾਡਾ ਜੀਵਨਸਾਥੀ ਤੁਹਾਨੂੰ ਅੱਜ ਤੁਹਾਡੇ ਅੱਲੜ ਉਮਰ ਦੇ ਬਦਨਾਮ ਪਲਾਂ ਨੂੰ ਚੇਤੇ ਕਰਵਾਉਗਾ।

**ਕਰਕ :** ਆਪਣੀ ਬਿਮਾਰੀ ਬਾਰੇ ਚਰਚਾ ਕਰਨ ਤੋਂ ਬਚੋ ਖਰਾਬ ਤਬੀਅਤ ਤੋਂ ਧਿਆਨ ਹਟਾਉਣ ਦੇ ਲਈ ਕੋਈ ਅਤੇ ਦਿਲਚਸਪ ਕੰਮ ਕਰੋ। ਕਿਉਂ ਕਿ ਇਸ ਬਾਰੇ ਵਿਚ ਤੁਸੀ ਜਿੰਨੀ ਜ਼ਿਆਦਾ ਗੱਲਾ ਕਰੋਂਗੇ ਉਹਨੀ ਹੀ ਜ਼ਿਆ ਤਕਲੀਫ ਤੁਹਾਨੂੰ ਹੋਵੇਗੀ। ਤੁਸੀ ਪੈਸੇ ਦੀ ਕੀਮਤ ਨੂੰ ਚੰਗੀ ਤਰਾਂ ਜਾਣਦੇ ਹੋ ਇਸ ਲਈ ਅੱਜ ਦੇ ਦਿਨ ਤੁਹਾਡੇ ਦੁਆਰਾ ਬਚਾਇਆ ਗਿਆ ਧੰਨ ਭਵਿੱਖ ਵਿਚ ਕੰਮ ਆ ਸਕਦਾ ਹੈ ਅਤੇ ਤੁਸੀ ਕਿਸੇ ਵੱਡੀ ਮੁਸ਼ਕਿਲ ਵਿਚੋਂ ਨਿਕਲ ਸਕਦੇ ਹੋ। ਕੁਝ ਲੋਕਾਂ ਲਈ ਪਰਿਵਾਰ ਵਿਚ ਕਿਸੇ ਨਵੇਂ ਦਾ ਆਉਣਾ ਜਸ਼ਨ ਅਤੇ ਪਾਰਟੀ ਦੇ ਪਲ ਲੈ ਕੇ ਆਵੇਗਾ। ਰੋਮਾਂਸ ਦਾ ਤੁਹਾਡੇ ਦਿਲ ਤੇ ਕਬਜਾ ਹੈ। ਕੁਝ ਲੋਕਾਂ ਦੇ ਲਈ ਕਾਰੋਬਾਰ ਅਤੇ ਸਿੱਖਿਆ ਲਾਭਦਾਇਕ ਹੋਵੇਗੀ। ਅੱਜ ਤੁਹਾਨੂੰ ਮਹੱਤਵਪੂਰਨ ਮਾਮਲਿਆਂ ਤੇ ਧਿਆਨ ਦੇਣ ਦੀ ਲੋੜ ਹੈ। ਅੱਜ ਤੁਸੀ ਇਕ ਵਾਰ ਫਿਰ ਸਮੇਂ ਵਿਚ ਪਿੱਛੇ ਜਾ ਕੇ ਵਿਆਹ ਦੇ ਸ਼ੁਰੂਆਤੀ ਦਿਨਾਂ ਦੇ ਪਿਆਰ ਅਤੇ ਰੋਮਾਂਸ ਨੂੰ ਮਹਿਸੂਸ ਕਰੋਂਗੇ।

**ਸਿੰਘ:** ਬੱਚੇ ਤੁਹਾਡੇ ਮੁਤਾਬਿਕ ਨਹੀਂ ਚੱਲਣਗੇ ਜੋ ਤੁਹਾਡੇ ਝੁੰਝਲਾਹਟ ਦੀ ਵਜਾਹ ਬਣ ਸਕਦੀ ਹੈ ਤੁਹਾਨੂੰ ਖੁਦ ਤੇ ਨਿਯੰਤਰਣ ਰੱਖਣਾ ਚਾਹੀਦਾ ਹੈ ਕਿਉਂ ਕਿ ਨਾਰਾਜ਼ਗੀ ਸਭ ਲਈ ਨੁਕਸਾਨਦੇਹ ਹੈ ਅਤੇ ਇਹ ਸੋਚਣ ਸਮਝਣ ਦੀ ਤਾਕਤ ਨੂੰ ਖਤਮ ਕਰ ਦਿੰਦਾ ਹੈ ਇਸ ਨਾਲ ਸਿਰਫ ਮੁਸ਼ਕਿਲ ਵਧਦੀ ਹੈ। ਜੋ ਲੋਕ ਦੁੱਧ ਉਦਯੋਗ ਨਾਲ ਜੁੜੇ ਹਨ ਉਨਾਂ ਨੂੰ ਅੱਜ ਆਰਥਿਕ ਲਾਭ ਹੋਣ ਦੀ ਪ੍ਰਬਲ ਸੰਭਾਵਨਾ ਹੈ। ਅੱਜ ਨਾ ਸਿਰਫ ਅਜਨਬੀਆਂ ਨਾਲ ਬਲਕਿ ਦੋਸਤਾਂ ਤੋਂ ਵੀ ਸਾਵਧਾਨ ਰਹਿਣ ਦੀ ਲੋੜ ਹੈ। ਤੁਹਾਨੂੰ ਆਪਣੇ ਜੀਵਨ ਸਾਥੀ ਨੂੰ ਆਪਣੀ ਸਥਿਤੀ ਸਮਝਾਉਣ ਵਿਚ ਮੁਸ਼ਕਿਲ ਹੋਵੇਗੀ। ਪੇਸ਼ੇਵਰ ਤੋਰ ਤੇ ਅੱਜ ਦਾ ਦਿਨ ਸਾਕਾਰਤਮਕ ਰਹੇਗਾ। ਇਸ ਦਾ ਭਰਪੂਰ ਉਪਯੋਗ ਕਰੋ। ਇਸ ਰਾਸ਼ੀ ਦੇ ਵੱਡੇ ਅੱਜ ਦੇ ਦਿਨ ਆਪਣੇ ਪੁਰਾਣੇ ਦੋਸਤਾਂ ਨੂੰ ਮਿਲਣ ਜਾ ਸਕਦੇ ਹਨ। ਵਿਆਹ ਸਿਰਫ ਇਕ ਛੱਤ ਦੇ ਥੱਲੇ ਰਹਿਣ ਦਾ ਨਾਮ ਨਹੀਂ ਹੈ ਇਕ ਦੂਜੇ ਦੇ ਨਾਲ ਸਮਾਂ ਬਿਤਾਉਣਾ ਵੀ ਜ਼ਰੂਰੀ ਹੈ।

**ਕੰਨਿਆ:** ਸ਼ਰਾਬ ਤੋਂ ਦੂਰ ਰਹੋ ਕਿਉਂ ਕਿ ਇਹ ਤੁਹਾਡੀ ਨੀਂਦ ਵਿਚ ਅੜਚਣ ਪਾ ਕੇ ਤੁਹਾਨੂੰ ਗਹਿਰੇ ਆਰਾਮ ਵਿਚ ਪਾ ਸਕਦੀ ਹੈ। ਲੰਬੇ ਸਮੇਂ ਤੋਂ ਰੁਕੇ ਮੁਆਵਜ਼ੇ ਅਤੇ ਕਰਜ਼ ਆਦਿ ਆਖਿਰਕਾਰ ਤੁਹਾਨੂੰ ਮਿਲ ਜਾਣਗੇ। ਤੁਹਾਡਾ ਅੜਿਅਲ ਰੱਵਈਆ ਤੁਹਾਡੇ ਮਾਤਾ ਪਿਤਾ ਦਾ ਚੈਨ ਖੋ ਸਕਦੇ ਹਨ ਤੁਹਾਨੂੰ ਉਨਾਂ ਦੀ ਸਲਾਹ ਤੇ ਧਿਆਨ ਦੇਣ ਦੀ ਲੋੜ ਹੈ ਤੇ ਸਾਕਾਰਾਤਮਕ ਗੱਲਾਂ ਤੇ ਵਿਚਾਰ ਕਰਨ ਵਿਚ ਕੋਈ ਬੁਰਾਈ ਨਹੀਂ। ਤੁਹਾਡੀ ਪ੍ਰੇਮ ਸੰਬੰਧਾਂ ਬਾਰੇ ਗਲਤਫਹਿਮੀ ਹੋਣ ਦੀ ਸੰਭਾਵਨਾ ਹੈ। ਇਹ ਦੂਜੇ ਦੇਸ਼ਾਂ ਨਾਲ ਪ੍ਰੋਫੈਸ਼ਨਲ ਸੰਪਰਕ ਉਸਾਰਨ ਦਾ ਬਹੁਤ ਵਧੀਆ ਸਮਾਂ ਹੈ। ਦੂਸਰਿਆਂ ਨੂੰ ਯਕੀਨ ਦਿਵਾਉਣ ਦੀ ਤੁਹਾਡੀ ਸ਼ਮੂਲੀਅਤ ਬਹੁਤ ਜ਼ਿਆਦਾ ਲਾਭਦਾਇਕ ਰਹੇਗੀ। ਅੱਜ ਆਪਣੇ ਜੀਵਨ ਸਾਥੀ ਦੇ ਨਾਲ ਪਿਆਰ ਦੇ ਜ਼ਿਆਦਾ ਸਮਾਂ ਮਿਲੇਗਾ, ਪਰ ਸਿਹਤ ਵਿਚ ਗੜਬੜ ਹੋ ਸਕਦੀ ਹੈ।

**ਤੁਲਾ:** ਆਪਣੇ ਖਰਾਬ ਮੂਡ ਨੂੰ ਵਿਆਹੀ ਵਰੀ ਜ਼ਿੰਦਗੀ ਵਿਚ ਤਣਾਵ ਦਾ ਕਾਰਨ ਨਾ ਬਣਨ ਦਿਉ ਇਸ ਤੋਂ ਬਚਣ ਦੀ ਕੋਸ਼ਿਸ਼ ਕਰੋ ਨਹੀਂ ਤਾਂ ਬਾਅਦ ਵਿਚ ਪਛਤਾਉਣਾ ਪਵੇਗਾ। ਸੰਭਵ ਹੈ ਕਿ ਅੱਜ ਤੁਹਾਨੂੰ ਪੈਸੇ ਨਾਲ ਜੁੜੀ ਕੋਈ ਮੁਸ਼ਕਿਲ ਆ ਸਕਦੀ ਹੈ ਪਰ ਇਸ ਦੇ ਨਾਲ ਤੁਹਾਡੀ ਸਮਝਦਾਰੀ ਅਤੇ ਸੂਝ ਨਾਲ ਤੁਸੀ ਮੇਜ ਨੂੰ ਬਦਲ ਸਕਦੇ ਹੋ ਅਤੇ ਘਾਟੇ ਨੂੰ ਲਾਭ ਵਿਚ ਬਦਲ ਸਕਦੇ ਹੋ। ਤੁਹਾਡੀ ਗਿਆਨ ਦੀ ਪਿਆਸ ਤੁਹਾਡੇ ਨਵੇਂ ਦੋਸਤ ਬਣਾਉਣ ਵਿਚ ਮਦਦਗਾਰ ਸਾਬਿਤ ਹੋਵੇਗਾ। ਵਿਅਸਤ ਸੜਕ ਤੇ ਤੁਸੀ ਮਹਿਸੂਸ ਕਰੋਂਗੇ ਕਿ ਮੈਂ ਖੁਸ਼ਕਿਸਮਤ ਹਾਂ ਕਿਉਂ ਕਿ ਤੁਹਾਡਾ ਪਿਆਰਾ ਸਭ ਤੋਂ ਚੰਗਾ ਹੈ। ਅੱਜ ਅਨੁਭਵੀ ਲੋਕਾਂ ਨਾਲ ਜੁੜ ਕੇ ਜਾਣਨ ਦੀ ਕੋਸ਼ਿਸ਼ ਕਰੋ ਕਿ ਉਨਾਂ ਦਾ ਕੀ ਕਹਿਣਾ ਹੈ। ਅੱਜ ਤੁਸੀ ਆਪਣੇ ਵਿਅਸਤ ਸ਼ੈਡਯੂਲ ਵਿਚੋਂ ਆਪਣੇ ਆਪ ਲਈ ਸਮਾਂ ਕੱਢ ਲਵੋਂਗੇ ਪਰੰਤੂ ਦਫਤਰ ਦੇ ਜ਼ਰੂਰੀ ਕੰਮ ਕਾਰਨ ਤੁਹਾਡੀ ਯੋਜਨਾ ਫੇਲ ਹੋ ਸਕਦੀ ਹੈ। ਸੰਭਾਵਨਾ ਹੈ ਕਿ ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਦੇ ਤਣਾਵ ਹੋਰ ਵੱਧ ਸਕਦਾ ਹੈ ਲੰਬੇ ਸਮੇਂ ਲਈ ਇਹ ਤੁਹਾਡੇ ਰਿਸ਼ਤੇ ਲਈ ਵਧੀਆ ਨਹੀਂ ਰਹੇਗਾ।

**ਬ੍ਰਿਸ਼ਚਕ:** ਆਪਣੇ ਦਫਤਰ ਤੋਂ ਜਲਦੀ ਨਿਕਲਣ ਦੀ ਕੋਸ਼ਿਸ਼ ਕਰੋ ਅਤੇ ਉਹ ਕੰਮ ਕਰੋ ਜਿਸ ਨੂੰ ਤੁਸੀ ਵਾਕਾਈ ਪਸੰਦ ਕਰਦੇ ਹੋ। ਜੋ ਲੋਕ ਦੁੱਧ ਉਦਯੋਗ ਨਾਲ ਜੁੜੇ ਹਨ ਉਨਾਂ ਨੂੰ ਅੱਜ ਆਰਥਿਕ ਲਾਭ ਹੋਣ ਦੀ ਪ੍ਰਬਲ ਸੰਭਾਵਨਾ ਹੈ। ਨੇੜੇ ਦਾ ਦੋਸਤ ਅਤੇ ਜੀਵਨਸਾਥੀ ਨਾਰਾਜ਼ ਹੋ ਕੇ ਤੁਹਾਡਾ ਜੀਵਨ ਮੁਸ਼ਕਿਲ ਬਣ ਸਕਦੀ ਹੈ । ਤੁਸੀ ਨਾਲ ਮਿਲ ਕੇ ਕਿਤੇ ਘੁੰਮਣ ਫਿਰਨ ਜਾ ਕੇ ਆਪਣੇ ਪਿਆਰ ਭਰੇ ਜੀਵਨ ਵਿਚ ਉਰਜਾ ਦਾ ਸੰਚਾਰ ਕਰ ਸਕਦੇ ਹੋ। ਅੱਜ ਦੇ ਦਿਨ ਤੁਸੀ ਸਭ ਦੇ ਧਿਆਨ ਦਾ ਕੇਂਦਰ ਹੋਵੋਂਗੇ ਅਤੇ ਸਫਲਤਾ ਤੁਹਾਡੀ ਪਹੁੰਚ ਵਿਚ ਹੋਵੇਗੀ। ਅੱਜ ਖਾਲੀ ਸਮੇਂ ਦਾ ਉਪਯੋਗ ਕਰਨ ਦੇ ਲਈ ਤੁਹਾਡੇ ਹੱਥ ਹੈ ਕਿ ਤੁਸੀ ਦੋਸਤਾਂ ਨਾਲ ਮਿਲਣ ਦੀ ਯੋਜਨਾ ਵੀ ਬਣਾ ਸਕਦੇ ਹੋ। ਜੇਕਰ ਤੁਸੀ ਆਪਣੇ ਜੀਵਨਸਾਥੀ ਦੇ ਪਿਆਰ ਲਈ ਤਰਸ ਰਹੇ ਹੋ ਤਾਂ ਇਹ ਦਿਨ ਤੁਹਾਡੇ ਲਈ ਅਸੀਸ ਹੋਵੇਗਾ।

**ਧਨੂੰ:** ਕੰਮ ਦਾ ਤਨਾਵ ਤੁਹਾਡੀ ਸਿਹਤ ਨੂੰ ਖਰਾਬ ਕਰ ਸਕਦਾ ਹੈ। ਲੰਬੇ ਸਮੇਂ ਤੋਂ ਰੁਕੇ ਮੁਆਵਜ਼ੇ ਅਤੇ ਕਰਜ਼ ਆਦਿ ਆਖਿਰਕਾਰ ਤੁਹਾਨੂੰ ਮਿਲ ਜਾਣਗੇ। ਸ਼ਾਮ ਦੇ ਸਮੇਂ ਕੁਝ ਹਾਸੇ ਭਰਿਆ ਸਮਾਂ ਆਪਣੇ ਬੱਚਿਆਂ ਨਾਲ ਗੁਜ਼ਾਰੋ। ਤੁਹਾਡਾ ਮਹਿਬੂਬ ਸਾਰਾ ਦਿਨ ਤੁਹਾਨੂੰ ਬੁਰੀ ਤਰਾਂ ਨਾਲ ਯਾਦ ਕਰ ਕਰ ਰਿਹਾ ਹੈ ਇਕ ਯੋਜਨਾ ਬਣਾਉ ਅਤੇ ਇਸ ਨੂੰ ਆਪਣੇ ਜੀਵਨ ਦਾ ਇਕ ਵਧੀਆ ਦਿਨ ਬਣਾਉ। ਨਵੇਂ ਪਰਿਯੋਜਨਾਵਾਂ ਅਤੇ ਕੰਮਾਂ ਨੂੰ ਪੂਰਾ ਕਰਨ ਲਈ ਵਧੀਆ ਦਿਨ ਹੈ। ਇਸ ਰਾਸ਼ੀ ਦੇ ਵੱਡੇ ਅੱਜ ਦੇ ਦਿਨ ਆਪਣੇ ਪੁਰਾਣੇ ਦੋਸਤਾਂ ਨੂੰ ਮਿਲਣ ਜਾ ਸਕਦੇ ਹਨ। ਵਿਆਹ ਤੋਂ ਬਾਅਦ ਪਿਆਰ ਕਰਨਾ ਮੁਸ਼ਕਿਲ ਲਗਦਾ ਹੈ ਪਰੰਤੂ ਇਹ ਤੁਹਾਡੇ ਨਾਲ ਦਿਨ ਭਰ ਹੁੰਦਾ ਰਹਿੰਦਾ ਹੈ।

**ਮਕਰ:** ਬਾਹਰੀ ਗਤੀਵਿਧੀਆਂ ਤੁਹਾਡੇ ਲਈ ਲਾਭਦਾਇਕ ਹੋਣਗੀਆਂ ਕਿਲੇਬੰਦੀ ਵਾਲੀ ਜੀਵਨ ਸ਼ੈਲੀ ਵਿਚ ਬੰਨੇ ਰਹਿਣਾ ਅਤੇ ਹਮੇਸ਼ਾ ਆਪਣੀ ਸੁਰੱਖਿਆ ਦੀ ਚਿੰਤਾ ਕਰਨਾ ਤੁਹਾਡੇ ਲਈ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਰੋਕ ਦੇਣਗੇ। ਇਹ ਆਦਤ ਤੁਹਾਨੂੰ ਚਿੜਚਿੜਾ ਅਤੇ ਬੇਚੇਨ ਇਨਸਾਨ ਬਣਾ ਸਕਦੀ ਹੈ। ਭਾਈ ਭੈਣ ਦੀ ਮਦਦ ਨਾਲ ਅੱਜ ਆਰਥਿਕ ਲਾਭ ਹੋ ਸਕਦਾ ਹੈ ਆਪਣੇ ਭੈਣ ਭਰਾਵਾਂ ਦੀ ਸਲਾਹ ਲਵੋ। ਤੁਹਾਡੇ ਮਾਤਾ ਪਿਤਾ ਦੀ ਸਿਹਤ ਤੇ ਜ਼ਿਆਦਾ ਧਿਆਨ ਦਿੱਤੇ ਜਾਣ ਦੀ ਲੋੜ ਹੈ। ਕਿਸੇ ਤੀਜੇ ਇਨਸਾਨ ਦਾ ਦਖਲ ਤੁਹਾਡੇ ਅਤੇ ਤੁਹਾਡੇ ਪ੍ਰੇਮੀ ਵਿਚਕਾਰ ਪ੍ਰਤੀਰੋਧ ਪੈਦਾ ਕਰੇਗਾ। ਅਜਿਹੇ ਲੋਕਾਂ ਦੇ ਨਾਲ ਜੁੜੋ ਜੋ ਸਥਾਪਿਤ ਹੋਣ ਅਤੇ ਭਵਿੱਖ ਦੇ ਰੁਝਾਨਾ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਜੇਕਰ ਤੁਸੀ ਆਪਣੇ ਘਰ ਤੋਂ ਬਾਹ ਰਹਿ ਕੇ ਪੜ੍ਹਾਈ ਜਾਂ ਨੋਕਰੀ ਕਰ ਰਹੇ ਹੋ ਤਾਂ ਅੱਜ ਦੇ ਦਿਨ ਆਪਣੇ ਖਾਲੀ ਸਮੇਂ ਵਿਚ ਆਪਣੇ ਘਰਵਾਲਿਆਂ ਨਾਲ ਗੱਲ ਬਾਤ ਕਰੋ ਘਰ ਦੀ ਕਿਸੀ ਖਬਰ ਨੂੰ ਸੁਣ ਕੇ ਤੁਸੀ ਭਾਵੁਕ ਵੀ ਹੋ ਸਕਦੇ ਹੋ। ਜੀਵਨਸਾਥੀ ਦੇ ਕਾਰਨ ਕੁਝ ਨੁਕਸਾਨ ਹੋ ਸਕਦਾ ਹੈ।

**ਕੁੰਭ:** ਆਰਥਿਕ ਦਿੱਕਤਾਂ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ। ਪੈਸੇ ਦੀ ਲੋੜ ਕਦੇ ਵੀ ਪੈ ਸਕਦੀ ਹੈ ਇਸ ਲਈ ਅੱਜ ਜਿਨਾਂ ਹੋ ਸਕੇ ਅਤੇ ਬਚਤ ਕਰਨ ਦਾ ਵਿਚਾਰ ਬਣਾਉ। ਪਰਿਵਾਰ ਦੇ ਮੈਂਬਰਾਂ ਦਾ ਤੁਹਾਡੇ ਜੀਵਨ ਵਿਚ ਵਿਸ਼ੇਸ਼ ਮਹੱਤਵ ਹੋਵੇਗਾ। ਹਾਲਾਂ ਕਿ ਪਿਆਰ ਵਿਚ ਨਿਰਾਸ਼ਾ ਹੋ ਸਕਦੀ ਹੈ ਪਰੰਤੂ ਦਿਲ ਛੋਟਾ ਨਾ ਕਰੋ ਕਿਉਂ ਕਿ ਪ੍ਰੇਮੀ ਹਮੇਸ਼ਾ ਸਾਈਕੋਫੈਨਟਿਕ ਹੁੰਦੇ ਹਨ। ਅੱਜ ਦੇ ਦਿਨ ਤੁਸੀ ਸਭ ਦੇ ਧਿਆਨ ਦਾ ਕੇਂਦਰ ਹੋਵੋਂਗੇ ਅਤੇ ਸਫਲਤਾ ਤੁਹਾਡੀ ਪਹੁੰਚ ਵਿਚ ਹੋਵੇਗੀ। ਇਸ ਰਾਸ਼ੀ ਦੇ ਵਿਦਿਆਰਥੀ ਅੱਜ ਆਪਣਾ ਕੀਮਤੀ ਸਮਾਂ ਜਿਆਦਤਰ ਟੀ ਵੀ ਜਾਂ ਮੋਬਾਇਲ ਫੋਨ ਤੇ ਖਰਾਬ ਕਰ ਸਕਦੇ ਹੋ ਇਸ ਨਾਲ ਸਮੇਂ ਦੀ ਬਰਬਾਦੀ ਹੋਵੇਗੀ। ਘਰੇਲੂ ਕੰਮ ਕਾਰ ਵਾਲੀ ਮਦਦ ਲਈ ਸ਼ਾਇਦ ਅੱਜ ਨਾ ਆਵੇ ਜੋ ਤੁਹਾਡੇ ਜੀਵਨ ਸਾਥੀ ਨਾਲ ਤਣਾਅ ਪੈਦਾ ਕਰ ਸਕਦੀ ਹੈ।

**ਮੀਨ:** ਤੁਹਾਨੂੰ ਉਹ ਕੰਮ ਕਰਨੇ ਚਾਹੀਦੇ ਹਨ ਜੋ ਤੁਹਾਡੀ ਸਿਹਤ ਅਤੇ ਦਿਖਤਾ ਵਿਚ ਸੁਧਾਰ ਕਰਨ ਵਿਚ ਮਦਦ ਕਰੇ। ਤੁਹਾਡੇ ਪਿਤਾ ਦੀ ਕੋਈ ਸਲਾਹ ਅੱਜ ਕੰਮ ਕਾਰ ਵਿਚ ਤੁਹਾਨੂੰ ਧੰਨ ਲਾਭ ਕਰਾ ਸਕਦੀ ਹੈ। ਜਿਨਾਂ ਲੋਕਾਂ ਨਾਲ ਤੁਹਾਡੀ ਮੁਲਾਕਾਤ ਕਦੀ ਕਦੀ ਹੁੰਦੀ ਹੈ ਉਨਾਂ ਨਾਲ ਗੱਲਬਾਤ ਅਤੇ ਸੰਪਰਕ ਕਰਨ ਲਈ ਚੰਗਾ ਦਿਨ ਹੈ ਅੱਜ ਰੋਮਾਂਸ ਦੇ ਨਜ਼ਰੀਏ ਤੋਂ ਜ਼ਿੰਦਗੀ ਬਹੁਤ ਜਟਿਲ ਹੈ। ਵਪਾਰਕ ਸ਼ੋ ਅਤੇ ਸੈਮਿਨਾਰਾਂ ਆਦਿ ਵਿਚ ਭਾਗੀਦਾਰੀ ਤੁਹਾਡੇ ਵਪਾਰਕ ਸੰਪਰਕਾਂ ਵਿਚ ਸੁਧਾਰ ਲਿਆਵੇਗੀ। ਅੱਜ ਤੁਸੀ ਉਹ ਸਭ ਕੁਝ ਕਰਨਾ ਚਾਹੋਗੇ ਜੋ ਚੀਜ਼ਾਂ ਤੁਸੀ ਬਚਪਨ ਵਿਚ ਪਿਆਰ ਨਾਲ ਕਰਦੇ ਸੀ। ਅੱਜ ਤੁਹਾਡਾ ਜੀਵਨਸਾਥੀ ਤੁਹਾਡੇ ਲਈ ਜ਼ਿਆਦਾ ਸਮਾਂ ਨਹੀਂ ਕੱਢ ਸਕਦਾ ਹੈ।

# ਦਿਲਜੀਤ ਦੁਸਾਂਝ ਦੀ "ਸਰਦਾਰ ਜੀ –3"

ਵਾਦ ਵਿਵਾਦ ਪਾਕਿਸਤਾਨੀ ਹੀਰੋਇਨ ਦਾ ਨਹੀਂ ਬਲਕਿ ਮੁੱਦੇ ਦੀ ਜੜ੍ਹ ਈਰਖਾ ਦਾ ਸਾੜਾ ਹੈ ।

ਦਲਜੀਤ ਦੁਸਾਂਝ ਦੀ ਫਿਲਮ "ਸਰਦਾਰ ਜੀ 3" ਪਾਕਿਸਤਾਨੀ ਹੀਰੋਇਨ ਹਾਨੀਆ ਆਮਿਰ ਨੂੰ ਲੈ ਕੇ ਕਥਿਤ ਵਾਦ ਵਿਵਾਦ ਜੋਰਾਂ 'ਤੇ ਹੈ । ਭਾਰਤ ਵਿਚ ਇਹ ਫਿਲਮ ਬੈਨ ਕੀਤੀ ਜਾ ਚੁੱਕੀ ਹੈ ਜਦ ਕਿ ਪੂਰੇ ਵਿਸ਼ਵ ਵਿਚ ਇਹ ਫਿਲਮ ਕੱਲ੍ਹ ਰਿਲੀਜ ਹੋ ਚੁੱਕੀ ਹੈ ਤੇ ਸਿਨੇਮਿਆਂ ਵਿਚ ਚੱਲ ਰਹੀ ਹੈ ।




ਵਿਵਾਦ ਇਸ ਗੱਲੋਂ ਸ਼ੁਰੂ ਹੋਇਆ ਕਿ ਇਸ ਫਿਲਮ ਵਿਚ ਹੀਰੋਇਨ ਵਜੋਂ ਪਾਕਿਸਤਾਨੀ ਕਲਾਕਾਰ ਹਾਨੀਆਂ ਆਮਿਰ ਨੂੰ ਕਿਓਂ ਲਿਆ ਗਿਆ ? ਦੋਸ਼ ਇਹ ਲਾਇਆ ਗਿਆ ਕਿ ਪਾਕਿਸਤਾਨੀ ਅੱਤਵਾਦੀਆਂ ਨੇ ਬੀਤੀ 22 ਅਪਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਵਿਚ ਹਮਲਾ ਕਰਕੇ 28 ਭਾਰਤੀ ਸੈਲਾਨੀਆ ਮਾਰ ਮੁਕਾਇਆ ਜਿਸ ਦੇ ਬਹਾਨੇ ਭਾਰਤ ਨੇ ਪਾਕਿਸਤਾਨ ਉੱਤੇ ਬੀਤੀ 7 ਮਈ ਨੂੰ ਹਮਲਾ ਵੀ ਕੀਤਾ ।

ਗੱਲ ਨੂੰ ਅੱਗੇ ਤੋਰਦਿਆਂ ਬਾਲੀਵੁੱਡ ਦੇ ਸੁਪਰਸਿੱਧ ਫਿਲਮ ਲੇਖਕ ਤੇ ਗੀਤਕਾਰ ਜਨਾਬ ਜਵੇਦ ਅਖਤਰ ਦਾ ਇਕ ਬਿਆਨ ਇਥੇ ਕਾਬਲੇ ਗੌਰ ਹੈ । ਉਹਨਾ ਦਾ ਕਹਿਣਾ ਹੈ ਕਿ, "ਇਸ ਫਿਲਮ ਨੂੰ ਚੱਲਣ ਦੇਣਾ ਚਾਹੀਦਾ ਹੈ ਕਿਉਕਿ ਜਿਸ ਵੇਲੇ ਫਿਲਮ ਬਣੀ ਹੈ , ਉਸ ਵੇਲੇ ਦੋਵਾਂ ਮੁਲਕਾਂ ਦੇ ਹਾਲਾਤ ਬਿਲਕੁਲ ਨਾਰਮਲ ਸਨ ।"

ਪਰ ਫਿਲਮ ਨੂੰ ਪੂਰੇ ਭਾਰਤ ਵਿਚ ਬੈਨ ਕਰ ਦਿੱਤਾ ਗਿਆ । ਇਥੇ ਸਵਾਲ ਪੈਦਾ ਇਹ ਹੁੰਦਾ ਹੈ ਕਿ ਹਾਨੀਆ ਆਮਿਰ ਨੇ ਭਾਰਤ ਉਤੇ ਕਿਹੜੀਆਂ ਮਿਜਾਇਲਾਂ ਦਾਗੀਆਂ, ਉਹ ਤਾਂ ਜਿਸ ਤਰਾਂ ਭਾਰਤ ਅਤੇ ਪਾਕਿਸਤਾਨ ਦੇ ਬਾਕੀ ਆਮ ਸ਼ਹਿਰੀ ਹਨ ਤੇ ਉਹਨਾ ਦਾ ਕੋਈ ਕਸੂਰ ਨਹੀਂ ਉਸੇ ਤਰਾਂ ਉਹ ਹੈ।

ਦੂਜੀ ਗੱਲ ਇਹ ਕਿ ਕਲਾਕਾਰਾਂ ਨੂੰ ਸਰਹੱਦਾਂ ਦੀ ਵਲਗਣ ਵਿਚ ਵੰਡਣਾ ਕਿੰਨਾ ਕੁ ਜਾਇਜ ਹੈ ? ਮੇਰੀ ਜਾਚੇ ਇਹ ਤਾਂ ਮੂਰਖਤਾ ਦੀ ਇੰਤਹਾ ਹੈ ਤੇ ਭਾਰਤ ਸਰਕਾਰ ਨੇ ਦਲਜੀਤ ਦੀ ਫਿਲਮ ਉੱਤੇ ਬੈਨ ਲਗਾ ਇਹ ਸਭ ਕੁੱਝ ਆਪ ਹੀ ਸਾਬਤ ਕਰ ਦਿੱਤਾ ਹੈ।

ਦਰਅਸਲ ਗੱਲ ਇਹ ਨਹੀਂ ਕਿ ਹਾਨੀਆ ਆਮਿਰ ਨੂੰ ਫਿਲਮ ਦੀ ਹੀਰੋਇਨ ਕਿਓਂ ਬਣਾਇਆ ਗਿਆ, ਬਲਕਿ ਵਿਚਲੀ ਗੱਲ ਇਹ ਹੈ ਕਿ ਦਲਜੀਤ ਦੁਸਾਂਝ ਪੰਜਾਬੀ ਹੈ, ਪੱਗ ਬੰਨ੍ਹਦਾ ਹੈ, ਪੰਜਾਬੀ ਪਹਿਰਾਵਾ ਪਹਿਨਦਾ ਹੈ, ਬਾਲੀਵੁੱਡ ਦਾ ਝੋਲੀ ਚੁੱਕ ਨਹੀਂ, ਇਸ ਸਮੇਂ ਉਹ ਵੱਡਾ ਸਟਾਰ ਹੈ, ਉਸ ਦੇ ਸ਼ੋਆਂ ਵਿਚ ਦਰਸ਼ਕਾਂ ਦੀ ਸੱਖਿਆ ਲੱਖਾਂ ਵਿਚ ਹੁੰਦੀ ਹੈ ਤੇ ਬੌਲੀਵੁੱਡ ਦੇ ਬਹੁਤਿਆਂ ਲੱਠਮਾਰਾਂ ਨੂੰ ਇਹ ਸਭ ਕੁੱਝ ਹਜਮ ਨਹੀਂ ਹੋ ਰਿਹਾ, ਪੰਜਾਬੀ ਪਹਿਰਾਵੇ ਵਿਚ ਸਟੇਜ 'ਤੇ ਜਾ ਕੇ ਜਦ ਉਹ "ਆ ਗਏ ਪੰਜਾਬੀ ਓਏ" ਕਹਿੰਦਾ ਹੈ ਤਾਂ ਬਾਲੀਵੁੱਡ ਦੇ ਵੱਡੇ ਵੱਡੇ ਸਟਾਰਾਂ ਦੀ ਧਰਨ ਹਿੱਲ ਜਾਂਦੀ ਹੈ।

ਕਹਿਣ ਦਾ ਭਾਵ ਇਹ ਹੈ ਕਿ ਅਸਲ ਵਿਚ "ਸਰਦਾਰ ਜੀ 3" ਫਿਲਮ ਦਾ ਮਸਲਾ ਨਹੀਂ, ਬਲਕਿ ਮਸਲਾ ਇਹ ਹੈ ਕਿ ਉਹ ਆਪਣੀਆਂ ਸਟੇਜਾਂ ਉੱਤੇ " ਆ ਗਏ ਪੰਜਾਬੀ ਓਏ " ਦੀ ਬਜਾਏ "ਆ ਗਏ ਭਾਰਤੀ ਓਏ" ਕਿਓਂ ਨਹੀਂ ਬੋਲਦਾ, ਆਪਣੀਆਂ ਬਹੁਤੀਆਂ ਫਿਲਮਾਂ ਸਿੱਖ ਵਿਰਸੇ ਬਾਰੇ ਹੀ ਕਿਓਂ ਬਣਾਉਂਦਾ ? ਸਿਰ 'ਤੇ ਪੱਗ ਕਿਓਂ ਬੰਨ੍ਹਦਾ ? ਬਾਲੀਵੁੱਡ ਦੇ ਫਿਲਮੀ ਡਾਇਰੈਕਟਰਾਂ ਦਾ ਪਾਣੀ ਕਿਓਂ ਨਹੀਂ ਭਰਦਾ ?, ਮੀਕਾ ਸਿੰਘ ਤੇ ਗੁਰੂ ਰੰਧਾਵੇ ਵਾਂਗ ਉਹਨਾਂ ਦਾ ਪਿੱਠੂ ਤੇ ਝੋਲੀ ਚੁੱਕ ਕਿਓਂ ਨਹੀਂ ਬਣਦਾ, ਉਹ ਸਿਰਫ ਪੰਜਾਬੀ ਸੱਭਿਆਚਾਰ, ਪੰਜਾਬੀਅਤ ਤੇ ਸਿੱਖ ਵਿਰਸੇ ਨੂੰ ਹੀ ਪਰੋਮੋਟ ਕਿਓਂ ਕਰਦਾ?

ਸੋਚਣ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਪ੍ਰਧਾਨਮੰਤਰੀ ਨਰਿੰਦਰ ਮੋਦੀ ਉਸ ਨੂੰ ਮਿਲਦਾ ਹੈ ਤਾਂ ਓਹੀ ਦਲਜੀਤ ਦੁਸਾਂਝ ਨਫਰਤੀਆਂ ਵਾਸਤੇ ਚੰਗਾ ਹੁੰਦਾ ਹੈ ! ਜਦੋਂ ਕਿਸਾਨ ਮੋਰਚੇ ਦੀ ਹਿਮਾਇਤ ਕਰਦਾ ਹੈ ਤਾਂ ਉਸ ਨੂੰ ਖਾਲਿਸਤਾਨੀ ਕਿਹਾ ਜਾਂਦਾ ਹੈ। ਪਹਿਲਗਾਮ ਕਾਂਡ ਕਿਸ ਨੇ ਕਰਵਾਇਆ ਤੇ ਕਿਸ ਨੇ ਕੀਤਾ, ਅਜੇ ਤੱਕ ਇਸ ਦਾ ਖੁਰਾ ਨਹੀਂ ਨੱਪਿਆ ਗਿਆ, ਬਿਨਾ ਕਿਸੇ ਠੋਸ ਅਧਾਰ ਦੇ ਪਾਕਿਸਤਾਨ ਵੱਲ ਉਂਗਲ ਚੁੱਕ ਦਿੱਤੀ ਗਈ, ਹਮਲਾ ਵੀ ਕਰ ਦਿੱਤਾ ਤੇ ਡੋਨਾਲਡ ਟਰੰਪ ਦੀ ਮਾਰਫਤ ਪਾਕਿਸਤਾਨ ਨਾਲ ਜੰਗਬੰਦੀ ਵਾਲਾ ਸਮਝੌਤਾ ਵੀ ਕਰ ਲਿਆ ।

ਪੁਲਵਾਮਾ ਵਾਲੇ ਕਾਂਡ ਦਾ ਅੱਜ ਤੱਕ ਕੀ ਬਣਿਆ ? ਉੜੀ ਕਾਂਡ ਵਾਸਤੇ ਕੌਣ ਜਿੰਮੇਵਾਰ ਰਿਹਾ ? ਦਰਅਸਲ ਲੋਕਾਂ ਦਾ ਧਿਆਨ ਅਸਲ ਮੁੰਦੇ ਤੋਂ ਭਟਕਾਉਣ ਵਾਸਤੇ ਇਸ ਤਰਾਂ ਦੀਆਂ ਬਿਨਾ ਸਿਰ ਪੈਰ ਵਾਲੀਆਂ ਕਾਰਵਾਈਆਂ ਭਾਜਪਾ ਸਰਕਾਰ ਵਲੋਂ ਕਥਿਤ ਰੂਪ ਵਿਚ ਪਹਿਲਾਂ ਵੀ ਕੀਤੀਆਂ ਗਈਆਂ ਤੇ ਹੁਣ ਵੀ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਸਰਕਾਰ ਲੋਕਾਂ ਦੇ ਅਸਲ ਮਸਲਿਆਂ ਦੀ ਜਵਾਬਦੇਹੀ ਤੋਂ ਬਚਕੇ ਆਪਣੀ ਕੁਰਸੀ ਤੇ ਚੌਧਰ ਨੂੰ ਬਹਾਲ ਰੱਖ ਸਕੇ ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਦਲਜੀਤ ਨੇ ਆਪਣੀ ਕਲਾ ਦੇ ਬਲਬੂਤੇ ਆਪਣੇ ਨਾਮ ਦੇ ਨਾਲ ਨਾਲ ਪੰਜਾਬੀਆ ਦਾ ਨਾਮ ਵੀ ਸੰਸਾਰ ਭਰ ਵਿਚ ਫਖਰ ਨਾਲ ਉੱਚਾ ਕੀਤਾ ਹੈ ਤੇ ਇਸ ਦੇ ਨਾਲ ਹੀ ਸਿੱਖਾਂ ਦੀਆਂ ਸੰਸਾਰ ਪੱਧਰ 'ਤੇ ਮਾਨਵਤਾ ਹਿੱਤ ਕੀਤੀਆਂ ਘਾਲਣਾਵਾਂ ਤੇ ਕੁਰਬਾਨੀਆਂ ਨੂੰ ਮੁੜ ਤੋਂ ਲੋਕਾਂ ਦੇ ਧਿਆਨ ਵਿਚ ਲਿਆਦਾ ।

ਉਸ ਦੀ ਜਿਸ ਫਿਲਮ ਦਾ ਵਿਰੋਧ ਇਸ ਸਮੇਂ ਕੀਤਾ ਜਾ ਰਿਹਾ, ਉਸ ਦਾ ਉਹ ਸਿਰਫ ਹੀਰੋ ਹੈ, ਪਰੋਡਿਊਸਰ ਜਾਂ ਡਾਇਰੈਕਟਰ ਨਹੀਂ, ਪਰ ਫਿਰ ਵੀ ਟਾਰਗੇਟ ਉਤੇ ਦਲਜੀਤ ਦੁਸਾਂਝ ਹੈ, ਅਜਿਹਾ ਕਿਓਂ ? ਇਸ ਦਾ ਸਿੰਧਾ ਜਿਹਾ ਕਾਰਨ ਹੈ ਕਿ ਹੇਟਰਾਂ ਤੋਂ ਉਸ ਦੀ ਪ੍ਰਸਿੱਧੀ ਨਹੀਂ ਝੱਲ ਹੁੰਦੀ ਤੇ ਨਾ ਹੀ ਉਸ ਵਰਗਾ ਪੰਜਾਬੀ ਪੁੱਤਰ ਬਣਿਆ ਜਾਂਦਾ ਹੈ ਤੇ ਜਦੋਂ ਅਜਿਹਾ ਹੋਵੇ ਤਾਂ ਫਿਰ ਅਜਿਹੇ ਸੋਚ ਪੱਖੋਂ ਪਛੜੇ ਹੋਏ ਲੋਕ ਆਪਣਾ ਬਹੁਤਾ ਧਿਆਨ ਸਫਲ ਵਿਅਕਤੀ ਜਾਂ ਕਲਾਕਾਰ ਦੀਆਂ ਨਿਗੋਚਾਂ ਕੱਢਕੇ ਉਹਨਾਂ ਦੀ ਨਿੰਦਿਆ ਕਰਨ ਤੇ ਲੱਤਾਂ ਖਿਚਣ ਵਿਚ ਲਗਾ ਦਿੰਦੇ ਹਨ, ਇਹ ਨਿਗੋਚਾਂ ਬਿਲਕੁਲ ਇਸੇ ਤਰਾਂ ਦੀਆਂ ਹੁੰਦੀਆਂ ਹਨ ਕਿ ਜਿਵੇਂ ਕਿਸੇ ਨੂੰ ਇਹ ਕਹਿ ਦੇਈਏ ਕਿ ਰੋਟੀ ਖਾਂਦਿਆਂ ਉਸ ਦਾ ਮੂੰਹ ਕਿਓਂ ਹਿਲਦਾ ਹੈ, ਤੁਰਿਆਂ ਜਾਂਦਿਆਂ ਚਾਲ ਦਾ ਰਿਦਮ ਕਿਓਂ ਨਹੀਂ ਬਣਦਾ ਜਾਂ ਫਿਰ ਰੇਵੀਏ ਰੇਵੀਏ ਕਿਓਂ ਨਹੀਂ ਤੁਰਦਾ ਆਦਿ । ਅਜਿਹੇ ਨਫਰਤ ਦੀ ਅੱਗ ਵਿਚ ਸੜੇ ਲੋਕਾਂ ਨੇ ਕਦੇ ਆਪਣੇ ਗਿਰੇਵਾਨ ਚ ਝਾਕ ਕੇ ਨਹੀਂ ਦੇਖਿਆ ਹੁੰਦਾ ਕਿ ਆਪ ਕਿੰਨੇ ਕੁ ਪਾਣੀ ਚ ਖੜ੍ਹੇ ਹਨ !

ਸਰਦਾਰ ਜੀ 3, ਕੱਲ੍ਹ ਜਾਣੀ ਸ਼ੁਕਰਵਾਰ, ਭਾਰਤ ਨੂੰ ਛੱਡਕੇ ਪੂਰੀ ਦੁਨੀਆਂ ਵਿਚ ਰਿਲੀਜ ਹੋ ਚੁੱਕੀ ਹੈ, ਸਾਰੇ ਪਾਸਿਓਂ ਚੰਗੀਆਂ ਖਬਰਾਂ ਆ ਰਹੀਆਂ ਹਨ, ਫਿਲਮ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ, ਯੋਰਪ, ਇੰਗਲੈਂਡ, ਕਨੇਡਾ, ਆਸਟਰੇਲੀਆ, ਅਮਰੀਕਾ ਆਦਿ ਚ ਵਸਦੇ ਪੰਜਾਬੀਆਂ ਵਿਚ ਇਸ ਫਿਲਮ ਨੂੰ ਦੇਖਣ ਪ੍ਰਤੀ ਬਹੁਤ ਉਤਸ਼ਾਹ ਹੈ ਜੋ ਕਿ ਫਿਲਮ ਵਿਰੋਧੀਆਂ ਦੇ ਮੂੰਹ ਉੱਤੇ ਲਫੇੜਾ ਹੀ ਮੰਨਿਆ ਜਾ ਸਕਦਾ ਹੈ ।

ਇਕ ਗੱਲ ਹੋਰ ਜਿਹੜੀ ਬਹੁਤ ਖਾਸ ਰੂਪ ਵਿਚ ਸਾਹਮਣੇ ਆਈ ਹੈ, ਉਹ ਇਹ ਹੈ ਕਿ ਕੁੱਝ ਕੁ ਤੁਅਸਬੀ ਲੋਕਾਂ ਦੇ ਕਥਿਤ ਵਿਰੋਧ ਦੇ ਓਹਲੇ ਹੇਠ ਮੁਲਕ ਦੀ ਸਰਕਾਰ ਅਤੇ ਰਾਜ ਸਰਕਾਰਾਂ ਨੇ ਫਿਲਮ ਵਿਰੁੱਧ ਬੈਨ ਲਗਾ ਕੇ ਆਪਣੀ ਹੀ ਅਕਲ ਦਾ ਜਨਾਜ਼ਾ ਆਪ ਹੀ ਪੂਰੀ ਤਰਾਂ ਕੱਢ ਲਿਆ ਹੈ । ਹਾਨੀਆ ਅਤੇ ਦਲਜੀਤ ਦੋਵੇਂ ਆਪੋ ਆਪਣੇ ਮੁਲਕਾਂ ਦੇ ਸ਼ਹਿਰੀ ਹਨ, ਉਹ ਕਲਾਕਾਰ ਹਨ, ਆਪੋ ਆਪਣੇ ਖੇਤਰਾਂ ਵਿਚ ਪਰਬੁੱਧ ਹਨ , ਉਹਨਾਂ ਨੇ ਆਪਣੀ ਜਿੰਦਗੀ ਵਿਚ ਕੀ ਕਰਨਾ ਹੈ ਜਾਂ ਕੀ ਨਹੀਂ ਕਰਨਾ, ਇਹ ਉਹਨਾਂ ਦਾ ਨਿੱਜੀ ਮਸਲਾ ਹੈ , ਪਰ ਹੈਰਾਨੀ ਇਸ ਗੱਲ ਦੀ ਹੋ ਰਹੀ ਹੈ ਕਿ ਕਈ ਗੁਰੂ ਰੰਧਾਵੇ ਤੇ ਮੀਕਾ ਸਿੰਘ ਵਰਗੇ ਉਹਨਾ ਨੂੰ ਮੁਫਤ ਤੇ ਬਿਨਾ ਮੰਗੀਆਂ ਸਲਾਹਾਂ ਦੇ ਕੇ ਆਪਣਾ ਆਪ ਹੀ ਜਲੂਸ ਕੱਢੀ ਜਾ ਰਹੇ ਹਨ ।

ਰਹੀ ਗੱਲ ਸ਼ੋਸ਼ਲ ਮੀਡੀਏ ਦੀ, ਇਸ ਉੱਤੇ ਕਿਸੇ ਨੂੰ ਕੋਈ ਬੰਦਿਸ਼ ਨਹੀਂ, ਹਰ ਕੋਈ ਆਪੋ ਆਪਣੀ ਸੋਚਣੀ ਮੁਤਾਬਿਕ ਪੋਸਟਾਂ ਪਾਈ ਜਾ ਰਿਹਾ ਹੈ, ਆਪਣੀ ਡੱਫਲੀ ਤੇ ਆਪਣਾ ਰਾਗ ਅਲਾਪ ਰਿਹਾ ਹੈ । ਕੁੱਝ ਦਲਜੀਤ ਦੁਸਾਂਝ ਦੇ ਹੱਕ ਚ ਤੇ ਕੁੱਝ ਵਿਰੋਧ ਵਿਚ ਖੜ੍ਹੇ ਹਨ, ਸਭ ਦਾ ਆਪੋ ਆਪਣਾ ਏਜੰਡਾ ਹੈ, ਪਰ ਚੰਗਾ ਇਹ ਹੋਵੇਗਾ ਜੇਕਰ ਧਿਰਬਾਜੀ ਤੋ ਉਪਰ ਉੱਠਕੇ, ਫੈਨਬਾਜੀ ਦੀ ਐਨਕ ਉਤਾਰ ਕੇ ਮਸਲੇ ਦੀ ਜੜ੍ਹ ਨੂੰ ਦੇਖਿਆ ਜਾਵੇ ਤਾਂ ਇਹ ਬਿਲਕੁਲ ਸ਼ਪੱਸ਼ਟ ਹੋ ਜਾਵੇਗਾ ਕਿ ਦਲਜੀਤ ਦੁਸਾਂਝ ਤੇ ਹਾਨੀਆ ਆਮਿਰ ਦੋਵੇਂ ਚੰਗੇ ਕਲਾਕਾਰ ਹਨ, ਸਮਾਜ ਲਈ ਵਧੀਆ ਕਾਰਜ ਕਰ ਰਹੇ ਹਨ , ਸਹੀ ਦਿਸ਼ਾ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਰਹੇ ਹਨ, ਜਿਸ ਕਰਕੇ ਉਹਨਾਂ ਨੂੰ ਹੱਲਾਸ਼ੇਰੀ ਦੇਣੀ ਬਣਦੀ ਹੈ, ਪਰ ਭਾਰਤ ਵਿਚ ਅਜਿਹਾ ਹੋਣਾ ਸੰਭਵ ਨਹੀਂ ਹੈ । ਏਹੀ ਕਾਰਨ ਹੈ ਕਿ ਜਦ ਦਲਜੀਤ ਦੁਸਾਂਝ ਕਿਸਾਨ ਮੋਰਚੇ ਦੇ ਹੱਕ ਚ ਖੜ੍ਹਾ ਹੁੰਦਾ ਹੈ ਤਾਂ ਉਸ ਨੂੰ ਖਾਲਿਸਤਾਨੀ ਅਤੇ ਟੁੱਕੜੇ ਟੁੱਕੜੇ ਗੈਂਗ ਦਾ ਮੈਂਬਰ ਕਿਹਾ ਜਾਂਦਾ ਹੈ, ਜਦੋਂ ਉਹ ਅੰਤਰਰਾਸ਼ਟਰੀ ਕਿਸੇ ਗਾਲਾ ਵਿਚ ਹਿੱਸਾ ਲੈ ਕੇ ਮੁੜਦਾ ਹੈ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਉਸ ਨੂੰ ਬਾਹਾਂ ਖਿਲਾਰ ਕੇ ਮਿਲਣ ਦੀ ਇੱਛਾ ਵਿਅਕਤ ਕਰਦਾ ਹੈ, ਪਾਇਲ ਤੇ ਕੰਗਣਾ ਰਣੌਤ ਵਰਗੀਆਂ ਚਵਲ ਔਰਤਾਂ ਆਪਣੀ ਪ੍ਰਸਿੱਧੀ ਵਧਾਉਣ ਵਾਸਤੇ ਉਸ ਨਾਲ ਵਾਦ ਵਿਵਾਦ ਕਰਦੀਆਂ ਹਨ ।

ਇਥੇ ਰਾਹਤ ਇੰਦੋਰੀ ਦੇ ਇਕ ਸ਼ੇਅਰ ਦਾ ਜਿਕਰ ਕਰਨਾ ਬਹੁਤ ਸਾਰਥਿਕ ਜਾਪਦਾ ਹੈ ਕਿ,

"ਹਮਾਰੇ ਮੂੰਹ ਸੇ ਨਿਕਲੇ, ਵੋਹ ਹੀ ਸਦਾਕਤ ਹੈ,
ਹਮਾਰੇ ਮੂੰਹ ਮੇ ਤੁਮਹਾਰੀ ਜੁਬਾਨ ਥੋਹੜੀ ਹੈ ।
ਸਭ ਕਾ ਖੂਨ ਸ਼ਾਮਿਲ ਹੈ, ਜਹਾਂ ਕੀ ਮਿੱਟੀ ਮੇਂ,
ਕਿਸੀ ਕੇ ਬਾਪ ਕਾ ਹਿੰਦੁਸਤਾਨ ਥੋਹੜੀ ਹੈ ।

ਅੱਜ ਭਾਰਤ ਦੇ ਹਾਲਾਤ ਇਹ ਬਣੇ ਹੋਏ ਹਨ ਕਿ ਕੋਈ ਵੀ ਕੁੱਛ ਵੀ ਬੋਲੀ ਜਾ ਰਿਹਾ ਹੈ, ਕਿਸੇ ਨੂੰ ਵੀ ਦੇਸ਼ ਭਗਤ ਤੇ ਗਦਾਰ ਗਰਦਾਨਿਆ ਐਲਾਨਿਆ ਜਾ ਰਿਹਾ ਹੈ, ਹੋਰ ਵੀ ਹੈਰਾਨੀ ਹੁੰਦੀ ਹੈ ਕਿ ਕਲਾਕਾਰਾਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ, ਉਥੇ ਵੀ ਸੇਹ ਦਾ ਤੱਕਲਾ ਗੱਡਿਆ ਜਾ ਰਿਹਾ ਹੈ।

ਮੁਕਦੀ ਗੱਲ ਇਹ ਹੈ ਕਿ "ਸਰਦਾਰ ਜੀ 3" ਦੀ ਟੀਮ ਨੇ ਫਿਲਮ ਵਿਚੋਂ ਹਾਨੀਆ ਆਮਿਰ ਨੂੰ ਨਾ ਬਾਹਰ ਕੱਢਣ ਦਾ ਫੈਸਲਾ ਲਿਆ ਹੈ, ਬੇਸ਼ੱਕ ਫਿਲਮ ਮੇਕਰ ਟੀਮ ਨੇ ਇਹ ਵੱਡਾ ਰਿਸਕ ਲਿਆ ਹੈ, ਪਰ ਇਹ ਨਵੀਂ ਪਿਰਤ ਪਾ ਕੇ ਇਸ ਸਦੀ ਦੇ ਫਿਲਮ ਜਗਤ ਵਿਚ ਜੱਗੋਂ ਤੇਹਰਵੀਂ ਵੀ ਕੀਤੀ ਹੈ ਤੇ ਹੱਥ 'ਤੇ ਸਰੋਂ ਵੀ ਜਮਾਈ ਹੈ।

ਫਿਲਮ। ਮੇਕਰਾਂ ਨੇ ਫਿਲਮ ਦੇ ਵਿਰੋਧੀਆਂ ਨੂੰ ਮਾਕੂਲ ਜਵਾਬ ਦਿੱਤਾ ਹੈ, ਜਿਸ ਤੋਂ ਇਹ ਸਾਬਤ ਹੋ ਗਿਆ ਕਿ "ਸਰਦਾਰ ਜੀ –3" ਦਾ ਉਸ ਦੇ ਰਿਲੀਜ ਹੋਣ ਤੋਂ ਪਹਿਲਾਂ ਹੀ ਵਿਰੋਧ ਕਰਨ ਵਾਲੇ ਲੋਕ ਅਕਲੋਂ ਪੈਦਲ ਹੀ ਨਹੀਂ ਬਲਕਿ ਮਾਨਸਿਕ ਤੌਰ 'ਤੇ ਅਪਾਹਜ ਵੀ ਹਨ। ਜਿਹਨਾਂ ਸਰਕਾਰਾਂ ਨੇ ਇਸ ਫਿਲਮ ਉੱਤੇ ਬੈਨ ਆਇਤ ਕੀਤਾ ਹੈ, ਉਹਨਾਂ ਇਹ ਕਾਰਾ ਸਿਆਸੀ ਮੁਫਾਦ ਵਾਸਤੇ ਜਾਂ ਸਿਆਸੀ ਰੋਟੀਆਂ ਸੇਕਣ ਵਾਸਤੇ ਕੀਤਾ ਹੈ ।

ਪੂਰੇ ਵਿਸ਼ਵਾਸ ਨਾਲ ਕਹਿ ਸਕਦਾਂ ਕਿ ਦਲਜੀਤ ਦੁਸਾਂਝ ਦੀ ਇਹ ਫਿਲਮ ਭਾਰਤ ਵਿਚ ਬੈਨ ਹੋਣ ਦੇ ਬਾਵਜੂਦ ਵੀ ਸੁਪਰ ਹਿੱਟ ਹੋਵੇਗੀ, ਇਸ ਫਿਲਮ ਨੂੰ ਬਹੁਤ ਭਰਵਾਂ ਹੁੰਗਾਰਾ ਮਿਲੇਗਾ ਤੇ ਦਲਜੀਤ ਦੁਸਾਂਝ ਆਪਣੀ ਕਾਮਯਾਬੀ ਦਾ ਇਕ ਹੋਰ ਮੀਲ ਪੱਥਰ ਗੱਡੇਗਾ। ਫੇਰ ਦੁਹਰਾ ਜਾਵਾਂ ਕਿ ਇਹ ਮਸਲਾ ਅਸਲ ਰੂਪ ਵਿਚ ਫਿਲਮ ਦੀ ਪਾਕਿਸਤਾਨੀ ਹੀਰੋਇਨ ਹਾਨੀਆ ਆਮਿਰ ਦਾ ਫਿਲਮ ਵਿੱਚ ਕੰਮ ਕਰਨ ਨਾਲ ਸਬੰਧਿਤ ਨਹੀਂ ਹੈ, ਦਰਅਸਲ ਇਹ ਮਸਲਾ ਦਲਜੀਤ ਨਾਲ ਈਰਖਾ ਕਰਨ ਵਾਲੇ ਤੇ ਦੋਹਾਂ ਮੁਲਕਾਂ ਵਿਚਕਾਰ ਕੁੜੱਤਣ ਪੈਦਾ ਕਰਕੇ ਲਾਹਾ ਲੈਣ ਵਾਲੇ ਸਿਆਸੀ ਗਿੱਧਾ ਵਲੋਂ ਸਿਆਸੀ ਲਾਹਾ ਲੈਣ ਦਾ ਹੈ। ਇਹ ਉਕਤ ਦੋ ਉਹ ਕੁਰੀਤੀਆਂ ਹਨ ਜੋ ਹਰ ਵਸਦੇ ਰਸਦੇ ਸਮਾਜ ਵਿਚ ਸੇਹ ਦਾ ਤੱਕਲਾ ਗੱਡਕੇ ਪਾੜੇ ਪਾਉਂਦੀਆਂ ਹਨ ਤੇ ਨਫਰਤ ਬੀਜਦੀਆਂ ਹਨ। ਰੱਬ ਖੈਰ ਕਰੇ ।

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

# ਬੱਸ ਅੱਡੇ ਕੋਲ ਪੈਂਦਾ ਮੁਹੱਲਾ ਸ਼ਰੀਫ ਪੂਰਾ...

ਓਥੇ ਜਾਣਾ ਤਾਂ ਦੂਰ ਦੀ ਗੱਲ..ਨਾਮ ਸੁਣਨਾ ਤੱਕ ਵੀ ਪਸੰਦ ਨਹੀਂ ਸੀ..ਕਦੀ ਲੋੜ ਪੈ ਵੀ ਜਾਂਦੀ ਤਾਂ ਨੌਕਰ ਨੂੰ ਘੱਲ ਦਿੰਦਾ..ਸਾਰੀ ਸਾਰੀ ਰਾਤ ਝੂਰਦਾ ਰਹਿੰਦਾ..ਉਹ ਜੰਮਦਿਆਂ ਹੀ ਕਿਓਂ ਨਾ ਮੁੱਕ ਗਈ..।

ਕੋਈ ਇੰਝ ਥੋੜੀ ਕਰਦਾ..ਉਸ ਬਾਪ ਨਾਲ ਜੋ ਸਾਰੀ ਜਿੰਦਗੀ ਮਾਂ ਬਣ ਕੇ ਵੀ ਵਿਚਰਿਆ ਹੋਵੇ..।

ਬਸੰਤ ਕੌਰ ਨਿੱਕੀ ਜਿਹੀ ਨੂੰ ਛੱਡ ਤੁਰ ਗਈ..ਰਿਸ਼ਤੇਦਾਰੀ ਅਤੇ ਮੁਹੱਲੇ ਵਾਲਿਆਂ ਦੂਜੇ ਵਿਆਹ ਲਈ ਬਹੁਤ ਜ਼ੋਰ ਪਾਇਆ..ਪਰ ਉਸ ਨਿੱਕੀ ਜਿਹੀ ਵੱਲ ਵੇਖ ਪੱਕੀ ਨਾਂਹ ਫੜੀ ਰੱਖੀ..ਅਤੇ ਮੁੜ ਅਖੀਰ ਤੀਕਰ ਕਾਇਮ ਵੀ ਰੱਖੀ..ਕੱਲੇ ਨੇ ਹੀ ਵੱਡੀ ਕੀਤੀ ਤੇ ਪੜਾਈ ਵੀ ਕਰਵਾਈ..।




ਫੇਰ ਇੱਕ ਦਿਨ ਉਹ ਬਿਜਲੀ ਬਣ ਮੇਰੇ ਵਜੂਦ ਉੱਪਰ ਆਣ ਡਿੱਗੀ..ਚੁੱਪ ਚੁਪੀਤੇ ਕੋਰਟ ਮੈਰਿਜ ਕਰਵਾ ਕਿਸੇ ਹੋਰ ਨਾਲ ਦੁਨੀਆ ਵਸਾ ਲਈ।

ਸਾਕ ਬਰਾਦਰੀ ਰਿਸ਼ਤੇਦਾਰੀ ਆਂਢ ਗਵਾਂਢ ਜਾਣਕਾਰ..ਸਭ ਦੇ ਸਾਮਣੇ ਕੱਖੋਂ ਹੌਲਾ ਪੈ ਗਿਆ..ਬਸੰਤ ਕੌਰ ਦੀ ਫੋਟੋ ਅੱਗੇ ਖਲੋ ਕਿੰਨੇ ਦਿਨ ਗੁੱਸੇ ਗਿਲੇ ਕਰਦਾ ਰਿਹਾ..।

ਫੇਰ ਸਹੁੰ ਖਾਦੀ..ਸਾਰੀ ਉਮਰ ਸ਼ਕਲ ਹੀ ਨਹੀਂ ਵੇਖਣੀ..ਭਾਵੇਂ ਜੋ ਮਰਜੀ ਹੋ ਜਾਵੇ..ਕੋਈ ਵਾਹ ਵਾਸਤਾ..ਜੰਮਣਾ ਮਰਨਾ ਸਬ ਕੁਝ ਮੁਕਾ ਦਿੱਤਾ..ਸਮਾਂ ਆਪਣੀ ਤੋਰੇ ਤੁਰਦਾ ਗਿਆ..ਕਈ ਵਾਰ ਚੇਤਾ ਆ ਜਾਂਦਾ ਤਾਂ ਧਿਆਨ ਹੋਰ ਪਾਸੇ ਪਾ ਲੈਂਦਾ..ਕਿਧਰੇ ਕਿਸੇ ਧੀ ਧਿਆਣੀ ਦੀ ਡੋਲੀ ਤੁਰਦੀ ਵੇਖਦਾ ਤਾਂ ਧਾਹ ਨਿੱਕਲ ਜਾਂਦੀ..।

ਅਤੀਤ ਦੇ ਕਾਲੇ ਪਰਛਾਵੇਂ ਮੇਰੇ ਵਜੂਦ ਤੇ ਅਸਰ ਕਰਨੋਂ ਨਾ ਹਟੇ ਤਾਂ ਇਕ ਦਿਨ ਸਭ ਕੁਝ ਵੇਚ ਵੱਟ ਸ਼ਹਿਰ ਵੀ ਬਦਲ ਲਿਆ..।

ਇੱਕ ਵਾਰ ਜੀਰਕਪੁਰ ਗਈ ਇੱਕ ਵੱਡੀ ਬਰਾਤ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ..ਫੇਰਿਆਂ ਮਗਰੋਂ ਇੱਕ ਪਾਸੇ ਬੈਠੇ ਹੋਏ ਦਾ ਧਿਆਨ ਕੋਲ ਖੇਡਦੇ ਨਿਆਣਿਆਂ ਦੇ ਇੱਕ ਝੁੰਡ ਵੱਲ ਚਲਾ ਗਿਆ..ਨਿੱਕੀਆਂ ਨਿੱਕੀਆਂ ਖੇਡਾਂ ਖੇਡਦਿਆਂ ਨੂੰ ਵੇਖ ਧੀ ਦਾ ਬਚਪਨ ਚੇਤੇ ਆ ਗਿਆ..।

ਕੌੜੀਆਂ ਯਾਦਾਂ ਦੇ ਬੱਦਲ ਘਟਾ ਬਣ ਫੇਰ ਨਾ ਕਿਧਰੇ ਜ਼ਿਹਨ ਤੇ ਛਾ ਜਾਣ..ਓਥੋਂ ਉੱਠ ਪਾਸੇ ਨੂੰ ਹੋ ਜਾਣਾ ਬੇਹਤਰ ਸਮਝਿਆ..।

ਅਜੇ ਤੁਰਨ ਹੀ ਲੱਗਾ ਸਾਂ ਕੇ ਅਚਾਨਕ ਜੂਸ ਦਾ ਭਰਿਆ ਗਿਲਾਸ ਫੜੀ ਉਹ ਨਿੱਕਾ ਜਿਹਾ ਬੱਚਾ ਮੇਰੇ ਵਿਚ ਆਣ ਵੱਜਾ..!
ਕੱਪੜੇ ਖਰਾਬ ਹੋ ਗਏ ਤੇ ਉਹ ਉੱਚੀ ਉੱਚੀ ਰੋਣ ਲੱਗ ਪਿਆ..ਫੇਰ ਇਕ ਪਾਸੇ ਵੱਲ ਇਸ਼ਾਰਾ ਕਰ ਮੈਨੂੰ ਲਗਾਤਾਰ ਏਨੀ ਗੱਲ ਆਖੀ ਜਾ ਰਿਹਾ ਸੀ ਕੇ ਹੁਣ ਮੇਰੀ ਮੰਮੀ ਗੁੱਸੇ ਹੋਵੇਗੀ..!
ਮੈਂ ਉਸ ਨੂੰ ਚੁੱਕ ਲਿਆ..ਰੁਮਾਲ ਨਾਲ ਹੰਝੂ ਪੂੰਝੇ..ਨੈਪਕਿਨ ਨਾਲ ਕੱਪੜੇ ਸਾਫ ਕੀਤੇ ਤੇ ਤਸੱਲੀ ਦਿੱਤੀ ਕੇ ਆਪਣੀ ਮੰਮੀ ਕੋਲ ਲੈ ਜਾ..ਮੈਂ ਆਪੇ ਦੱਸ ਦੂ ਕੇ ਤੂੰ ਨਹੀਂ ਸਗੋਂ ਮੈਂ ਹੀ ਤੇਰੇ ਵਿਚ ਵੱਜਾ ਸਾਂ..ਕਸੂਰ ਮੇਰਾ ਹੀ ਏ..ਉਹ ਕੁਝ ਨੀ ਆਖੇਗੀ..!
ਏਨੀ ਗੱਲ ਸੁਣ ਬੇਫਿਕਰ ਜਿਹਾ ਹੋ ਆਪਣੀਆਂ ਦੋਵੇਂ ਬਾਹਵਾਂ ਮੇਰੇ ਗਲ਼ ਦਵਾਲੇ ਪਾ ਆਪਣਾ ਸਿਰ ਮੇਰੇ ਮੋਢੇ ਤੇ ਰੱਖ ਲਿਆ..!
ਅਜੇ ਲੱਭਣਾ ਸ਼ੁਰੂ ਹੀ ਕੀਤਾ ਸੀ ਕੇ ਕੋਈ ਪਿੱਛਿਓਂ ਉਸਨੂੰ ਧੂ ਕੇ ਆਪਣੀ ਬੁੱਕਲ ਵਿਚ ਲੈਣ ਲਈ ਤਰਲੋਮੱਛੀ ਹੁੰਦਾ ਪ੍ਰਤੀਤ ਹੋਇਆ..ਮੁੜ ਕੇ ਵੇਖਿਆ ਤਾਂ ਪਕੜ ਢਿੱਲੀ ਪੈ ਗਈ..ਮੈਂ ਸੁੰਨ ਹੋ ਗਿਆ..ਕਿੰਨੇ ਵਰੇ ਪਹਿਲੋਂ ਮੇਰੇ ਪੂਰੇ ਦੇ ਪੂਰੇ ਦਿਲੋਂ–ਵਜੂਦ ਤੇ ਕਾਬਜ ਰਿਹਾ ਇੱਕ ਚੇਹਰਾ ਅੱਜ ਆਪਣੇ ਜਿਗਰ ਦੇ ਟੋਟੇ ਨੂੰ ਬੁੱਕਲ ਵਿਚ ਲੈ ਕੇ ਲਾਡ ਪਿਆਰ ਕਰ ਰਿਹਾ ਸੀ..।
ਨਜਰਾਂ ਮਿਲੀਆਂ..ਕੁਝ ਚਿਰ ਲਈ ਲੱਗਾ ਸਮਾਂ ਰੁਕ ਗਿਆ ਹੋਵੇ..ਸੁਣਨਾ ਵੀ ਬੰਦ ਹੋ ਗਿਆ..ਜਿਸ ਲਈ ਏਨੇ ਸਮੇਂ ਤੋਂ ਨਫਰਤ ਅਤੇ ਮੌਤ ਲਈ ਦੁਆਵਾਂ ਮੰਗਦਾ ਆ ਰਿਹਾ ਸਾਂ..ਮੇਰੇ ਸਾਮਣੇ ਖਲੋਤੀ ਸੀ..ਚੁੱਪਚਾਪ..ਬਿਨਾ ਅੱਖੀਆਂ ਝਮੱਕੇ..ਕੁਝ ਬੋਲੇ..ਮੇਰੀ ਜੁਬਾਨ ਤੇ ਵੀ ਜਿੰਦਰਾ ਲੱਗ ਗਿਆ..।
ਬਿੰਦ ਕੁ ਮਗਰੋਂ ਉਹ "ਪਾਪਾ ਤੁਸੀਂ" ਆਖ ਮੇਰੇ ਸੀਨੇ ਨਾਲ ਇੰਝ ਲੱਗ ਗਈ ਜਿੱਦਾਂ ਕਿੰਨੇ ਵਰ੍ਹਿਆਂ ਤੋਂ ਵਿੱਛੜੀ ਹੋਈ ਇੱਕ ਕੂੰਜ ਆਪਣਿਆਂ ਦੀ ਡਾਰ ਵਿਚ ਆਣ ਰਲੀ ਹੋਵੇ..ਉਸਦੇ ਵਜੂਦ ਦੀ ਗਰਮੀ ਨੇ ਮੈਨੂੰ ਅੰਦਰ ਤੱਕ ਠਾਰ ਦਿੱਤਾ..।
ਕਿੰਨੇ ਵਰ੍ਹਿਆਂ ਤੋਂ ਬਾਲਣ ਪਾ ਪਾ ਪ੍ਰਚੰਡ ਕੀਤੀ ਹੋਈ ਪਛਤਾਵੇ ਦੀ ਅੱਗ ਬੁਝਦੀ ਲਾਟ ਪੋਹ ਮਾਘ ਦੇ ਸਿਆਲਾਂ ਵਾਲੀ ਠੰਡੀ ਚਿੱਟੀ ਧੁੰਦ ਬਣ ਅੱਖੀਆਂ ਅੰਦਰ ਐਸੀ ਫੈਲ ਗਈ ਕੇ ਅੰਦਰੋਂ ਵਗ ਤੁਰੇ ਝਨਾਂ ਚ ਮੈਨੂੰ ਕੁਝ ਵੀ ਦਿਸਣੋਂ ਹਟਾ ਦਿੱਤਾ..।
ਮਾਂ ਦੀ ਕੁੱਛੜ ਚੜਿਆ ਸਾਹਮਣੇ ਵਾਪਰਦੇ ਘਟਨਾ ਕਰਮ ਤੋਂ ਹੈਰਾਨ ਪ੍ਰੇਸ਼ਾਨ ਬੱਸ ਏਨੀ ਗੱਲ ਪੁੱਛੀ ਜਾ ਰਿਹਾ ਸੀ..ਮੰਮਾ ਇਹ ਕੌਣ ਨੇ..।
ਨੈਪਕਿਨ ਨਾਲ ਨੱਕ ਪੂੰਝਦੀ ਕੋਲੋਂ ਹਰ ਵਾਰ ਬੱਸ ਏਨਾ ਹੀ ਆਖ ਹੁੰਦਾ..ਇਹ ਤੇਰਾ ਨਾਨਾ ਜੀ ਏ..!
ਦੂਰ ਆਸਮਾਨ ਵਿਚ ਸੁਵੇਰ ਤੋਂ ਹੀ ਕਾਲੇ ਸਿਆਹ ਬੱਦਲਾਂ ਨਾਲ ਲੁਕਣਮੀਚੀ ਖੇਡਦੇ ਹੋਏ ਸੂਰਜ ਦੀ ਲਾਲੀ ਹੁਣ ਢਲਦੇ ਵੇਲੇ ਆਪਣੇ ਪੂਰੇ ਜੋਬਨ ਤੇ ਆ ਗਈ ਸੀ..।
ਦੋਸਤੋ ਇਸ ਸੱਚੇ ਘਟਨਾ ਕਰਮ ਨੂੰ ਸਾਂਝਿਆਂ ਕਰਨ ਦਾ ਮਕਸਦ ਸਿਰਫ ਤੇ ਸਿਰਫ ਏਨੀ ਗੱਲ ਦੱਸਣਾ ਏ ਕੇ ਹਯਾਤੀ ਦੇ ਇੱਕ ਨਿੱਕੇ ਜਿਹੇ ਪਲ ਅੰਦਰ ਇਨਸਾਨ ਦੀ ਜਿੰਦਗੀ ਬਦਲਣ ਦੀ ਸਮੱਥਾ ਹੁੰਦੀ ਏ ਅਤੇ ਆਂਦਰਾਂ ਦੀ ਨਿੱਘੀ ਮਿੱਠੀ ਸਾਂਝ ਜਦੋਂ ਪਾਸਾ ਪਰਤਦੀ ਏ ਤਾਂ ਮਨ ਦੀ ਮਨ ਉਸਾਰ ਲਈ ਨਫਰਤ ਦੀ ਮੋਟੀ ਕੰਧ ਨੂੰ ਵੀ ਫਨਾਹ ਹੁੰਦਿਆਂ ਘੜੀ ਨਹੀਂ ਲੱਗਦੀ..।

ਹਰਪ੍ਰੀਤ ਸਿੰਘ ਜਵੰਦਾ






## ਖੇਡਾਂ ਤੇ ਕਲਾ ਨੂੰ ਬਚਾ ਕੇ ਰੱਖੋ...

# ਦਿਲਜੀਤ ਸਾਡੀ ਸ਼ਾਨ ਹੈ...

ਕਿਸ ਨੇ ਸੋਚਿਆ ਸੀ ਕਿ ਦੋ ਦਹਾਕੇ ਪਹਿਲਾਂ "ਆ ਗਏ ਪੱਗਾਂ ਪੋਚਵੀਆਂ ਵਾਲੇ..." ਗੀਤ ਗਾਉਣ ਵਾਲਾ ਆਉਣ ਵਾਲੇ ਸਮੇਂ ਵਿੱਚ ਗਾਇਕੀ ਦੇ ਖੇਤਰ ਵਿੱਚ ਇੰਨਾਂ ਛਾ ਜਾਵੇਗਾ ਕਿ ਉਹ ਪੱਗ ਦਾ ਬਰਾਂਡ ਬਣ ਜਾਵੇਗਾ।

ਦਿਲਜੀਤ ਦੋਸਾਂਝ ਅੱਜ ਗਲੋਬਲੀ ਸਟਾਰ ਹੈ ਜਿਸ ਦੇ ਪਿਛਲੇ ਸਾਲ ਲੂਮੀਨਾਟੀ ਟੂਰਾਂ ਦੀਆਂ ਮਕਬੂਲੀਅਤ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। 18 ਸਤੰਬਰ 1993 ਨੂੰ ਕੁਲਦੀਪ ਮਾਣਕ ਦੇ ਜਲਾਲ ਪਿੰਡ ਦੇ ਸ਼ੋਅ ਅਤੇ ਨੱਬੇ ਦੇ ਦਹਾਕੇ ਵਿੱਚ ਜੋ ਪ੍ਰੋ ਮੋਹਨ ਸਿੰਘ ਮੇਲੇ ਵਿੱਚ ਦਰਸ਼ਕਾਂ ਦਾ ਉਤਸ਼ਾਹ ਵੇਖਣ ਨੂੰ ਮਿਲਦਾ ਸੀ, ਦਿਲਜੀਤ ਦੋਸਾਂਝ ਦੇ ਲੂਮੀਨਾਟੀ ਟੂਰਾਂ ਦੌਰਾਨ ਉਹੀ ਵੇਖਣ ਨੂੰ ਮਿਲਿਆ, ਚਾਹੇ ਉਹ ਦੇਸ਼ ਦਾ ਪੂਰਬੀ ਹਿੱਸਾ, ਚਾਹੇ ਪੱਛਮੀ ਜਾਂ ਫੇਰ ਮੱਧ ਭਾਰਤ, ਪੰਜਾਬ ਵਿੱਚ ਤਾਂ ਉਸ ਨੂੰ ਖੜ੍ਹੇ ਪੈਰ ਦੂਜਾ ਸ਼ੋਅ ਸਾਲ ਦੇ ਅਖਰੀਲੇ ਦਿਨ ਲੁਧਿਆਣੇ ਰੱਖਣਾ ਪਿਆ ਜੋ ਉਸ ਦੀ ਕਰਮ ਭੂਮੀ ਵੀ ਹੈ।

ਦਿਲਜੀਤ ਨੇ ਜਿੱਥੇ ਪੱਗ ਨੂੰ ਮਨੋਰੰਜਨ ਜਗਤ ਵਿੱਚ ਹੋਰ ਵੱਡਾ ਦਰਜਾ ਦਿਵਾਇਆ ਉੱਥੇ ਉਸ ਨੇ ਪੰਜਾਬੀਅਤ ਦਾ ਝੰਡਾ ਅਜਿਹਾ ਬੁਲੰਦ ਕੀਤਾ ਕਿ ਹੁਣ ਉਸ ਦੇ ਕਹੇ ਬੋਲ "ਪੰਜਾਬੀ ਆ ਗਏ..." ਜਨਤਕ ਨਾਅਰਾ ਬਣ ਚੁੱਕਾ ਹੈ। ਪੂਰੀ ਆਈਪੀਐਲ ਵਿੱਚ ਕਿੰਗਜ਼ ਪੰਜਾਬ ਟੀਮ ਦੀ ਜਿੱਤ ਮੌਕੇ ਇਹੋ ਨਾਅਰਾ ਗੂੰਜਦਾ ਰਿਹਾ।

ਦਿਲਜੀਤ ਵੀ ਬਹੁਤੇ ਸਮਰੱਥ ਗਾਇਕਾਂ ਵਾਂਗ ਧਾਰਮਿਕ ਗਾਇਕ ਦੇ ਪਿਛੋਕੜ ਤੋਂ ਆਇਆ। ਉਸ ਦੇ ਸ਼ੁਰੂਆਤੀ ਸੰਘਰਸ਼ ਅਤੇ ਮਿਹਨਤ ਬਾਰੇ ਸ਼ਮਸ਼ੇਰ ਸੰਧੂ, ਮਾਸਟਰ ਜੋਗਾ ਸਿੰਘ ਤੇ ਰਵਿੰਦਰ ਰੰਗੂਵਾਲ ਦੇ ਮੂੰਹੋਂ ਬਹੁਤ ਕਿੱਸੇ ਸੁਣੇ ਹਨ। ਜਿਸ ਦੌਰ ਵਿੱਚ ਉਸ ਨੇ ਗਾਉਣਾ ਸ਼ੁਰੂ ਕੀਤਾ ਤਾਂ ਉਦੋਂ ਮਲਕੀਤ, ਸੁਰਜੀਤ ਬਿੰਦਰਖੀਆ ਤੇ ਪੰਮੀ ਬਾਈ ਨੂੰ ਛੱਡ ਕੇ ਸਾਰੇ ਮਕਬੂਲ ਗਾਇਕ ਬਿਨਾਂ ਪੱਗ ਵਾਲੇ ਸਨ ਜਿਨਾਂ ਵਿੱਚ ਗੁਰਦਾਸ ਮਾਨ, ਹੰਸ ਰਾਜ ਹੰਸ, ਹਰਭਜਨ ਮਾਨ, ਜੈਂਜੀ ਬੀ, ਸਰਦੂਲ ਸਿਕੰਦਰ, ਮਨਮੋਹਨ ਵਾਰਿਸ, ਬੱਬੂ ਮਾਨ ਆਦਿ ਸ਼ਾਮਲ ਹਨ। ਉਦੋਂ ਦਿਲਜੀਤ ਸਮੇਤ ਰਵਿੰਦਰ ਗਰੇਵਾਲ, ਸੁਖਵਿੰਦਰ ਸੁੱਖੀ, ਗੁਰਕ੍ਰਿਪਾਲ ਸੂਰਾਪੁਰੀ, ਜੱਸੀ ਸੋਹਲ ਆਦਿ ਗਾਇਕ ਪੱਗ ਦੇ ਨਾਲ ਆਏ ਸਨ ਤੇ ਸਥਾਪਤੀ ਲਈ ਸੰਘਰਸ਼ ਕਰ ਰਹੇ ਸਨ।



ਇਕ ਵਾਕਿਆ ਦਾ ਮੈਂ ਨਾ ਸਿਰਫ ਅੱਖੀ ਡਿੱਠਾ ਗਵਾਹ ਹਾਂ ਬਲਕਿ ਮੇਰੇ ਨਾਲ ਸਬੰਧਤ ਹਾਂ ਕਿ ਦਿਲਜੀਤ ਕਿਸ ਸੰਘਰਸ਼ ਦੇ ਦੌਰ ਵਿੱਚੋਂ ਗੁਜ਼ਰਿਆ। ਸਾਲ 2007 ਦੇ ਅਖੀਰ ਜਾਂ 2008 ਦੇ ਸ਼ੁਰੂ ਦੀ ਹੈ, ਪ੍ਰਸਿੱਧ ਗੀਤਕਾਰ ਅਤੇ ਸਾਡੇ ਪੰਜਾਬੀ ਟ੍ਰਿਬਿਊਨ ਅਖ਼ਬਾਰ ਦੇ ਸੀਨੀਅਰ ਸਾਥੀ ਪੱਤਰਕਾਰ ਸ਼ਮਸ਼ੇਰ ਸੰਧੂ ਦੇ ਬੇਟੇ ਡਾ ਗਗਨ ਦਾ ਵਿਆਹ ਸੀ ਤੇ ਵਿਆਹ ਦੀ ਪਾਰਟੀ ਏਕੇਐਮ ਜ਼ੀਰਕਪੁਰ ਵਿਖੇ ਰੱਖੀ ਸੀ। ਉਦੋਂ ਸਟੇਜ ਉੱਪਰ ਸਾਊਂਡ ਤੇ ਸਾਜ਼ਿੰਦੇ ਬੱਬੂ ਮਾਨ ਦੇ ਸਨ ਅਤੇ ਸਟੇਜ ਉੱਪਰ ਗੁਰਦਾਸ ਮਾਨ, ਬੱਬੂ ਮਾਨ, ਪੰਮੀ ਬਾਈ, ਹਰਦੀਪ ਹੁਰਾਂ ਨੇ ਅਖਾੜਾ ਸਜਾਇਆ ਹੋਇਆ ਸੀ। ਬਿੰਦਰਖੀਆ ਦਾ ਬੇਟਾ ਗੀਤਾਜ ਵੀ ਸਟੇਜ ਉੱਪਰ ਸੀ ਜਿਸ ਨੂੰ ਉਸੇ ਦਿਨ ਲਾਂਚ ਕਰਕੇ ਸ਼ਮਸ਼ੇਰ ਸੰਧੂ ਦੇ ਆਖੇ ਬੋਲ ਪੁਗਾਏ ਸਨ (ਭਤੀਜੇ ਵਿੱਚੋਂ ਯਾਰ ਨੂੰ ਬੁਲਾਵਾਂਗੇ)। ਗੁਰਦਾਸ ਮਾਨ ਨੇ ਆਪਣੀ ਰਵਾਇਤ ਅਨੁਸਾਰ ਗਾਉਂਦਿਆਂ ਵਿਆਹ ਵਾਲੀ ਜੋੜੀ ਨੂੰ "ਤੇਰੀ ਜੋੜੀ ਜੀਵੇ, ਤੇਰੀ ਘੋੜੀ ਜੀਵੇ" ਗਾ ਕੇ ਸਟੇਜ ਉੱਪਰ ਬੁਲਾ ਲਿਆ ਜਿਸ ਨਾਲ ਸਟੇਜ ਉੱਪਰ ਇਕਦਮ ਭੀੜ ਵਧ ਗਈ। ਉੱਪਰੋਂ ਅਸੀਂ ਸੰਧੂ ਸਾਹਿਬ ਦੀ ਮਿੱਤਰ ਮੰਡਲੀ ਵਾਲੇ ਵੀ ਸਟੇਜ ਉੱਪਰ ਵੱਡੀ ਗਿਣਤੀ ਵਿੱਚ ਸੀ ਜਿਨਾਂ ਵਿੱਚ ਕਾਕਾ ਭਾਜੀ, ਜੀਤੀ ਹੁਰੀਂ ਆਦਿ ਸ਼ਾਮਲ ਸਨ। ਉਸ ਵੇਲੇ ਸੰਧੂ ਸਾਹਬ ਨੇ ਸਾਨੂੰ ਆਖਿਆ ਕਿ ਹੁਣ ਧਿਆਨ ਰੱਖਿਓ ਕਿ ਸਟੇਜ ਉੱਪਰ ਹੋਰ ਭੀੜ ਨਾ ਹੋ ਜਾਵੇ, ਕਿਤੇ ਸਟੇਜ ਧੜੱਮ ਡਿੱਗ ਪਏ, ਇਸ ਲਈ ਥੱਲਿਓਂ ਹੋਰ ਐਂਟਰੀ ਬੰਦ ਕਰ ਦੇਵੋ। ਮੈਂ ਤੇ ਰਣਦੀਪ (ਪੰਨੂੰ) ਜੋ ਸੰਧੂ ਸਾਹਿਬ ਦਾ ਭਤੀਜਾ ਪੌੜੀਆਂ ਕੋਲ ਖੜ੍ਹ ਗਏ। ਮੇਰਾ ਦੋਸਤ ਅਜੀਤਪਾਲ ਚਹਿਲ ਵੀ ਮੇਰੇ ਨਾਲ ਸੀ। ਉਸ ਵੇਲੇ ਪੌੜੀਆਂ ਕੋਲ ਜਿੰਨਾਂ ਨੂੰ ਅਸੀਂ ਉੱਪਰ ਆਉਣ ਤੋਂ ਰੋਕਿਆ, ਉਹਨਾਂ ਵਿੱਚ ਇੱਕ ਦਿਲਜੀਤ ਦੋਸਾਂਝ ਵੀ ਸੀ।



ਆਰਟਿਸਟਾਂ ਦੇ ਘਰੇਲੂ ਅਤੇ ਵਿਆਹ ਸਮਾਗਮਾਂ ਵਿੱਚ ਇਹ ਆਮ ਵਰਤਾਰਾ ਹੈ ਜਦੋਂ ਵੱਡੇ ਕਲਾਕਾਰ ਸਟੇਜ ਉੱਪਰ ਹੋਣ ਤਾਂ ਨਵੇਂ ਕਲਾਕਾਰਾਂ ਨੂੰ ਮੌਕਾ ਘੱਟ ਮਿਲਦਾ। ਜਿਵੇਂ 1995 ਵਿੱਚ ਧਵਨ ਪੈਲੇਸ ਮੋਗਾ ਵਿਖੇ ਹਰਭਜਨ ਮਾਨ ਦੇ ਭਰਾ ਗੁਰਸੇਵਕ ਮਾਨ ਦੇ ਵਿਆਹ ਮੌਕੇ ਹੰਸ ਰਾਜ ਹੰਸ, ਸਰਦੂਲ ਸਿਕੰਦਰ, ਪੰਮੀ ਬਾਈ ਦੀ ਹਾਜ਼ਰੀ ਕਰਕੇ ਜਸਵੀਰ ਜੱਸੀ ਨੂੰ ਗਾਉਣ ਲਈ ਸਮਾਂ ਹੀ ਨਹੀਂ ਮਿਲਿਆ, ਜਦੋਂਕਿ ਉਸ ਤੋਂ ਕੁਝ ਦਿਨਾਂ ਬਾਅਦ "ਦਿਲ ਲੈ ਗਈ ਕੁੜੀ ਗੁਜਰਾਤ ਦੀ" ਨਾਲ ਜੱਸੀ ਦੀ ਮੰਗ ਪੂਰੇ ਭਾਰਤ ਵਿੱਚ ਸੀ।

ਗੱਲ ਮੁੜ ਕਰਦੇ ਹਾਂ ਦਿਲਜੀਤ ਦੀ, ਰੰਗੂਵਾਲ ਵੱਲੋਂ ਕਹਿਣ ਉਤੇ ਹੀ ਦਿਲਜੀਤ ਨੂੰ ਪਹਿਲੀ ਵਾਰ ਫ਼ਾਈਨਟੋਨ ਵਾਲੇ ਰਾਜਿੰਦਰ ਸਿੰਘ ਨੇ ਮੌਕਾ ਦਿੱਤਾ ਸੀ। ਉਸ ਤੋਂ ਬਾਅਦ ਗੁੱਡੂ ਧਨੋਆ ਨੇ ਪਹਿਲੀ ਫਿਲਮ ਦਿੱਤੀ। ਇਸ਼ਕ ਦਾ ਓ ਅ, ਦਿਲ ਨੂੰ ਤੇਰੇ ਨਾਲ ਕਿਹਨਾਂ ਕੁ ਪਿਆਰ, ਆ ਗਏ ਪੱਗਾਂ ਪੋਚਵੀਆਂ ਵਾਲੇ, ਆਦਿ ਗੀਤਾਂ ਤੋਂ ਲੈ ਕੇ ਜੱਟ ਪੈਦਾ ਹੋਇਆ ਛਾਉਣ ਵਾਸਤੇ, ਜੱਟ ਦਾ ਪਿਆਰ ਗੋਰੀਏ (G.O.A.T.) ਤੱਕ ਪੁੱਜਦਿਆਂ ਦਿਲਜੀਤ ਨੇ ਹਿੱਟ ਗਾਣਿਆਂ ਅਤੇ ਉਸ ਦੀ ਮਕਬੂਲੀਅਤ ਨੇ ਸਭ ਸਿਖਰਾਂ ਛੂਹ ਲਈਆਂ। ਉਸ ਦੇ ਹਿੱਟ ਗੀਤਾਂ ਵਿੱਚ ਵੀਰਵਾਰ ਦਿਨ, ਪੌਪਲਿਨ, ਪਟਿਆਲਾ ਪੈੱਗ, ਰਾਤ ਦੀ ਗੇੜੀ, ਪੰਜ ਤਾਰਾ, ਤੈਨੂੰ ਕਿੰਨਾ ਪਿਆਰ ਕਰਦਾ (Do You Know), ਲੈਂਬੜਗਿਨੀ ਆਦਿ ਸੂਚੀ ਬਹੁਤ ਲੰਬੀ ਹੈ।

ਸਫਲਤਾ ਦੇ ਇਸ ਰਾਹ ਵਿੱਚ ਉਸ ਨੇ "ਆਰ ਨਾਨਕ ਪਾਰ ਨਾਨਕ", "ਗੋਬਿੰਦ ਦੇ ਲਾਲ ਸੂਬਿਆਂ ਸਮਝੀ ਨਾ ਡਰ ਜਾਣਗੇ", "ਧੰਨ ਧੰਨ ਬਾਬਾ", "ਨੂਰ ਨਾਨਕ", "ਬਾਬਾ ਮੱਝੀਆਂ ਚਰਾਉਂਦਾ ਦਿਸਦਾ ਐ", "ਨਾਨਕੀ ਦਾ ਵੀਰ" ਆਦਿ ਮਕਬੂਲ ਧਾਰਮਿਕ ਗੀਤਾਂ ਵੀ ਗਾਏ।

ਦਿਲਜੀਤ ਨੇ ਜਦੋਂ ਲੱਕ 28 ਗਿਆ ਸੀ ਤਾਂ ਮੇਰੇ ਯਾਦ ਹੈ ਕਿ ਉਹ ਲੁਧਿਆਣੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪ੍ਰੋ ਗੁਰਭਜਨ ਗਿੱਲ ਕੋਲ ਇਸ ਗਾਣੇ ਨੂੰ ਗਾਉਣ ਲਈ ਉਹਨਾਂ ਕੋਲੋਂ ਮੁਆਫੀ ਵੀ ਮੰਗ ਕੇ ਆਇਆ ਸੀ ਅਤੇ ਉਸ ਤੋਂ ਬਾਅਦ ਮੇਰੇ ਖ਼ਿਆਲ ਵਿੱਚ ਉਸ ਨੇ ਇਹ ਗੀਤ ਕਦੇ ਗਾਇਆ ਵੀ ਨਹੀਂ।

ਫ਼ਿਲਮੀ ਸਫ਼ਰ ਦੀ ਗੱਲ ਕਰੀਏ ਤਾਂ "ਮੇਲ ਕਰਾਦੇ ਰੱਬਾ" ਤੋਂ ਲੈ ਕੇ ਕਈ ਹਿੱਟ ਫ਼ਿਲਮਾਂ ਦਿੱਤੀਆਂ। ਪੰਜਾਬੀ ਵਿੱਚ ਜੱਟ ਜੂਲੀਅਟ ਜਿਹੀ ਕਾਮੇਡੀ, ਪੰਜਾਬ 1984 ਜਿਹੀ ਸੰਵੇਦਨਸ਼ੀਲ ਫਿਲਮ, ਵੱਖਰੇ ਵਿਸ਼ੇ ਵਾਲੀ ਸੱਜਣ ਸਿੰਘ ਰੰਗਰੂਟ ਅਤੇ ਅਮਰ ਸਿੰਘ ਚਮਕੀਲਾ ਦੇ ਜੀਵਨ ਬਾਰੇ ਪੰਜਾਬੀ ਵਿੱਚ ਜੋੜੀ ਤੇ ਹਿੰਦੀ ਵਿੱਚ ਅਮਰ ਸਿੰਘ ਚਮਕੀਲਾ ਹਿੱਟ ਫ਼ਿਲਮਾਂ ਦਿੱਤੀਆਂ। ਹਿੰਦੀ ਫਿਲਮਾਂ ਵਿੱਚ ਹਾਕੀ ਓਲੰਪੀਅਨ ਸੰਦੀਪ ਸਿੰਘ ਉੱਪਰ ਬਣੀ "ਸੂਰਮਾ" ਰਾਹੀਂ ਵੀ ਦਿਲਜੀਤ ਨੇ ਆਪਣਾ ਲੋਹਾ ਮਨਵਾਇਆ। ਮਨੁੱਖੀ ਅਧਿਕਾਰਾਂ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਉੱਪਰ ਬਣੀ ਹਿੰਦੀ ਫਿਲਮ ਪੰਜਾਬ 95 ਦੀ ਹਾਲੇ ਉਡੀਕ ਹੈ। ਇਸ ਦੌਰਾਨ ਉਹ ਆਪਣੀ ਨਵੀਂ ਫਿਲਮ ਸਰਦਾਰ ਜੀ 3 ਲਈ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਕਾਰਨ ਆਲੋਚਨਾਵਾਂ ਵਿੱਚ ਘਿਰ ਗਿਆ।

ਹੁਣ ਅਸਲ ਮੁੱਦੇ ਦੀ ਗੱਲ ਕਰਦੇ ਹਾਂ। ਸਾਡੇ ਮੁਲਕ ਵਿੱਚ ਅਸਹਿਣਸ਼ੀਲਤਾ ਕਹਿ ਲਵੋ ਜਾਂ ਸੌੜੀ ਸੋਚ ਜਾਂ ਫੇਰ ਦੋਗਲੇ ਕਿਰਦਾਰ। ਕੁਝ ਮਹੀਨੇ ਪਹਿਲਾਂ ਜਿਸ ਦਿਲਜੀਤ ਦੇ ਸ਼ੋਅ ਨੂੰ ਦੇਖਣ ਲਈ ਮਾਰਾਂ ਮਾਰੀ ਹੋ ਰਹੀ ਸੀ, ਟਿਕਟਾਂ ਬਲੈਕ ਹੋ ਰਹੀਆਂ ਸਨ, ਪਾਸਾਂ ਲਈ ਵੱਡੀਆਂ ਸਿਫਾਰਸ਼ਾਂ ਹੋ ਰਹੀਆਂ ਸਨ, ਅੱਜ ਨਾ ਸਿਰਫ ਉਸ ਦੀ ਫ਼ਿਲਮ ਦੇ ਬਾਈਕਾਟ ਦੀ ਗੱਲ ਚੱਲੀ, ਸਗੋਂ ਉਸ ਦੀ ਭਾਰਤੀ ਨਾਗਰਿਕਤਾ ਰੱਦ ਕਰਨ ਦੀ ਵੀ ਮੰਗ ਉੱਠ ਗਈ। ਪਾਕਿਸਤਾਨੀ ਅਦਾਕਾਰਾ ਕਰਕੇ ਹੁਣ ਦਿਲਜੀਤ ਨਿਸ਼ਾਨੇ ਉੱਤੇ ਹੈ। ਕੁਝ ਦਿਨ ਪਹਿਲਾਂ ਸਾਡਾ ਓਲੰਪਿਕਸ ਤੇ ਵਿਸ਼ਵ ਚੈਂਪੀਅਨ ਜੈਵਲਿਨ ਥਰੋਅਰ ਨੀਰਜ ਚੋਪੜਾ ਵੀ ਇਸ ਗੱਲ ਕਰਕੇ ਨਿਸ਼ਾਨੇ ਉੱਤੇ ਆ ਗਿਆ ਸੀ ਕਿ ਉਸ ਨੇ ਪਾਕਿਸਤਾਨੀ ਅਥਲੀਟ ਅਰਸ਼ਦ ਨਦੀਮ ਨੂੰ ਖੇਡਣ ਲਈ ਸੱਦਾ ਪੱਤਰ ਦਿੱਤਾ। ਹਾਲਾਂਕਿ ਇਹ ਦੋਵੇਂ ਮਾਮਲਿਆਂ ਵਿੱਚ ਪਹਿਲਗਾਮ ਵਿਖੇ ਵਾਪਰੇ ਮੰਦਭਾਗੇ ਤੇ ਦੁਖਦਾਈ ਅਤਿਵਾਦੀ ਹਮਲੇ ਤੋਂ ਪਹਿਲਾਂ ਫਿਲਮ ਦੀ ਸ਼ੂਟਿੰਗ ਹੋਈ ਸੀ ਅਤੇ ਨਦੀਮ ਨੂੰ ਸੱਦਾ ਪੱਤਰ ਵੀ ਪਹਿਲਾਂ ਦਿੱਤਾ ਗਿਆ ਸੀ।

ਵੈਸੇ ਵੀ ਸਾਨੂੰ ਖੇਡਾਂ, ਕਲਾ, ਸਾਹਿਤ ਨੂੰ ਹਮੇਸ਼ਾ ਰਾਜਨੀਤੀ ਤੋਂ ਵੱਖ ਕਰਕੇ ਦੇਖਣਾ ਚਾਹੀਦਾ ਹੈ। ਦੁੱਖ ਤਾਂ ਇਸ ਗੱਲ ਦਾ ਹੈ ਜਦੋਂ ਇਸ ਫ਼ੀਲਡ ਦੇ ਲੋਕ ਵੀ ਆਪਣਿਆਂ ਖ਼ਿਲਾਫ਼ ਬੋਲਣ ਲੱਗ ਜਾਂਦੇ ਹਨ ਜਿਵੇਂ ਹੁਣ ਦਿਲਜੀਤ ਨਾਲ ਹੋ ਰਿਹਾ ਹੈ ਤੇ ਪਹਿਲਾਂ ਨੀਰਜ ਨਾਲ ਹੋਇਆ ਸੀ। ਇੱਕੋ ਝਟਕੇ ਨਾਲ ਉਨ੍ਹਾਂ ਦੀ ਦੇਣ ਭੁਲਾ ਦਿੱਤੀ ਜਾਂਦੀ ਹੈ। ਨੀਰਜ ਸਾਡੀ ਤਿਰੰਗੇ ਦੀ ਸ਼ਾਨ ਹੈ ਜਿਸ ਬਦੌਲਤ ਓਲੰਪਿਕਸ ਦੀ ਫਿਜ਼ਾ ਵਿੱਚ ਜਨ ਗਣ ਮਨ ਗੂੰਜਿਆ। ਦਿਲਜੀਤ ਨੇ ਪੰਜਾਬ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ ਹੈ।

ਪਿਛਲੇ ਸਾਲ ਮੈਨੂੰ ਕਈ ਦੋਸਤਾਂ ਨੇ ਪੁੱਛਿਆ ਕਿ ਤੂੰ ਦਿਲਜੀਤ ਦਾ ਚੰਡੀਗੜ੍ਹ ਸ਼ੋਅ ਨਹੀਂ ਦੇਖਣ ਜਾ ਰਿਹਾ? ਦਿਲਜੀਤ ਮੈਨੂੰ ਸੁਣਨਾ ਵਧੀਆ ਲੱਗਦਾ ਹੈ ਪਰ ਅਖਾੜਾ ਗਾਇਕੀ ਵਿੱਚ ਗੁਰਦਾਸ ਮਾਨ, ਹਰਭਜਨ ਮਾਨ, ਪੰਮੀ ਬਾਈ, ਮਨਮੋਹਨ ਵਾਰਿਸ, ਰਣਜੀਤ ਬਾਵਾ ਤੇ ਕੁਲਵਿੰਦਰ ਬਿੱਲਾ ਹਮੇਸ਼ਾ ਪਸੰਦੀਦਾ ਗਾਇਕ ਰਹੇ ਹਨ। ਸ਼ਾਇਦ ਇਸੇ ਕਰਕੇ ਦਿਲਜੀਤ ਦਾ ਸ਼ੋਅ ਨਹੀਂ ਵੇਖਣ ਗਿਆ, ਉੱਪਰੋਂ ਮੇਰੇ ਕੋਲ ਟਿਕਟ/ਪਾਸ ਵੀ ਨਹੀਂ ਸਨ। ਜਾਂ ਕਹਿ ਲਵੋ ਹਾਸਲ ਕਰਨ ਲਈ ਜ਼ਿਆਦਾ ਕੋਸ਼ਿਸ਼ ਨਹੀਂ ਕੀਤੀ।

ਦਿਲਜੀਤ ਦੇ ਗਾਣੇ ਸੁਣਨੇ ਹਮੇਸ਼ਾ ਵਧੀਆ ਲੱਗਦੇ ਹਨ। ਹੁਣ ਜਦੋਂ ਉਸ ਦਾ ਵਿਰੋਧ ਹੋਇਆ ਹੈ ਤਾਂ ਸਾਨੂੰ ਉਸ ਨਾਲ ਖੜ੍ਹਨਾ ਚਾਹੀਦਾ ਹੈ। ਦਿਲਜੀਤ ਨੇ ਹਮੇਸ਼ਾ ਪੱਗ ਅਤੇ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ ਹੈ। ਪਿਛਲੇ ਸਾਲ ਦਿਲਜੀਤ ਦੀ ਫਿਲਮ ਜੱਟ ਜੂਲੀਅਟ 3 ਦੇਖ ਕੇ ਮਹਿਸੂਸ ਹੋਇਆਂ ਸੀ ਕਿ ਦਿਲਜੀਤ ਫ਼ਿਲਮਾਂ ਨਾਲੋਂ ਗਾਇਕੀ ਵੱਲ ਹੀ ਧਿਆਨ ਦੇਵੇ ਜਾਂ ਫੇਰ ਉਹ ਫ਼ਿਲਮ ਦਿਲਜੀਤ ਨੇ ਹਲਕੇ ਵਿੱਚ ਲਈ ਜੋ ਉਸ ਦੇ ਮਿਆਰ ਤੋਂ ਹੇਠਾਂ ਸੀ। ਹੁਣ ਤਾਜੇ ਵਿਵਾਦ ਤੋਂ ਬਾਅਦ ਮਨ ਬਣਿਆ ਹੈ ਕਿ ਦਿਲਜੀਤ ਦੀ ਨਵੀਂ ਫ਼ਿਲਮ ਜ਼ਰੂਰ ਦੇਖਣੀ ਬਣਦੀ ਹੈ ਕਿਉਂਕਿ ਹੁਣ ਸਾਨੂੰ ਸਾਰਿਆਂ ਨੂੰ ਉਸ ਦੇ ਹੱਕ ਵਿੱਚ ਖੜ੍ਹਨਾ ਚਾਹੀਦਾ ਹੈ।

ਦਿਲਜੀਤ ਦੇ ਵਿਰੋਧੀਆਂ ਨੇ ਸਾਡਾ ਆਪਸੀ ਪਾੜਾ ਵੀ ਵਧਾ ਦਿੱਤਾ ਹੈ ਕਿਉਂਕਿ ਬਹੁਤਿਆਂ ਨੂੰ ਇਹੋ ਮਹਿਸੂਸ ਹੋ ਰਿਹਾ ਹੈ ਕਿ ਦਿਲਜੀਤ ਦੀ ਪੱਗ ਅਤੇ ਦਿਲਜੀਤ ਦੇ ਪੰਜਾਬੀ ਹੋਣ ਕਰਕੇ ਇਸ ਦਾ ਵਿਰੋਧ ਹੋ ਰਿਹਾ ਹੈ। ਦਿਲਜੀਤ ਦੇ ਲੂਮੀਨਾਟੀ ਸ਼ੋਆਂ ਦੌਰਾਨ ਉਸ ਨੂੰ ਸੁਣਨ ਲਈ ਉਮੜੇ ਦੇਸ਼ ਭਰ ਦੇ ਲੋਕ ਹੀ ਹੁਣ ਉਸ ਦੀ ਹਮਾਇਤ ਵਿੱਚ ਉੱਤਰ ਕੇ ਇਸ ਪਾੜੇ ਨੂੰ ਖਤਮ ਕਰ ਸਕਦੇ ਹਨ। ਖੇਡਾਂ ਤੇ ਕਲਾ ਹਮੇਸ਼ਾ ਜੋੜਦੇ ਹਨ, ਇਸ ਕਰਕੇ ਇਸ ਖੇਤਰ ਨੂੰ Diljit Dosanjh

ਨਵਦੀਪ ਸਿੰਘ ਗਿੱਲ

## ਦਿਲਜੀਤ ਦੋਸਾਂਝ ਨੂੰ 'ਬਾਰਡਰ 2' ਤੋਂ ਹਟਾਉਣ ਦੀਆਂ ਖ਼ਬਰਾਂ ਝੂਠੀਆਂ

### 50 % ਮੁਕੰਮਲ ਹੋਈ ਫ਼ਿਲਮ ਦੀ ਸ਼ੂਟਿੰਗ



ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਇਸ ਸਮੇਂ ਆਪਣੀ ਫ਼ਿਲਮ 'ਸਰਦਾਰਜੀ 3' ਨੂੰ ਲੈ ਕੇ ਵਿਵਾਦਾਂ ਵਿੱਚ ਘਿਰੇ ਹੋਏ ਹਨ। ਕਈ ਫ਼ਿਲਮ ਸੰਗਠਨਾਂ ਅਤੇ ਸੋਸ਼ਲ ਮੀਡੀਆ ਉਪਭੋਗਤਾਵਾਂ ਨੇ ਇਸ ਫ਼ਿਲਮ ਵਿੱਚ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਨਾਲ ਉਨ੍ਹਾਂ ਦੀ ਜੋੜੀ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਹੁਣ ਇਹ ਮੰਗ ਵੀ ਜ਼ੋਰ ਫੜ ਰਹੀ ਹੈ ਕਿ ਉਸ ਨੂੰ ਸਭ ਤੋਂ ਵੱਧ ਉਡੀਕੀ ਜਾਣ ਵਾਲੀ ਜੰਗੀ-ਨਾਟਕ 'ਬਾਰਡਰ 2' ਤੋਂ ਹਟਾ ਦਿੱਤਾ ਜਾਵੇ। ਅਜਿਹੀਆਂ ਅਫ਼ਵਾਹਾਂ ਵੀ ਹਨ ਕਿ ਦਿਲਜੀਤ ਦੀ ਜਗ੍ਹਾ ਬਾਰਡਰ 2 ਵਿੱਚ ਕੋਈ ਹੋਰ ਅਦਾਕਾਰ ਲਿਆ ਜਾ ਸਕਦਾ ਹੈ। ਹਾਲਾਂਕਿ, ਹੁਣ ਇਨ੍ਹਾਂ ਅਫ਼ਵਾਹਾਂ ਵਿੱਚ ਕੋਈ ਸੱਚਾਈ ਨਹੀਂ ਜਾਪਦੀ। ਇੱਕ ਮੀਡੀਆ ਰਿਪੋਰਟ ਦੇ ਅਨੁਸਾਰ, ਫ਼ਿਲਮ ਨਾਲ ਜੁੜੇ ਸੂਤਰਾਂ ਨੇ ਸਪੱਸ਼ਟ ਕੀਤਾ ਹੈ ਕਿ ਫ਼ਿਲਹਾਲ ਦਿਲਜੀਤ ਨੂੰ ਬਾਰਡਰ 2 ਤੋਂ ਹਟਾਉਣ ਦੀ ਕੋਈ ਯੋਜਨਾ ਨਹੀਂ ਹੈ। ਇੱਕ ਸੂਤਰ ਨੇ ਕਿਹਾ, "ਹੁਣ ਤੱਕ ਫ਼ਿਲਮ ਦੀ 40 ਤੋਂ 50 ਪ੍ਰਤੀਸ਼ਤ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਦਿਲਜੀਤ ਦੀ ਕਾਸਟਿੰਗ ਦਾ ਐਲਾਨ ਲਗਭਗ 9 ਮਹੀਨੇ ਪਹਿਲਾਂ ਕੀਤਾ ਗਿਆ ਸੀ, ਜਦੋਂ ਸਥਿਤੀ ਆਮ ਸੀ। ਇਸ ਲਈ ਇਸ ਪੜਾਅ 'ਤੇ ਕੋਈ ਵੀ ਬਦਲਾਅ ਸੰਭਵ ਨਹੀਂ ਹੈ।"

25 ਜੂਨ ਨੂੰ, ਫੈਡਰੇਸ਼ਨ ਆਫ ਵੈਸਟਰਨ ਇੰਡੀਆ ਸਿਨੇ ਇੰਪਲਾਈਜ਼ (FWICE) ਨੇ ਫ਼ਿਲਮ ਦੇ ਸਹਿ-ਨਿਰਮਾਤਾ ਭੂਸ਼ਣ ਕੁਮਾਰ ਅਤੇ ਅਦਾਕਾਰ ਸੰਨੀ ਦਿਓਲ ਨੂੰ ਇੱਕ ਪੱਤਰ ਲਿਖਿਆ ਸੀ, ਜਿਸ ਵਿੱਚ ਉਨ੍ਹਾਂ ਨੂੰ ਦਿਲਜੀਤ ਨਾਲ ਕੰਮ ਨਾ ਕਰਨ ਦੀ ਅਪੀਲ ਕੀਤੀ ਗਈ ਸੀ। ਹਾਲਾਂਕਿ, ਇਸ ਪੱਤਰ ਦਾ ਅਜੇ ਤੱਕ ਕੋਈ ਅਧਿਕਾਰਤ ਜਵਾਬ ਨਹੀਂ ਮਿਲਿਆ ਹੈ। ਜਦੋਂ ਮੀਡੀਆ ਨੇ ਫ਼ਿਲਮ ਦੇ ਨਿਰਮਾਤਾ ਨਿਧੀ ਦੱਤਾ ਅਤੇ ਭੂਸ਼ਣ ਕੁਮਾਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਵੀ ਕੋਈ ਜਵਾਬ ਨਹੀਂ ਮਿਲਿਆ।

## Bigg Boss 19 'ਚ ਹੋਵੇਗੀ ਰੋਬੋਟ ਦੀ ਐਂਟਰੀ!

### ਕੀ AI Labubu ਹੋਵੇਗੀ ਸ਼ੋਅ ਦੀ ਪਹਿਲੀ ਪ੍ਰਤੀਯੋਗੀ



Labubu Robot ?

ਬਾਲੀਵੁੱਡ ਸੁਪਰਸਟਾਰ ਸਲਮਾਨ ਖਾਨ ਦਾ ਸਭ ਤੋਂ ਮਸ਼ਹੂਰ ਸ਼ੋਅ ਬਿੱਗ ਬੌਸ ਆਪਣੇ ਨਵੇਂ 19ਵੇਂ ਸੀਜ਼ਨ ਲਈ ਖ਼ਬਰਾਂ ਵਿੱਚ ਹੈ। ਖ਼ਬਰ ਹੈ ਕਿ ਇਹ ਸ਼ੋਅ ਅਗਸਤ ਵਿੱਚ ਸ਼ੁਰੂ ਹੋ ਸਕਦਾ ਹੈ। ਹੁਣ ਸ਼ੋਅ ਦੀ ਪਹਿਲੀ ਪ੍ਰਤੀਯੋਗੀ ਦਾ ਨਾਮ ਵੀ ਸਾਹਮਣੇ ਆਇਆ ਹੈ। ਉਹ ਕੋਈ ਹੋਰ ਨਹੀਂ ਬਲਕਿ ਵਾਇਰਲ ਏਆਈ ਲਾਬੂਬੂ ਡੌਲ ਹੈ, ਜਿਸਦਾ ਨਾਮ 'ਹਬੂਬੂ' ਹੋਵੇਗਾ। ਜੀ ਹਾਂ, ਏਆਈ ਲਾਬੂਬੂ ਡੌਲ ਸ਼ੋਅ ਦੀ ਪਹਿਲੀ ਪ੍ਰਤੀਯੋਗੀ ਵਜੋਂ ਐਂਟਰੀ ਕਰਨ ਜਾ ਰਹੀ ਹੈ।

ਇੱਕ ਵੈੱਬ ਪੋਰਟਲ ਦੀ ਰਿਪੋਰਟ ਦੇ ਅਨੁਸਾਰ ਬਿੱਗ ਬੌਸ 19 ਦੀ ਪਹਿਲੀ ਪ੍ਰਤੀਯੋਗੀ ਕੋਈ ਇਨਸਾਨ ਨਹੀਂ ਸਗੋਂ ਇੱਕ ਏਆਈ ਰੋਬੋਟ ਹਬੂਬੂ ਹੈ। ਇਹ ਪੁਸ਼ਟੀ ਕੀਤੀ ਗਈ ਹੈ ਕਿ ਇਹ ਗੁੱਡੀ ਬਾਕੀ ਪ੍ਰਤੀਯੋਗੀਆਂ ਦੇ ਨਾਲ ਸ਼ੋਅ ਵਿੱਚ ਦਿਖਾਈ ਦੇਵੇਗੀ। ਹਬੂਬੂ ਨੇ ਸ਼ੋਅ ਵਿੱਚ ਵਾਇਰਲ ਹੋਈ ਲਾਬੂਬੂ ਡੌਲ ਦੀ ਜਗ੍ਹਾ ਲੈ ਲਈ ਹੈ।

ਹਬੂਬੂ ਸ਼ੋਅ ਵਿੱਚ ਉਹ ਕੰਮ ਵੀ ਕਰਦੀ ਦਿਖਾਈ ਦੇਵੇਗੀ ਜੋ ਬਾਕੀ ਪ੍ਰਤੀਯੋਗੀ ਕਰਨਗੇ। ਉਸ ਕੋਲ ਆਪਣੇ ਗਹਿਣੇ, ਫੈਸ਼ਨ ਕੱਪੜਿਆਂ ਦੀ ਲਾਈਨ ਅਤੇ ਕੁਲੈਕਟਰ ਐਡੀਸ਼ਨ ਗੁੱਡੀਆਂ ਹਨ। ਉਹ ਬਿੱਗ ਬੌਸ ਦੇ ਇਤਿਹਾਸ ਵਿੱਚ ਪਹਿਲੀ ਪ੍ਰਤੀਯੋਗੀ ਹੋਵੇਗੀ ਜਿਸਨੇ ਸ਼ੋਅ ਵਿੱਚ ਐਂਟਰੀ ਕਰਨ ਤੋਂ ਪਹਿਲਾਂ ਹੀ ਆਪਣਾ ਵਪਾਰਕ ਸਮਾਨ ਲਾਂਚ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਹਬੂਬੂ ਟਾਸਕ ਵਿੱਚ ਜ਼ਿਆਦਾ ਹੁਸ਼ਿਆਰ ਹੋਣ ਕਾਰਨ, ਬਿੱਗ ਬੌਸ ਟੀਮ ਨੂੰ ਕੁਝ ਟਾਸਕ ਦੁਬਾਰਾ ਪ੍ਰੋਗਰਾਮ ਕਰਨੇ ਪਏ ਤਾਂ ਜੋ ਸਾਰੇ ਪ੍ਰਤੀਯੋਗੀਆਂ ਲਈ ਖੇਡ ਨਿਰਪੱਖ ਰਹੇ।

ਸ਼ੋਅ ਵਿੱਚ ਹਬੂਬੂ ਦੀ ਬੁੱਧੀ ਨੂੰ ਦੇਖਣ 'ਚ ਕਾਫੀ ਮਜ਼ਾ ਆਉਣ ਵਾਲਾ ਹੈ। ਹਬੂਬੂ ਸੱਤ ਭਾਸ਼ਾਵਾਂ ਜਾਣਦੀ ਹੈ। ਉਹ ਸ਼ੋਅ ਵਿੱਚ ਮੁਕਾਬਲੇਬਾਜ਼ਾਂ ਨਾਲੋਂ ਜ਼ਿਆਦਾ ਹੁਸ਼ਿਆਰ ਦਿਖਾਈ ਦੇਵੇਗੀ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਏਆਈ ਡੌਲ ਨਾਲ ਸ਼ੋਅ ਵਿੱਚ ਹੋਰ ਕਿਹੜੇ ਟਵਿਸਟ ਆਉਣ ਵਾਲੇ ਹਨ।






# ਬਦਲਦੇ ਰਿਸ਼ਤੇ



ਅੱਜਕੱਲ੍ਹ ਦੇ ਬਦਲਦੇ ਸਮੇਂ ਵਿੱਚ ਕਿਸੇ ਰਿਸ਼ਤੇ ਤੋਂ ਬੇਜਾਰ ਹੋ ਜਾਣਾ ਕੋਈ ਬਹੁਤੀ ਵੱਡੀ ਗੱਲ ਨਹੀਂ। ਇਹ ਅਕਸਰ ਹੋ ਜਾਂਦਾ ਹੈ। ਹਾਲਾਂਕਿ ਅਜਿਹਾ ਹੋਣਾ ਨਹੀਂ ਚਾਹੀਦਾ। ਪਰ ਸਾਡੀ ਨਵੀਂ ਪੀੜੀ ਵਿੱਚ ਸਹਿਣਸ਼ੀਲਤਾ ਬਹੁਤ ਘੱਟ ਹੈ। ਉਹ ਛੋਟੀ ਜਿਹੀ ਗੱਲ ਤੇ ਤੋੜ ਵਿਛੋੜੇ ਤੱਕ ਪਹੁੰਚ ਜਾਂਦੇ ਹਨ। ਬਜ਼ੁਰਗਾਂ ਵਾਂਗ ਦਰ ਗੁਜਰ ਕਰਨਾ ਉਹਨਾਂ ਦੇ ਸੁਭਾਅ ਵਿੱਚ ਨਹੀਂ।

ਅਗਰ ਉਹ ਇੱਕ ਦੂਜੇ ਨੂੰ ਪਸੰਦ ਨਹੀਂ ਕਰਦੇ ਤਾਂ ਇੱਕ ਦੂਜੇ ਤੋਂ ਵੱਖ ਹੋ ਜਾਣਾ ਚਾਹੀਦਾ ਹੈ। ਇਸ ਵਿੱਚ ਕੋਈ ਹਰਜ ਨਹੀਂ ਹੈ। ਜ਼ਿੰਦਗੀ ਬਹੁਤ ਲੰਬੀ ਹੈ ਤੇ ਜੇ ਹਮ ਸਫਰ ਨਾਲ ਨਾ ਬਣਦੀ ਹੋਵੇ ਤਾਂ ਸਫਰ ਔਖਾ ਹੋ ਜਾਂਦਾ ਹੈ। ਅਲੱਗ ਹੋ ਜਾਣ ਦਾ ਕੋਈ ਮਿਹਣਾ ਵੀ ਨਹੀਂ। ਪਰ ਜੋ ਸਭ ਤੋਂ ਅਜੀਬ ਗੱਲ ਹੈ ਉਹ ਇਹ ਹੈ ਕਿ ਇੱਕ ਦੂਜੇ ਨੂੰ ਮਾਰ ਦੇਣਾ। ਅਕਸਰ ਖਬਰਾਂ ਵਿੱਚ ਸੁਣਦੇ ਹਾਂ ਪਤੀ ਨੇ ਪਤਨੀ ਨੂੰ ਮਰਵਾ ਦਿੱਤਾ ਜਾਂ ਪਤਨੀ ਨੇ ਪਤੀ ਨੂੰ। ਇਹ ਗੱਲ ਸੁਣਨ ਵਿੱਚ ਬਹੁਤ ਅਜੀਬ ਲੱਗਦੀ ਹੈ।

ਸਾਡੇ ਕੋਲ ਤਲਾਕ ਹੈ ਜਿਸ ਵਿੱਚ ਅਸੀਂ ਅਲੱਗ ਹੋ ਸਕਦੇ ਹਾਂ। ਤਲਾਕ ਤੋਂ ਬਾਅਦ ਦੋਵੇਂ ਆਪਣਾ ਆਪਣਾ ਜੀਵਨ ਜਿਉਣ ਲਈ ਆਜ਼ਾਦ ਹਨ। ਜਦੋਂ ਕੋਈ ਪਤੀ ਪਤਨੀ ਇੱਕ ਦੂਜੇ ਤੋਂ ਉਕਤਾ ਜਾਂਦੇ ਹਨ ਇੱਕ ਦੂਜੇ ਨਾਲ ਸਮਝੌਤਾ ਨਹੀਂ ਕਰਨਾ ਚਾਹੁੰਦੀ ਤਾਂ ਉਹਨਾਂ ਨੂੰ ਅਲੱਗ ਹੋ ਜਾਣਾ ਚਾਹੀਦਾ ਹੈ। ਤਲਾਕ ਲੈ ਕੇ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰਨ। ਪਰ ਅਜਿਹਾ ਬਹੁਤ ਘੱਟ ਹੋ ਰਿਹਾ ਹੈ। ਇੱਕ ਦੂਜੇ ਨੂੰ ਮਰਵਾ ਦੇਣ ਤੱਕ ਪਹੁੰਚਣ ਦੀ ਨੌਬਤ ਆ ਗਈ ਹੈ। ਹੁਣ ਇਹ ਗੱਲ ਕੋਈ ਅਣਹੋਣੀ ਜਿਹੀ ਨਹੀਂ ਲੱਗਦੀ। ਅਜਿਹੀਆਂ ਖਬਰਾਂ ਰੋਜ਼ ਸੁਣਨ ਨੂੰ ਮਿਲਦੀਆਂ ਹਨ।

ਇਹ ਬਹੁਤ ਗੰਭੀਰ ਮੁੱਦਾ ਹੈ ਸਾਡੇ ਸਮਾਜ ਦਾ। ਜੇਕਰ ਕੋਈ ਲਿਵ ਇਨ ਰਿਲੇਸ਼ਨ ਵਿੱਚ ਰਹਿ ਰਿਹਾ ਹੈ ਤਾਂ ਵੀ ਇੱਕ ਦੂਜੇ ਨੂੰ ਮਾਰ ਦਿੱਤਾ ਜਾਂਦਾ ਹੈ। ਵਿਆਹ ਵਿੱਚ ਵੀ ਅਜਿਹਾ ਹੀ ਹੋ ਰਿਹਾ ਹੈ। ਇਥੋਂ ਤੱਕ ਕਿ ਪ੍ਰੇਮੀ ਪ੍ਰੇਮਿਕਾ ਵੀ ਇੱਕ ਦੂਜੇ ਤੋਂ ਨਿਜਾਤ ਪਾਉਣ ਲਈ ਉਸਨੂੰ ਜ਼ਿੰਦਗੀ ਤੋਂ ਹੀ ਨਿਜਾਤ ਦਵਾ ਦਿੰਦੇ ਹਨ। ਇਹ ਬਹੁਤ ਦੁਖਦਾਈ ਹੈ। ਇਸ ਦੇ ਪਿੱਛੇ ਬਹੁਤ ਸਾਰੇ ਮਨੋਵਿਗਿਆਨਿਕ ਕਾਰਨ ਹਨ। ਅਜਿਹੀਆਂ ਹਰਕਤਾਂ ਕੋਈ ਆਮ ਵਿਅਕਤੀ ਨਹੀਂ ਕਰਦਾ। ਇਹ ਮਾਨਸਿਕ ਰੋਗੀਆਂ ਦੇ ਕੰਮ ਹਨ। ਮਾਨਸਿਕ ਰੋਗੀ ਸਿਰਫ ਉਹ ਨਹੀਂ ਹੁੰਦੇ ਜੋ ਕਿਸੇ ਗੰਭੀਰ ਸਮੱਸਿਆ ਨਾਲ ਉਲਝ ਰਹੇ ਹੋਣ। ਮਾਨਸਿਕ ਰੋਗੀ ਉਹ ਵੀ ਹਨ ਜੋ ਸਾਡੇ ਸਮਾਜ ਵਿੱਚ ਸਾਡੇ ਆਲੇ ਦੁਆਲੇ ਆਰਾਮਦਾਇਕ ਜ਼ਿੰਦਗੀ ਬਿਤਾਉਂਦੇ ਹਨ।

ਅਜੇ ਇਹ ਲੋਕਾਂ ਦਾ ਹਉਮੈ ਬਹੁਤ ਵੱਧ ਹੁੰਦਾ ਹੈ। ਉਹਨਾਂ ਨੂੰ ਆਪਣੇ ਤੋਂ ਅੱਗੇ ਕੁਝ ਨਜ਼ਰ ਹੀ ਨਹੀਂ ਆਉਂਦਾ। ਕੁਝ ਲੋਕਾਂ ਵਿੱਚ ਲਾਲਚ ਹੱਦ ਤੋਂ ਵੱਧ ਹੁੰਦਾ ਹੈ। ਅਕਸਰ ਅਮੀਰ ਜੀਵਨ ਸਾਥੀ ਨੂੰ ਮਰਵਾ ਦਿੱਤਾ ਜਾਂਦਾ ਹੈ ਇਹ ਸੋਚ ਕੇ ਕਿ ਉਸ ਦੀ ਮੌਤ ਤੋਂ ਬਾਅਦ ਸਾਰੀ ਪ੍ਰੋਪਰਟੀ ਮਿਲ ਜਾਵੇਗੀ। ਕਤਲ ਕਰਨ ਵਾਲਾ ਇਹ ਭੁੱਲ ਜਾਂਦਾ ਹੈ ਕਿ ਕਾਤਿਲ ਕਿੰਨੀ ਵੀ ਸਫਾਈ ਨਾਲ ਕਤਲ ਕਰੇ ਕੋਈ ਨਾ ਕੋਈ ਸੁਰਾਗ ਜਰੂਰ ਛੱਡ ਜਾਂਦਾ ਹੈ।

ਹਰ ਰੋਜ਼ ਕਿੰਨੀਆਂ ਹੀ ਅਜਿਹੀਆਂ ਘਟਨਾਵਾਂ ਸੁਣਨ ਨੂੰ ਮਿਲਦੀਆਂ ਹਨ। ਟੈਕਨੋਲੋਜੀ ਦੇ ਯੁਗ ਵਿੱਚ ਪਲੀ ਇਹ ਪੀੜੀ ਰਾਤੋ ਰਾਤ ਅਮੀਰ ਹੋ ਜਾਣਾ ਚਾਹੁੰਦੀ ਹੈ। ਇਹਨਾਂ ਨੂੰ ਜ਼ਿੰਦਗੀ ਵਿੱਚ ਹਰ ਸੁਵਿਧਾ ਚਾਹੀਦੀ ਹੈ ਬਿਨਾਂ ਕੋਈ ਕੀਮਤ ਚੁਕਾਏ। ਮਾਤਾ ਪਿਤਾ ਵੱਲੋਂ ਇਹਨਾਂ ਨੂੰ ਕੋਈ ਨੈਤਿਕ ਸਿੱਖਿਆ ਦਿੱਤੀ ਹੀ ਨਹੀਂ ਗਈ। ਇਹ ਤਾਂ ਉਹ ਹਨ ਜੋ ਵੈਬ ਸੀਰੀਜ਼ ਦੇਖ ਕੇ ਵੱਡੇ ਹੋਏ ਹਨ। ਇਹਨਾਂ ਨੇ ਇਹੀ ਕੁਝ ਸਿੱਖਿਆ ਹੈ।

ਕੋਈ ਕਿੰਨਾ ਵੀ ਕਹੇ ਜੋ ਅਸੀਂ ਵੇਖਦੇ ਹਾਂ ਉਹ ਸਾਡੇ ਮਨ ਤੇ ਗਹਿਰਾ ਅਸਰ ਛੱਡਦਾ ਹੈ। ਜਿਸ ਤਰ੍ਹਾਂ ਦੀਆਂ ਚੀਜ਼ਾਂ ਅਸੀਂ ਰੋਜ਼ਾਨਾ ਜ਼ਿੰਦਗੀ ਵਿੱਚ ਵੇਖਦੇ ਹਾਂ ਉਹ ਟੀਵੀ ਦੇ ਡਰਾਮੇ ਹੋਣ ਕੋਈ ਵੈਬ ਸੀਰੀਜ਼ ਹੋਵੇ ਕੋਈ ਫਿਲਮਾਂ ਹੋਣ ਜਾਂ ਕੋਈ ਕਿਤਾਬ ਹੋਵੇ ਉਸ ਤਰ੍ਹਾਂ ਦੀ ਸਾਡੀ ਸੋਚਣੀ ਹੋ ਜਾਂਦੀ ਹੈ। ਸਾਡੇ ਸਮਾਜ ਵਿੱਚ ਆਪਸ ਵਿੱਚ ਗੱਲਬਾਤ ਬਹੁਤ ਘੱਟ ਗਈ ਹੈ। ਬੱਚੇ ਮਾਂ ਬਾਪ ਦਾ ਦਖਲ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਦੇ। ਮਾਂ ਬਾਪ ਵੀ ਆਪਣੇ ਆਪ ਵਿੱਚ ਇੰਨੇ ਵਿਅਸਤ ਹਨ ਕਿ ਬੱਚਿਆਂ ਨੂੰ ਮੋਬਾਈਲਾਂ ਤੇ ਪਾਲ ਰਹੇ ਹਨ। ਅਜਿਹੇ ਬੱਚੇ ਭਾਵਨਾਤਮਕ ਤੌਰ ਤੇ ਬਹੁਤ ਕਮਜ਼ੋਰ ਹੁੰਦੇ ਹਨ। ਉਹ ਜਦੋਂ ਕਿਸੇ ਦੇ ਮਗਰ ਲੱਗਦੇ ਹਨ ਤਾਂ ਸਭ ਕੁਝ ਭੁੱਲ ਜਾਂਦੇ ਹਨ। ਸ਼ਾਤਰ ਲੋਕ ਇਸੇ ਗੱਲ ਦਾ ਫਾਇਦਾ ਉਠਾਉਂਦੇ ਹਨ। ਇਸ ਵਿੱਚ ਲੜਕੇ ਤੇ ਲੜਕੀਆਂ ਦੋਵੇਂ ਹੀ ਇੱਕੋ ਤਰ੍ਹਾਂ ਪੇਸ਼ ਆ ਰਹੇ ਹਨ। ਇੱਥੇ ਫਰਕ ਲੜਕੇ ਜਾਂ ਲੜਕੀ ਦਾ ਨਹੀਂ ਭਾਵਨਾਤਮਕ ਤੌਰ ਤੇ ਕਮਜ਼ੋਰ ਤੇ ਦੂਜੇ ਨੂੰ ਵਰਗਲਾ ਲੈਣ ਵਾਲੇ ਬੰਦੇ ਵਿੱਚ ਦੀ ਗੱਲ ਹੈ। ਜਿਸ ਨੂੰ ਮੈਨੀਪੁਲੇਟ ਕਰਨਾ ਆ ਗਿਆ ਉਹ ਦੂਸਰੇ ਦਾ ਇਸਤੇਮਾਲ ਕਰਨਾ ਸਿੱਖ ਲੈਂਦਾ ਹੈ।

ਅੱਜ ਦੀ ਪੀੜੀ ਆਪਣੇ ਮਾਂ ਬਾਪ ਨਾਲੋਂ ਟੁੱਟ ਚੁੱਕੀ ਹੈ। ਇਹ ਪੀੜੀ ਸਮਾਜ ਨਾਲ ਤਾਂ ਕਦੇ ਜੁੜੀ ਹੀ ਨਹੀਂ। ਇਸ ਨੂੰ ਆਪਣੇ ਦਾਲੇ ਦੁਆਲੇ ਸਿਰਫ ਉਹੀ ਦਿਸਦਾ ਹੈ ਜੋ ਇਹ ਵੇਖਣਾ ਚਾਹੁੰਦੀ ਹੈ। ਇਹੀ ਕਾਰਨ ਹੈ ਕਿ ਇਹਨਾਂ ਨੂੰ ਸਮਾਜ ਦਾ ਕੋਈ ਡਰ ਨਹੀਂ। ਦੂਸਰੀ ਗੱਲ ਮਾਤਾ ਪਿਤਾ ਨੇ ਅਜਿਹੀ ਆਦਤ ਪਾ ਦਿੱਤੀ ਹੈ ਕਿ ਚੀਜ਼ ਦੀ ਤਾਂਘ ਕਰਨਾ ਨਹੀਂ ਜਾਣਦੇ। ਹਰ ਚੀਜ਼ ਇਹਨਾਂ ਨੂੰ ਇੱਛਾ ਤੋਂ ਪਹਿਲਾਂ ਹੀ ਮਿਲੀ ਹੁੰਦੀ ਹੈ। ਅਜਿਹੇ ਬੱਚਿਆਂ ਵਿੱਚ ਕਬਜ਼ਾ ਕਰਨ ਦੀ ਭਾਵਨਾ ਬਹੁਤ ਹੁੰਦੀ ਹੈ। ਰਾਤੋ ਰਾਤ ਅਮੀਰ ਹੋ ਜਾਣ ਵਾਲੇ ਨੌਜਵਾਨ ਅਕਸਰ ਅਜਿਹੇ ਕਾਰਨਾਮੇ ਕਰ ਗੁਜਰਦੇ ਹਨ ਜੋ ਉਹਨਾਂ ਨੂੰ ਸਾਰੇ ਜ਼ਿੰਦਗੀ ਲਈ ਜੇਲ ਵਿੱਚ ਡੱਕ ਦਿੰਦੇ ਹਨ। ਉਹ ਇਸ ਗੱਲ ਨੂੰ ਸਮਝਦੇ ਹੀ ਨਹੀਂ ਕਿ ਉਹ ਕਿੰਨੀ ਵੀ ਚਲਾਕੀ ਨਾਲ ਜੁਰਮ ਨੂੰ ਅੰਜਾਮ ਦੇਣ ਫੜੇ ਜਰੂਰ ਜਾਂਦੇ ਹਨ। ਅਮੀਰ ਮਾਂ ਬਾਪ ਕਿਸੇ ਨਾ ਕਿਸੇ ਤਰੀਕੇ ਬੱਚੇ ਨੂੰ ਛੁਡਵਾ ਲੈਂਦੇ ਹਨ। ਸਾਡੇ ਦੇਸ਼ ਵਿੱਚ ਕਾਨੂੰਨ ਵਿੱਚ ਚੋਰ ਮੋਰੀਆਂ ਬਹੁਤ ਹਨ। ਜੇਬ ਵਿੱਚ ਪੈਸਾ ਹੋਵੇ ਤਾਂ ਜੋ ਮਰਜ਼ੀ ਕਰਵਾ ਲਓ। ਬਸ ਇਸੇ ਲਈ ਲੋਕਾਂ ਨੂੰ ਕਾਨੂੰਨ ਦਾ ਡਰ ਨਹੀਂ।

ਸਾਨੂੰ ਆਪਣੇ ਬੱਚਿਆਂ ਨੂੰ ਇਹ ਸਮਝਾਉਣਾ ਬਹੁਤ ਜਰੂਰੀ ਹੈ ਕਿ ਸਹੀ ਕੀ ਹੈ ਤੇ ਗਲਤ ਕੀ। ਨੈਤਿਕਤਾ ਦੀ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ। ਇਹ ਨੈਤਿਕਤਾ ਉਹਨਾਂ ਨੇ ਸਾਡੇ ਵਿਹਾਰ ਤੋਂ ਸਿੱਖਣੀ ਹੈ ਸਾਡੀਆਂ ਗੱਲਾਂ ਤੋਂ ਨਹੀਂ। ਬੱਚਿਆਂ ਦੇ ਅੰਦਰ ਹਮਦਰਦੀ ਦੀ ਭਾਵਨਾ ਹੋਣੀ ਬਹੁਤ ਜਰੂਰੀ ਹੈ। ਸੋਚ ਕੇ ਦੇਖੋ ਕਿ ਕਿਸੇ ਲੜਕੀ ਵੱਲੋਂ ਆਪਣੇ ਪਤੀ ਨੂੰ ਮਾਰ ਕੇ ਬੈਡ ਵਿੱਚ ਪਾ ਕੇ ਉਸ ਬੈੱਡ ਦੇ ਉੱਤੇ ਰਾਤ ਨੂੰ ਸੋਇਆ ਜਾਦਾ ਹੈ ਤਾਂ ਉਸਦੀ ਮਨੋਸਥਿਤੀ ਕਿਹੋ ਜਿਹੀ ਹੋਵੇਗੀ। ਅਜਿਹਾ ਸਭ ਜ਼ਿਆਦਾਤਰ ਨਸ਼ੇ ਕਰਕੇ ਹੁੰਦਾ ਹੈ। ਨਸ਼ਾ ਮਨੁੱਖ ਦੀ ਸੋਚਣ ਸਮਝਣ ਦੀ ਸ਼ਕਤੀ ਖੋਹ ਲੈਂਦਾ ਹੈ। ਨਸ਼ੇ ਵਿੱਚ ਮਨੁੱਖ ਉਹ ਕਾਰ ਗੁਜ਼ਰਦਾ ਹੈ ਜਿਸ ਦਾ ਉਸਨੂੰ ਸਾਰੀ ਜ਼ਿੰਦਗੀ ਪਛਤਾਵਾ ਹੁੰਦਾ ਹੈ।

ਇਹਨਾਂ ਘਟਨਾਵਾਂ ਨੂੰ ਸਿਰਫ ਖਬਰਾਂ ਪੜ੍ਹ ਕੇ ਭੁੱਲ ਜਾਣ ਵਾਲਾ ਕੰਮ ਠੀਕ ਨਹੀਂ। ਇਹ ਸਾਡੇ ਸਮਾਜ ਦੀ ਗੰਧਲੀ ਹੋ ਰਹੀ ਸੋਚ ਦਾ ਨਤੀਜਾ ਹੈ। ਸਮਾਜ ਸ਼ਾਸਤਰੀਆਂ ਨੂੰ ਅਤੇ ਸਿੱਖਿਆ ਵਿਗਿਆਨੀਆਂ ਨੂੰ ਵੀ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਮਾਤਾ ਪਿਤਾ ਨੂੰ ਆਪਣੇ ਬੱਚੇ ਦੀ ਪਰਵਰਿਸ਼ ਕਰਦਿਆਂ ਇਹ ਸੋਚਣਾ ਚਾਹੀਦਾ ਹੈ ਕਿ ਉਹਨਾਂ ਨੇ ਬੱਚੇ ਨੂੰ ਕਿਸ ਪਾਸੇ ਵੱਲ ਲਾਉਣਾ ਹੈ। ਮਾਂ ਬਾਪ ਅਧਿਆਪਕ ਤੇ ਬੱਚਾ ਤਿੰਨੋਂ ਧਿਰਾਂ ਮਿਲ ਕੇ ਕੰਮ ਕਰਨ ਤਾਂ ਹੀ ਕੁਝ ਹੋ ਸਕਦਾ ਹੈ। ਸਾਡੇ ਸਮਾਜ ਵਿੱਚ ਹਰ ਵਰਤਾਰਾ ਅਜੀਬ ਜਿਹੀ ਰਾਹ ਤੇ ਤੁਰਿਆ ਹੈ। ਕਿਸੇ ਕਾਲ ਯੂਨੀਵਰਸਿਟੀ ਵਿੱਚ ਦੇਖ ਲਓ ਉਥੋਂ ਦਾ ਮਾਹੌਲ ਤੁਹਾਨੂੰ ਚਿੰਤਿਤ ਕਰ ਦਿੰਦਾ ਹੈ। ਤਰ੍ਹਾਂ ਤਰ੍ਹਾਂ ਦੇ ਕਿੱਸੇ ਅਕਸਰ ਪੜ੍ਹਦੇ ਹਾਂ। ਸਕੂਲਾਂ ਦਾ ਮਾਹੌਲ ਉੱਥੇ ਬੱਚਿਆਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਤੋਂ ਪਤਾ ਲੱਗ ਜਾਂਦਾ ਹੈ। ਇਹ ਠੀਕ ਹੈ ਕਿ ਸਭ ਬੁਰੇ ਨਹੀਂ ਪਰ ਇੱਕ ਖਰਾਬ ਸੇਬ, ਸੇਬਾਂ ਦੀ ਟੋਕਰੀ ਨੂੰ ਖਰਾਬ ਕਰ ਸਕਦਾ ਹੈ। ਇੱਕ ਮਛਲੀ ਸਾਰੇ ਤਾਲਾਬ ਨੂੰ ਗੰਦਾ ਕਰ ਦਿੰਦੀ ਹੈ।


ਹਰਪ੍ਰੀਤ ਕੌਰ ਸੰਧੂ

ਆਪਣੇ ਬੱਚੇ ਦੀ ਪਰਵਰਿਸ਼ ਬੜੀ ਸੰਭਲ ਕੇ ਕਰੋ। ਉਸਦਾ ਆਦਰਸ਼ ਬਣੋ। ਉਸਦੀ ਚੜ੍ਹਦੀ ਉਮਰ ਵਿੱਚ ਉਸਦਾ ਖਿਆਲ ਰੱਖੋ। ਇਹ ਧਿਆਨ ਦਿਓ ਕਿ ਉਹ ਬਹੁਤ ਜਿਆਦਾ ਇਕੱਲਾ ਰਹਿਣਾ ਪਸੰਦ ਤਾਂ ਨਹੀਂ ਕਰਦਾ। ਉਸ ਦੀ ਇਕੱਲਤਾ ਉਸ ਲਈ ਮੁਸੀਬਤ ਬਣੇਗੀ। ਬੱਚੇ ਨੂੰ ਪੈਸੇ ਦੀ ਕੀਮਤ ਸਿਖਾਓ। ਉਸ ਨੂੰ ਦੱਸੋ ਕਿ ਪੈਸਾ ਕਿੰਝ ਕਮਾਇਆ ਜਾਂਦਾ ਹੈ ਤੇ ਕਿੰਝ ਖਰਚਣਾ ਚਾਹੀਦਾ ਹੈ। ਸਿਰਫ ਸਮਾਜ ਵਿੱਚ ਆਪਣੇ ਨਾਂ ਨੂੰ ਉੱਚਾ ਰੱਖਣ ਲਈ ਆਪਣੇ ਬੱਚਿਆਂ ਨੂੰ ਲੋੜ ਤੋਂ ਵੱਧ ਸਹੂਲਤਾਂ ਨਾ ਦਿਓ। ਉਹਨਾਂ ਦੀ ਗਲਤੀ ਤੇ ਉਹਨਾਂ ਨੂੰ ਵਰਜੋ। ਜਿੰਨੀ ਕੁ ਹੋ ਸਕਦੀ ਹੈ ਸਜ਼ਾ ਵੀ ਜਰੂਰ ਦਿਓ।

ਇਹ ਜੋ ਸਾਡੇ ਆਲੇ ਦੁਆਲੇ ਵਾਪਰ ਰਿਹਾ ਹੈ ਇਹ ਬਹੁਤ ਚਿੰਤਾਜਨਕ ਹੈ। ਇਸ ਨੂੰ ਮਹਿਜ਼ ਇੱਕ ਖਬਰ ਸਮਝ ਕੇ ਅਣਦੇਖਿਆ ਨਾ ਕਰੋ।

ਜਰਾ ਜਿੰਨੀ ਗੱਲ ਪਿੱਛੇ ਪਤੀ ਦਾ ਪਤਨੀ ਨੂੰ ਕਤਲ ਕਰ ਦੇਣਾ ਜਾਂ ਪਤਨੀ ਦਾ ਪਤੀ ਨੂੰ ਕਤਲ ਕਰ ਦੇਣਾ ਕੋਈ ਮਾਮੂਲੀ ਗੱਲ ਨਹੀਂ। ਸਹਿਣ ਸ਼ਕਤੀ ਦੀ ਘਾਟ ਇਨੀ ਹੈ ਕਿ ਜਰਾ ਜਿਹੀ ਗੱਲ ਕੋਈ ਕਹਿ ਦੇਵੇ ਤੇ ਮਰਨ ਮਾਰਨ ਤੇ ਉਤਾਰੂ ਹੋ ਜਾਂਦੇ ਹਨ। ਸਹਿਜ ਤੇ ਸਬਰ ਬਹੁਤ ਜਰੂਰੀ ਹੈ। ਰਿਸ਼ਤਿਆਂ ਦੀ ਅਹਿਮੀਅਤ ਦਾ ਬੱਚਿਆਂ ਨੂੰ ਪਤਾ ਹੋਣਾ ਬਹੁਤ ਜਰੂਰੀ ਹੈ। ਸਭ ਤੋਂ ਵੱਡੀ ਗੱਲ ਉਹਨਾਂ ਨੂੰ ਹਾਰਨ ਦਾ ਪਤਾ ਹੋਣਾ ਚਾਹੀਦਾ ਹੈ। ਉਹਨਾਂ ਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਹਾਰ ਨੂੰ ਮਨਜ਼ੂਰ ਕਿਵੇਂ ਕਰਨਾ ਹੈ। ਜਦੋਂ ਬੱਚੇ ਨੂੰ ਆਪਣੀ ਹਾਰ ਨੂੰ ਅਪਣਾ ਲੈਣ ਦੀ ਸਮਝ ਆ ਜਾਵੇ ਤਾਂ ਫਿਰ ਉਹ ਗੈਰ ਕਾਨੂੰਨੀ ਕੰਮ ਨਹੀਂ ਕਰੇਗਾ।

ਬੱਚੇ ਨੂੰ ਭਾਵਨਾਤਮਕ ਤੌਰ ਤੇ ਮੈਚਿਓਰ ਬਣਾਓ। ਉਸਨੂੰ ਇਹ ਦੱਸੋ ਕਿ ਦੂਸਰੇ ਤੇ ਉਸ ਦੀ ਮਰਜ਼ੀ ਨਹੀਂ ਚੱਲੇਗੀ। ਕੋਸ਼ਿਸ਼ ਕਰੋ ਕਿ ਤੁਹਾਡੇ ਘਰ ਵਿੱਚ ਮਾਹੌਲ ਵੀ ਇਹੋ ਜਿਹਾ ਹੋਵੇ ਕਿ ਇੱਕ ਦੂਜੇ ਤੇ ਭਾਵਨਾਤਮਕ ਦਬਾਅ ਨਾਲ ਬਣਾਇਆ ਜਾਵੇ। ਅੱਜ ਸਾਡਾ ਸਮਾਜ ਜਿਸ ਥਾਂ ਤੇ ਖੜਾ ਹੈ ਉਥੇ ਸਾਨੂੰ ਹਰ ਕਦਮ ਫੂਕ ਫੂਕ ਕੇ ਰੱਖਣ ਦੀ ਜਰੂਰਤ ਹੈ। ਅਸੀਂ ਭਾਵਨਾਵਾਂ ਦੇ ਇੱਕ ਅਜਿਹੇ ਜਾਰ ਭਾਟੇ ਦੇ ਨੇੜੇ ਹਾਂ ਜੋ ਕਦੀ ਵੀ ਫਟ ਸਕਦਾ ਹੈ। ਇਹ ਨਿੱਕੀਆਂ ਨਿੱਕੀਆਂ ਘਟਨਾਵਾਂ ਉਸ ਵਿੱਚੋਂ ਨਿਕਲ ਰਿਹਾ ਲਾਵਾ ਹੈ। ਅਜੇ ਵੀ ਮੌਕਾ ਹੈ ਸੰਭਲ ਜਾਓ।

# ਓ ਕਨੇਡਾ ! ਓ ਕਨੇਡਾ

ਸਵਰਗ ਤੂੰ ਜਾਪੇ ਇਸ ਧਰਤੀ ਤੇ,
ਤੇਰਾ ਸਾਡਾ ਸਾਥ ਹੈ ਗੂੜ੍ਹਾ।
ਉੱਡਦੇ ਫਿਰਦੇ ਦਿਨ ਤੇ ਰਾਤੀ,
ਸਾਨੂੰ ਜਾਪੇ ਸੁਪਨ ਪੰਘੂੜਾ।

ਵਿੱਚ ਸਰਦੀਆਂ ਚਿੱਟੀ ਚਾਦਰ,
ਲਿਸ਼ਕੇ ਤੇਰੇ ਚਾਰ ਚੁਫੇਰੇ।
ਵਾਂਗ ਕਬੂਤਰ ਆ ਬਹਿੰਦੇ ਨੇ,
ਬਰਫਾਂ ਪੰਛੀ ਹਰ ਬਨੇਰੇ।

ਚਾਂਦੀ ਰੰਗਾਂ ਦਿਨ ਇਉਂ ਲਿਸ਼ਕੇ,
ਜਿਉਂ ਅੰਬਰਾਂ ਮੁੱਖ ਧੋਤਾ ਮਲ-ਮਲ।
ਤੇਰੇ ਝਰਨੇ ਕੁਦਰਤ ਵੱਸਦੀ,
ਰਹਿੰਦਾ ਵਹਿੰਦਾ ਪਾਣੀ ਕਲ-ਕਲ।

ਗਰਮੀ ਦੇ ਵਿੱਚ ਫੁੱਲ ਖਿੜ ਜਾਂਦੇ,
ਰਾਹੀਂ ਹਰ ਕੋਈ ਮੁੜ-ਮੁੜ ਦੇਖੇ।
ਬਾਬੇ ਨਾਨਕ ਅਸਲੀ ਧਰਤੀ,
ਹਰ ਕਿਰਤੀ ਲਈ ਕਿਰਤਾਂ ਏਥੇ।

ਦਸਾਂ ਨੌਹਾਂ ਦੀ ਹਰ ਕੋਈ ਖਾਵੇ,
ਮਨ ਮਰਜ਼ੀ ਦਾ ਖਾਣਾ-ਪੀਣਾ।
ਸੱਭ ਸੁੱਖ ਮਿਲਦੇ ਇਸ ਧਰਤੀ ਤੇ,
ਜਿੱਦਾਂ ਕੋਈ ਚਾਹੇ ਜੀਣਾ।

ਲੀਡਰ ਵੀ ਨਾ ਲੀਡਰ ਜਾਪਣ,
ਉਹ ਫਿਰਦੇ ਜਿਉਂ ਬਾਕੀ ਸ਼ਹਿਰੀ।
ਲਾਲ ਬੱਤੀ ਨਾ ਹੂਟਰ ਵੱਜਦੇ,
ਅੱਗੇ ਪਿੱਛੇ ਨਾ ਕੋਈ ਕਹਿਰੀ।

ਨਾ ਜੰਤਾਂ ਨੂੰ ਭੀੜਾਂ ਪਾਉਂਦੇ,
ਥਾਂ-ਥਾਂ ਤੇ ਨਹੀਂ ਰਾਹ ਰੁਕਵਾਉਂਦੇ।
ਗਲਤੀ ਜੇਕਰ ਕਰਦਾ ਲੀਡਰ,
ਅਗਲੇ ਦਿਨ ਕੁਰਸੀ ਤੋਂ ਲਾਹੁੰਦੇ।

ਨਾਲ ਨਹੀਂ ਹੈ ਕੁਝ ਵੀ ਜਾਣਾ,
ਜੋੜਨ ਦਾ ਨਹੀਂ ਜੋਗ ਕਮਾਉਂਦੇ।
ਮਾਨਣ ਜੀਵਨ ਸੈਰਾਂ ਕਰਦੇ,
ਹਰ ਪਲ ਖੁਸ਼ੀਆਂ ਵਿੱਚ ਬਿਤਾਉਂਦੇ।

ਕਿਰਤ ਏਥੋ ਦੀ ਪੂਜਾ ਵਾਂਗੂੰ,
ਜੋ ਜੰਮਿਆਂ ਸੋ ਕਰੇ ਕਮਾਈ।
ਸਾਲ ਅਠਾਰਾਂ ਸਰਕਾਰੀ ਖਾਣੇ,
ਮਾਪਿਆਂ ਤਾਂਈ ਬੋਝ ਨਾ ਕਾਈ।

ਹਰ ਕੋਈ ਆਪਣੇ ਪੈਰਾਂ ਉੱਤੇ,
ਮਿਲਦੇ ਨੇ ਸੱਭ ਚਾਂਈ-ਚਾਂਈ।
ਕੋਈ ਕਿਸੇ ਨੂੰ ਘੂਰੇ ਨਾਹੀਂ,
ਮਾਂ-ਬਾਪ ਨਾ ਭੈਣਾਂ-ਭਾਈ।

ਕਹਿੰਦੇ ਇਹ ਘਰ ਤੇਰਾ ਬਾਪੂ,
ਬੱਚੇ ਕਦੇ ਨਾ ਮੱਲਾਂ ਮਾਰਨ।
ਆਪਣੇ ਲਈ ਉਹ ਆਪ ਖਰੀਦਣ,
ਆਜ਼ਾਦੀ ਲਈ ਸੱਭ ਕੁਝ ਵਾਰਨ।

ਓ ਕਨੇਡਾ ! ਤੇਰੇ ਸੁੱਖ ਬਹੁਤੇਰੇ,
ਸਰਕਾਰੀ ਖਰਚੇ ਮਿਲੇ ਦਵਾਈ।
ਬਾਈ ਪਾਸ ਜਾਂ ਹੋਰ ਸਰਜਰੀ,
ਪੱਲਿਉਂ ਲੱਗੇ ਨਾ ਕੋਈ ਪਾਈ।

ਪੈਨਸ਼ਨ ਲੈ ਕੇ ਬਾਬਿਆਂ ਟੌਹਰਾਂ,
ਹੱਥ ਅੱਗੇ ਨਾ ਬੱਚਿਆਂ ਅੱਡਦੇ।
ਖਰਚ-ਪੱਤ ਪੂਰਾ ਚੱਲ ਜਾਂਦਾ,
ਦਸਵੰਧ ਵੀ ਓਸੇ ਵਿੱਚੋਂ ਕੱਢਦੇ।

ਜੇਕਰ ਤੂੰ ਸੁੱਖ ਸਾਨੂੰ ਦਿੱਤੇ,
ਫ਼ਰਜ਼ ਸਾਡੇ ਵੀ ਹੈਗੇ ਭਾਰੀ।
ਕਹਿਰੀ ਅੱਖ ਜੋ ਦੇਖੇ ਤੈਨੂੰ,
ਨਾਲ ਨਾ ਉਸਦੇ ਪਾਈਏ ਯਾਰੀ।

ਜਿਸਨੇ ਪੈਰ ਤੇਰੇ ਤੇ ਪਾਇਆ,
ਧੋ ਦਿੱਤਾ ਸੱਭ ਉਸਦਾ ਧੋਣਾ
ਵਾਹ ਕਨੇਡਾ,ਵਾਹ ਕਨੇਡਾ,
ਤੇਰੇ ਜਿਹਾ ਨਹੀਂ ਕੋਈ ਹੋਣਾ।
ਤੇਰੇ ਜਿਹਾ......।

ਲੇਖਿਕਾ ਹਰਭਜਨ ਕੌਰ ਗਿੱਲ।

# ਹਾਇਕੂ

1)ਰਾਤ ਨੂੰ ਤੁਰੇ
ਪਹਿਣ ਕੇ ਸਾਦਗੀ
ਇਕੱਲਾ ਚੰਨ

2)ਰਾਤ ਹੋ ਗਈ
ਕਾਲੇ ਲਿਬਾਸ ਵਿਚ
ਛਿਪ ਜਾਈਏ

3)ਜੱਟ ਦੀ ਯਾਰੀ
ਕੁਦਰਤ ਨਾਲ ਹੈ
ਨਿਭਾਏ ਸਾਥ

4)ਦਾਦੀ ਰਿੰਨਦੀ
ਮੱਘਰ ਦੀ ਸ਼ਾਮ ਨੂੰ
ਸਰੋਂ ਦਾ ਸਾਗ

5)ਪਿੰਡਾਂ ਦੇ ਕੋਲ
ਬੋਹੜ ਦੀਆਂ ਛਾਂਵਾਂ
ਮੱਝਾਂ ਤੇ ਗਾਵਾਂ

6)ਨਿਭਾ ਕੇ ਸਾਥ
ਰੁੱਖ ਅਤੇ ਮਨੁੱਖ
ਬਲਦੇ ਕੱਠੇ

7)ਨਵੀਂ ਕਲੀ ਹੈ
ਰੁੱਖ ਕੋਮਲ ਤਨ
ਖਿੜੀ ਇਕੱਲੀ

8)ਅੱਗ ਲਗਾਈ
ਜਦ ਜੰਗਲ ਤਾਈਂ
ਬਣੀ ਸਵਾਹ

9)ਗਰਮ ਧੁੱਪ
ਤਨ ਵਿਚੋਂ ਨਿਕਲੇ
ਵੱਗੇ ਪਸੀਨਾ

10)ਖੇਤ ਦਾ ਧੰਦਾ
ਕੰਮ ਕਰੇ ਕਿਸਾਨ
ਆਵੇ ਪਸੀਨਾ

ਕਸ਼ਮੀਰੀ ਲਾਲ ਚਾਵਲਾ
9814814791



# ਆਓ ਹਾਸੇ ਲੱਭ ਲਿਆਈਏ

ਹਾਸਾ ਰੂਹ ਦੀ ਖੁਰਾਕ ਹੈ। ਜ਼ਿੰਦਗੀ ਨੂੰ ਜੇਕਰ ਮਾਨਣਾ ਹੈ ਤਾਂ ਇਸਨੂੰ ਹਾਸੇ ਨਾਲ ਸ਼ਿੰਗਾਰਨਾ ਬਹੁਤ ਜ਼ਰੂਰੀ ਹੈ। ਅਸਲ ਵਿੱਚ ਹਾਸਾ ਇੱਕ ਅਜਿਹਾ ਤੇਲ ਹੈ ਜੋ ਇਨਸਾਨੀ ਸਰੀਰ ਰੂਪੀ ਮਸ਼ੀਨ ਨੂੰ ਸਹੀ ਢੰਗ ਨਾਲ ਚਲਾਉਣ ਲਈ ਬਹੁਤ ਜ਼ਰੂਰੀ ਹੈ। ਕਰਮਾਂ ਵਾਲੇ ਹੁੰਦੇ ਨੇ ਉਹ ਘਰ ਜਿਨਾਂ ਘਰਾਂ ਵਿੱਚ ਹਾਸੇ ਗੂੰਜਦੇ ਹਨ । ਹੱਸਦਾ ਚਿਹਰਾ ਆਖਿਰ ਕਿਸਨੂੰ ਪਸੰਦ ਨਹੀਂ? ਖੁਸ਼ਮਿਜ਼ਾਜ ਇਨਸਾਨ ਆਪਣੇ ਹਾਸੇ ਨਾਲ ਆਪਣਾ ਆਲਾ - ਦੁਆਲਾ ਵੀ ਮਹਿਕਾ ਕੇ ਰੱਖਦੇ ਹਨ। ਖੁਸ਼ਮਿਜ਼ਾਜ ਇਨਸਾਨ ਨਾ ਸਿਰਫ;ਲੰਬੀ ਉਮਰ ਹੀ ਭੋਗਦੇ ਹਨ ਸਗੋਂ ਦੂਸਰਿਆਂ ਨਾਲੋਂ ਵੱਧ ਸਫਲ ਵੀ ਹੁੰਦੇ ਹਨ । ਜੋ ਇਨਸਾਨ ਹਾਲਾਤਾਂ ਨਾਲ ਲੜਨਾ ਤੇ ਹਰ ਤਰ੍ਹਾਂ ਦੇ ਹਾਲਾਤਾਂ ਵਿੱਚ ਖੁਸ਼ ਰਹਿਣਾ ਸਿੱਖ ਜਾਂਦਾ ਹੈ ਉਸਦੀ ਜ਼ਿੰਦਗੀ ਦੀ ਪਰਿਭਾਸ਼ਾ ਹੀ ਬਦਲ ਜਾਂਦੀ ਹੈ ।ਜੋ ਇਨਸਾਨ ਖੁਸ਼ ਰਹਿਣ ਦੀ ਕਲਾ ਸਿੱਖ ਲੈਂਦਾ ਹੈ ਉਹ ਜ਼ਿੰਦਗੀ ਦੇ ਹਰ ਰੰਗ ਨੂੰ ਮਾਣਦਾ ਹੈ। ਸਾਕਾਰਾਤਮਕ ਸੋਚ ਰੱਖਣ ਵਾਲਾ ਇਨਸਾਨ ਹਰ ਸ਼ੈਅ ਵਿੱਚੋਂ ਖੁਸ਼ੀ ਲੱਭਦਾ ਹੈ ਤੇ ਦੂਸਰੇ ਪਾਸੇ ਨਾਕਾਰਾਤਮਕ ਸੋਚ ਵਾਲਾ ਇਨਸਾਨ ਪ੍ਰਮਾਤਮਾ ਦੀਆਂ ਦਿੱਤੀਆਂ ਦਾਤਾਂ ਤੋਂ ਵੀ ਨਾਸ਼ੁਕਰਾ ਹੋ ਜਾਂਦਾ ਹੈ। ਦਿਨ ਵਿੱਚ ਇੱਕ ਵਾਰ ਵੀ ਜੇਕਰ ਇਨਸਾਨ ਬੇਫ਼ਿਕਰੀ ਨਾਲ ਖੁਲ ਕੇ ਹੱਸ ਲਵੇ ਤਾਂ ਉਸਦਾ ਪੂਰੇ ਦਿਨ ਦਾ ਥਕੇਵਾਂ ਦੂਰ ਹੋ ਜਾਂਦਾ ਹੈ। ਅੱਜਕੱਲ੍ਹ ਦੀ ਤਨਾਓ ਭਰੀ ਜ਼ਿੰਦਗੀ ਵਿੱਚ ਤਾਂ ਹਾਸਾ ਹੋਰ ਵੀ ਜ਼ਰੂਰੀ ਹੈ। ਬਹੁਤ ਸਾਰੇ ਲੋਕ ਜ਼ਿੰਦਗੀ ਭਰ ਗੰਭੀਰਤਾ ਦਾ ਬੋਝ ਹੀ ਢੋਹਦੇ ਰਹਿੰਦੇ ਹਨ। ਖਿੜਖਿੜਾ ਕੇ ਹੱਸਣਾ ਤਾਂ ਦੂਰ ਦੀ ਗੱਲ ਉਹ ਮੁਸਕਰਾਉਣਾ ਵੀ ਭੁੱਲ ਜਾਂਦੇ ਹਨ। ਦੂਸਰਿਆਂ ਨੂੰ ਖੁਸ਼ ਕਰਦੇ ਕਰਦੇ ਕਦੋਂ ਉਹ ਆਪਣੀ ਖੁਦ ਦੀ ਖੁਸ਼ੀ ਤੋਂ ਮੁਨਕਰ ਹੋ ਜਾਂਦੇ ਹਨ ਉਨਾਂ ਨੂੰ ਆਪ ਵੀ ਪਤਾ ਨਹੀਂ ਚੱਲਦਾ।

ਉਹ ਇਨਸਾਨ ਜਿਸਨੂੰ ਜ਼ਿੰਦਗੀ ਜਿਉਣੀ ਆ ਜਾਂਦੀ ਹੈ ਉਹ ਛੋਟੀਆਂ-ਛੋਟੀਆਂ ਖੁਸ਼ੀਆਂ ਚੋਂ ਹਾਸੇ ਲੱਭ ਲਿਆਉਂਦਾ ਹੈ । ਖੁਸ਼ੀਆਂ, ਖੇੜੇ, ਹਾਸੇ ਇਹ ਜ਼ਿੰਦਗੀ ਦੀ ਉਹ ਕੀਮਤੀ ਸ਼ੈਅ ਹਨ ਜਿਨਾਂ ਨੂੰ ਧਨ ਦੌਲਤ ਨਾਲ ਵੀ ਖ੍ਰੀਦਿਆ ਨਹੀਂ ਜਾ ਸਕਦਾ।ਇਹ ਸਕੂਨ ਦੀ ਉਹ ਅਵਸਥਾ ਹੈ ਜੋ ਇਨਸਾਨ ਦੇ ਅੰਦਰੋਂ ਉਪਜਦੀ ਹੈ। ਇਹ ਹਾਸੇ, ਖੁਸ਼ੀਆਂ, ਖੇੜੇ ਨਾ ਤਾਂ ਖ੍ਰੀਦੇ ਜਾ ਸਕਦੇ ਹਨ ਤੇ ਨਾ ਹੀ ਵੇਚੇ ਜਾ ਸਕਦੇ ਹਨ ।ਖੁਸ਼ ਹੋਣ ਲਈ ਅਮੀਰ ਹੋਣਾ ਜ਼ਰੂਰੀ ਨਹੀਂ ਸਗੋਂ ਦਿਲਦਾਰ ਹੋਣਾ ਜ਼ਰੂਰੀ ਹੈ।ਇਸੇ ਲਈ ਹਾਸਿਆਂ ਦੀਆਂ ਗੂੰਜਾਂ ਮਹਿਲਾਂ ਚੋਂ ਘੱਟ ਤੇ ਕੁਲੀਆਂ 'ਚੋਂ ਜ਼ਿਆਦਾ ਸੁਣਾਈ ਦਿੰਦੀਆਂ ਹਨ।ਜ਼ਿੰਦਗੀ ਦਾ ਪੰਧ ਬਹੁਤ ਲੰਮੇਰਾ ਹੁੰਦਾ ਹੈ ਤੇ ਇਹ ਇਨਸਾਨ ਦੇ ਆਪਣੇ ਹੱਥ ਵੱਸ ਹੁੰਦਾ ਹੈ ਕਿ ਉਸਨੇ ਜ਼ਿੰਦਗੀ ਰੋ ਕੇ ਕੱਟਣੀ ਹੈ ਜਾਂ ਚੰਗੇ ਮਾੜੇ ਹਾਲਾਤਾਂ ਦਾ ਸਾਹਮਣਾ ਕਰ ਹੱਸ ਕੇ ਗੁਜਾਰਨੀ ਹੈ।

ਹਰ ਸਮੇਂ ਚਿੰਤਾਵਾਂ ਵਿੱਚ ਘਿਰਿਆ ਮਨੁੱਖ ਜ਼ਿੰਦਗੀ ਨੂੰ ਜਿਊਣਾ ਭੁੱਲ ਜਾਂਦਾ ਹੈ ਜਦਕਿ ਜ਼ਿੰਦਗੀ ਬਹੁਤ ਖੂਬਸੂਰਤ ਹੈ।ਜਦੋਂ ਅਸੀਂ ਛੋਟੇ - ਛੋਟੇ ਪਲਾਂ ਨੂੰ ਮਾਨਣਾ ਸਿੱਖਦੇ ਹਾਂ ਤਾਂ ਜ਼ਿੰਦਗੀ ਦੀ ਅਸਲੀ ਪਰਿਭਾਸ਼ਾ ਸਮਝ ਆਉਂਦੀ ਹੈ ।ਰੋ ਕੇ ਕੱਟਣ ਦਾ ਨਾਮ ਨਹੀਂ ਸਗੋਂ ਖੁਲ ਕੇ ਜਿਊਣ ਦਾ ਨਾਮ ਜ਼ਿੰਦਗੀ ਹੈ। ਜੋ ਇਨਸਾਨ ਔਖੀ ਤੋਂ ਔਖੀ ਘੜੀ ਵਿੱਚ ਵੀ ਹੱਸਣਾ ਨਹੀਂ ਭੁੱਲਦਾ ਉਹ ਇਨਸਾਨ ਜ਼ਿੰਦਗੀ ਨੂੰ ਅਸਲ ਵਿੱਚ ਮਾਣ ਸਕਦਾ ਹੈ।ਆਪਣੀ ਜ਼ਿੰਦਗੀ ਵਿੱਚੋਂ ਈਰਖਾ, ਸਾੜਾ ਤੇ ਨਫਰਤ ਖਤਮ ਕਰ ਵੇਖੋ ਜ਼ਿੰਦਗੀ ਫੁੱਲਾਂ ਦੀ ਬਹਾਰ ਲੱਗੇਗੀ। ਜਦੋਂ ਅਸੀਂ ਕਿਸੇ ਨਾਲ ਈਰਖਾ ਕਰਦੇ ਹਾਂ ਕਿਸੇ ਲਈ ਆਪਣੇ ਅੰਦਰ ਨਫਰਤ ਪਾਲਦੇ ਹਾਂ ਤਾਂ ਅਸੀਂ ਕਿਸੇ ਦੂਸਰੇ ਦਾ ਨਹੀਂ ਸਗੋਂ ਆਪਣਾ ਹੀ ਨੁਕਸਾਨ ਕਰ ਰਹੇ ਹੁੰਦੇ ਹਾਂ ਕਿਉਂਕਿ ਸਿਆਣੇ ਆਖਦੇ ਹਨ ਕਿ ਤੌੜੀ ਸੜ ਕੇ ਆਪਣੇ ਹੀ ਕੰਢੇ ਸਾੜਦੀ ਹੈ।

ਦੂਸਰੇ ਪਾਸੇ ਨਫਰਤ ਨੂੰ ਛੱਡ ਜੇਕਰ ਅਸੀਂ ਪਿਆਰ ਵੰਡਾਂਗੇ ਤਾਂ ਸਾਡੀ ਆਪਣੀ ਝੋਲੀ ਵੀ ਪ੍ਰਮਾਤਮਾ ਖੁਸ਼ੀਆਂ ਖੇੜਿਆਂ ਨਾਲ ਭਰ ਦੇਵੇਗਾ ।ਕੁਦਰਤ ਦਾ ਇੱਕ ਨਿਯਮ ਹੈ ਕਿ ਜੋ ਵੀ ਅਸੀਂ ਉਸਨੂੰ ਦਿੰਦੇ ਹਾਂ ਉਹ ਉਹੀ ਸਾਨੂੰ ਵਾਪਿਸ ਕਰਦੀ ਹੈ।ਸੋ ਜੇਕਰ ਅਸੀਂ ਖੁਸ਼ੀਆਂ ਖੇੜੇ, ਪਿਆਰ, ਮੁਹੱਬਤ ਇਸ ਸਮਾਜ ਵਿੱਚ ਵੰਡਾਂਗੇ ਤਾਂ ਸਾਡੀ ਝੋਲੀ ਵੀ ਹਮੇਸ਼ਾ ਖੁਸ਼ੀਆਂ ਖੇੜਿਆਂ ਨਾਲ ਹੀ ਭਰੀ ਰਹੇਗੀ ।ਇਸ ਲਈ ਕੋਸ਼ਿਸ਼ ਕਰੋ ਜਿੱਥੇ ਖੁਸ਼ੀਆਂ ਬਿਖੇਰ ਸਕੋ ਜ਼ਰੂਰ ਬਿਖੇਰੋ, ਹਾਸੇ ਵੰਡ ਸਕੋ ਤਾਂ ਜ਼ਰੂਰ ਵੰਡੋ ਕਿਉਂਕਿ ਹੱਸਦਿਆਂ ਦੇ ਹੀ ਘਰ ਵੱਸਦੇ ਹੁੰਦੇ ਹਨ।


ਜਸਪ੍ਰੀਤ ਕੌਰ ਸੰਘਾ।

# ਅਨਪਰਵਾਸੀ

ਜਿਸ ਦੇਸ਼ ਦਾ ਅੰਨਜਲ ਛਕ ਕੇ
ਬੱਚੇ ਜਿੱਥੇ ਉਪਜਾਈਏ,
ਉਹ ਦੇਸ਼ ਬਿਦੇਸ਼ ਨਹੀਂ ਹੁੰਦਾ
ਪਰਵਾਸੀ ਨਹੀਂ ਕਹਾਈਏ।

ਬ੍ਰਹਿਮੰਡ ਅੱਖ 'ਚੇ ਧਰਤੀ ਮਾਂ
ਇੱਕ ਬਿੰਦੀ ਤੋਂ ਛੋਟੀ,
ਕੀ ਉੱਥੇ ਕੀ ਇੱਥੇ ਮਾਂ ਜੋ
ਪਰਾਈ ਨਾ ਦਰਸਾਈਏ।

ਸਾਡੀ ਜਨਮ-ਭੂਮੀ ਦੇ ਜਾਏ
ਸਾਨੂੰ ਦੱਸਣ ਆਏ,
ਅਸੀਂ ਆਪਣੇ ਦੇਸ਼ ਕਮਾਏ
ਵਿੱਚ ਪਰਵਾਸ ਹੰਢਾਈਏ।



ਕਹਿੰਦੇ ਸਾਡੇ ਆਪਣੇ ਮਨ ਖੁਦ
ਵਿੱਚ ਅਤੀਤ ਦੇ ਵਸਦੇ,
ਪ੍ਰਵਾਸੀਆਂ ਵਾਂਗੂੰ ਮਾਤ-ਭੂਮੀ 'ਚੇ
ਵਰਤਮਾਨ ਬਿਤਾਈਏ।

ਬ੍ਰਹਿਮੰਡ ਜਾਇਆ ਧਰਤੀ ਉੱਪਰ
'ਪਰਖ਼ਾ' ਅਨਪਰਵਾਸੀ,
ਕਹਿੰਦਾ 'ਬ੍ਰਹਿਮੰਡ-ਵਾਸ' ਸਕੂਲੇ
'ਪਰਵਾਸ' ਨੂੰ ਪੜ੍ਹਨੇ ਪਾਈਏ।

ਡਾ. ਸੁਖਪਾਲ ਸੰਘੇੜਾ ਓਰਫ ਪਰਖ਼ਾ

# ਪੰਜਾਬੀ ਕਲਾਕਾਰਾਂ ਦੀ ਹੋਂਦ,
## ਭਾਸ਼ਾ, ਫਰਜ਼ ਅਤੇ ਚਿੰਤਨ



ਦਲਜੀਤ ਦਾ ਜਨਮ 1984 ਦਾ ਹੋਣ ਕਰਕੇ ਆਪਣੇ ਵਿੱਚ ਪੰਜਾਬ ਨਾਲ ਹੋਈ ਬੇਇੰਨਸਾਫੀ ਦੀ ਚੀਸ ਲੈ ਕੇ ਕਿਤੇ ਨਾ ਕਿਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਵਿੱਚ ਡਰ, ਭਉ ਤੋ ਮੁਕਤ ਰਹਿ ਕੇ ਚਰਚਾ ਦਾ ਵਿਸ਼ਾ ਬਣਦਾ ਰਹਿੰਦਾ ਹੈ।

ਦਲਜੀਤ ਦੋਸਾਂਝ ਦੀ ਫਿਲਮ ਸਰਦਾਰ ਜੀ 3 ਦਾ ਭਾਰਤੀ ਮੀਡੀਏ ਸਮੇਤ ਭਾਰਤ ਵਿੱਚ 2014 ਦੇ ਬਾਅਦ ਵਾਲੇ ਰਾਸ਼ਟਰਵਾਦੀਆਂ ਵੱਲੋ ਵਾਦ-ਵਿਵਾਦ ਬਣਾਇਆ ਗਿਆ। ਵਿਰੋਧ ਕੇਵਲ ਪਾਕਿਸਤਾਨੀ ਐਕਟਰਸ ਨਾਲ ਫਿਲਮ ਕਰਨਾ ਕੇਂਦਰ ਬਿੰਦੂ ਲੱਗਦਾ ਹੈ। ਪਰ ਇਸ ਪਿਛੇ ਦਿੱਖ, ਅਦਿਖ ਨਫਰਤ ਹੈ ਜੋ ਪੱਗ ਦੇ ਵਿਰੋਧ ਵਿੱਚ ਖੜੀ ਦਿਸਦੀ ਹੈ। ਪੰਜ ਸਦੀਆ ਦੇ ਵੈਰ ਹੁਣ ਛੇਵੀ ਸਦੀ ਵਿੱਚ ਪਹੁੰਚਣ ਵਾਲਾ ਹੈ। ਦਲਜੀਤ ਭਾਵੇ ਕਿ ਇਕ ਗਾਇਕ ਦੇ ਤੌਰ ਤੇ ਉਭਰਿਆ ਹੈ ਪਰ ਕਲਾ ਰਾਹੀ ਇਕ ਬਹੁਤ ਵੱਡੀ ਮਿਸਾਲੀ ਉਦਾਹਰਣ ਪੇਸ਼ ਕਰਨ ਵਿੱਚ ਕਾਮਯਾਬ ਹੋਇਆ ਹੈ ਕਿਵੇ ਇਕ ਪੱਗ ਬੰਨ ਕੇ ਦੁਨਿਆਂ ਦੇ ਵੱਡੇ ਮੰਚਾਂ ਤੇ ਕਲਾ ਰਾਹੀ ਪੰਜਾਬੀ ਭਾਸ਼ਾ ਨੂੰ ਸਨਮਾਨ ਦੇਣ ਦੇ ਨੋਬਲੀ ਕੰਮ ਕੀਤੇ ਜਾ ਸਕਦੇ ਹਨ। ਕਈ ਅਣਕਿਆਸੇ, ਅਣਛੋਹੇ ਵਿਸ਼ਿਆਂ ਤੇ ਫਿਲਮਾਂ ਬਣਾ ਕੇ ਸਿੱਖਾਂ ਅਤੇ ਪੰਜਾਬ ਨਾਲ ਹੋਏ ਧੱਕੇ, ਅਨਿਆ, ਬੇਇੰਨਸਾਫੀਆਂ ਦਾ ਦੁਨਿਆਂ ਸਾਹਮਣੇ ਉਗੜਵਾਂ ਰੂਪ ਪੇਸ਼ ਕੀਤਾ ਹੈ।

" ਸਰਦਾਰ ਜੀ 3 " ਫਿਲਮ ਆਮ ਫਿਲਮਾਂ ਵਰਗੀ ਹੀ ਹੋਵੇਗੀ। ਜਿਸ ਦੇ ਹੱਕ ਜਾਂ ਵਿਰੋਧ ਦਾ ਕੋਈ ਕਾਰਨ ਬਣਦਾ ਹੋਵੇ। ਪਰ ਕਿਉ ਕਿ ਦਲਜੀਤ ਨੇ ਜੋ ਕੁਝ ਗਾਣਿਆ ਅਤੇ ਫਿਲਮਾਂ ਰਾਹੀ ਪੰਜਾਬ ਤੇ ਵਾਪਰੀਆਂ ਕਹਿਰ ਕਹਾਣੀਆਂ ਦੀ ਸਹੀ ਪੇਸ਼ਕਾਰੀ ਨੂੰ ਵੱਡਾ ਪਲੇਟਫਾਰਮ ਦਿੱਤਾ ਹੈ। ਦਲਜੀਤ ਨੇ ਆਪਣੇ ਕੰਮ ਕਰਨ ਅਤੇ ਆਪਣੀ ਪੱਗ ਵਾਲੀ ਦਿੱਖ ਨੂੰ ਵੱਖਰੀ ਪਹਿਚਾਣ ਦੇਣ ਵਿੱਚ ਦੁਨਿਆਂ ਨੂੰ ਸਤਿਕਾਰੀ ਜੁਬਾਨ ਦਿੱਤੀ ਹੈ। ਉਸ ਦਾ ਪੰਜਾਬੀ ਅਤੇ ਹਿੰਦੀ ਫਿਲਮਾਂ ਵਿੱਚ ਪੱਗਾਂ ਬੰਨ ਕੇ ਕਲਾਕਾਰੀ ਕਰਨ ਦੀ ਨਵੀ ਪਿਰਤ ਨੂੰ ਪੱਗ ਪ੍ਰੀ ਆਦਰ ਮਿਲਿਆ ਹੈ। ਅਭਿਨੇ ਕਰਨ ਵਿੱਚ ਆਪਣਾ ਲੋਹਾ ਮਨਵਾਇਆ ਹੈ। ਇਸ ਨਾਲ ਗਲਤ ਢੰਗ ਨਾਲ ਸਿੱਖ ਕਿਰਦਾਰਾਂ ਦੀ ਪੇਸ਼ਕਾਰੀ ਕਰਨ ਨੂੰ ਵੀ ਠੱਲ ਪਈ ਹੈ।

ਦਲਜੀਤ ਨੇ ਗਾਇਕੀ ਅਤੇ ਕਲਾ ਦੇ ਖੇਤਰ ਵਿੱਚ ਵੱਡੀ ਮੱਲ ਮਾਰੀ ਹੈ। ਇਸ ਦੇ ਦਿਲ-ਲੁਮਿਨਓਟਿ ਟੂਰ ਨੇ ਦੁਨਿਆਂ ਵਿੱਚ ਪੰਜਾਬੀ ਸੰਗੀਤ ਦੀ ਨਵੀ ਪਹਿਲ ਨੂੰ ਨਵੀ ਦਿਸ਼ਾ ਦਿੱਤੀ ਹੈ। ਅਤੇ ਅਸਲ ਹੋਂਦ ਨੂੰ ਵੀ ਪੈਰਾ ਸਿਰ ਕੀਤਾ ਹੈ। ਪਹਿਚਾਣ ਨੂੰ ਸਹੀ ਦਿਸ਼ਾ ਮਿਲੀ ਹੈ। ਪੰਜਾਬੀ ਦੀ ਪਹੁੰਚ ਨੂੰ ਪਿੰਡਾਂ ਦੀਆਂ ਪਗਡੰਡੀਆਂ ਤੋ ਦੁਨਿਆਂ ਦੇ ਵੱਡੇ ਮਾਰਗਾਂ ਤੇ ਲੈ ਆਂਦਾ ਹੈ। ਜਿਸ ਦੀ ਰਫਤਾਰ ਮਾਪਣ ਲਈ ਦੂਜੀਆਂ ਭਾਰਤੀ ਜੁਬਾਨਾਂ ਨੂੰ ਖਾਸ ਕਰਕੇ ਲੰਮੀ ਲਕੀਰ ਖਿਚਣੀ ਪਵੇਗੀ। ਕਿਸੇ ਭਾਸ਼ਾ ਦਾ ਘੇਰਾ ਉਸ ਦੀਆਂ ਅਸੀਮ ਜਿਉਣ ਸ਼ਕਤੀ ਨਾਲ ਵੱਡਾ ਪਿੜ ਮੱਲਣਾ ਹੈ। ਜੋ ਪੰਜਾਬੀ, ਗੁਰਮੁੱਖੀ ਵਿੱਚ ਪਿਆ ਹੈ। ਪੰਜਾਬੀ ਗੁਰੂ-ਵੱਡੀਆਈ ਦੀ ਛੋਹ ਵਿੱਚੋ ਆਈ ਹੋਈ ਹੈ। ਉਸ ਦੇ ਰੋਕੇ ਜਾਦੇ ਰਾਹਾਂ ਨੂੰ ਵਿਦਵਤਾ ਦੇ ਅੱਥਰੇ ਹੜਾਂ ਦੀਆਂ ਛੱਲਾਂ ਨੇ ਸਰਹੱਦਾਂ ਨੂੰ ਪਾਰ ਕਰਨਾਂ ਹੀ ਹੈ। ਜੇ ਸਿੱਖ ਧਰਮ ਸਰਬੱਤ ਦੀ ਖੈਰ ਮੰਗਦਾ ਹੈ ਤਾਂ ਪੰਜਾਬੀ ਜੁਬਾਨ ਅਤੇ ਭਾਸ਼ਾ ਦਾ ਪਸਾਰਾ ਵੀ ਬਿਨਾਂ ਸਰਹੱਦੀ ਹੈ।

ਦਲਜੀਤ ਵੱਲੋ ਐਪਰੇਲ ਮਹੀਨੇ ਅਮਰੀਕਾ ਦੇ ਲਾਸ ਏਂਜਲਸ ਵਿੱਚ ਲੱਗਦੇ ਸੰਸਾਰ ਪੱਧਰੀ ਸੰਗੀਤ ਮੇਲੇ " ਕੋਚੀਲਾ " ਵਿੱਚ ਸ਼ਮੂਲੀਆਤ ਕਰਕੇ ਵੱਡੀ ਪੁਲਾਂਘ ਪੁੱਟੀ ਸੀ। ਪਹਿਲੇ ਪੰਜਾਬ ਗਾਇਕ ਨੂੰ ਐਨੀ ਵੱਡੀ ਸਟੇਜ਼ ਮਿਲੀ ਸੀ। 2020 ਵਿੱਚ ਬਿਲਲਬੋਰਦ ਮੈਗਜ਼ੀਨ ਵਿੱਚ ਆਪਣੀ ਥਾਂ ਬਣਾਉਣ ਵਿੱਚ ਕਾਮਯਾਬ ਹੋਇਆ ਸੀ।

ਦਲਜੀਤ ਨੇ ਮੈਟ ਗੈਲਾ ਵਿੱਚ ਰੇਪ ਵਾਕ ਵੇਲੇ ਪੱਗ, ਸ਼੍ਰੀ ਸਾਹਿਬ, ਪੰਜਾਬ ਦਾ ਨਕਸ਼ਾ, ਪੈਂਤੀ ਅੱਖਰੀ ਪੰਜਾਬੀ ਅਤੇ ਸਿੱਖ ਸ਼ਾਹੀ ਪਹਿਰਾਵੇ ਨੂੰ ਦੁਨਿਆਂ ਵਿੱਚ ਵੱਡੀ ਪਹਿਚਾਣ ਦਿੱਤੀ ਹੈ। ਉਹ ਦੱਸਦਾ ਭਾਵਕ ਹੋ ਜਾਦਾ ਹੈ, ਕਿ " ਮੈਨੂੰ ਆਪਣੀ ਪਹਿਚਾਣ ਨਾਲੋ ਆਪਣੇ ਵਿਰਸੇ ਦੀ ਪਹਿਚਾਣ ਕਰਨ ਦਾ ਵਾਹਿਗੁਰੂ ਨੇ ਮੌਕਾ ਦਿੱਤਾ ਹੈ । .... ਉਥੇ ਮੈ ਨਹੀ ਜਾ ਰਿਹਾ ,...ਪੱਗ ਜਾ ਰਹੀ ਹੈ "।

ਸਿੱਧੂ ਮੁਸੇਵਾਲੇ ਦੀ ਦੁਨਿਆ ਵਿੱਚ ਰੈਪ ਸੰਗੀਤ ਵਿੱਚ ਪਾਈ ਲੀਹ ਨੂੰ ਦਲਜੀਤ ਦੋਸਾਂਝ ਨੱਪਣ ਵਿੱਚ ਕਾਮਯਾਬ ਹੋਇਆ ਹੈ। ਮੁਸੇਵਾਲੇ ਦੀ ਮੌਤ ਤੋ ਬਾਅਦ ਸੰਸਾਰ ਭਰ ਵਿੱਚ ਪੰਜਾਬੀ ਦੀ ਅਸਲ ਪਹਿਚਾਣ ਮਿਲਣ ਦੀ ਪੈੜ ਬੱਝੀ ਸੀ। ਪੰਜਾਬ ਦੇ ਇਕ ਛੋਟੇ ਖਿੱਤੇ ਪੰਜਾਬ ਵਿੱਚੋ ਉਠ ਕੇ ਦੁਨਿਆਂ ਦੇ ਪਹਿਲੀ ਕਤਾਰ ਦੇ ਗਾਇਕਾ ਵਿੱਚ ਖੜੇ ਹੋਣਾ ਇਹਨਾਂ ਦੋਵਾਂ ਗਾਇਕਾ ਦੇ ਹਿਸੇ ਹੀ ਆਇਆ ਹੈ। ਇਸ ਤਰਜ਼ ਤੇ ਚਲਣ ਵਾਲੇ ਗਾਇਕਾ, ਕਲਾਕਾਰਾ ਲਈ ਵੀ ਭਵਿੱਖ ਸੁਨਿਹਰੀ ਹੋ ਸਕਦਾ ਹੈ।

ਦਲਜੀਤ ਦੇ ਹੌਸਲੇ ਅਤੇ ਦ੍ਰਿੜਤਾ ਨੂੰ ਸਲਾਮ ਹੋ ਰਹੀ ਹੈ। ਕਈ ਪੰਜਾਬੀ ਕਲਾਕਾਰਾਂ ਨੇ ਉਸ ਦਾ ਇਰਖਾ ਵੱਸ ਵਿਰੋਧ ਕੀਤਾ ਹੈ ਜੋ ਵਾਜ਼ਬ ਨਹੀ ਸੀ। ਅਜਿਹੇ ਲੋਕਾਂ ਦਾ ਰਾਸ਼ਟਰਵਾਦ ਵੀ ਇਕ ਡਰ ਭਉ ਵਿੱਚੋ ਨਿਕਲ ਰਿਹਾ ਸੀ। ਅਜਿਹਾਂ ਬੇਲੋੜਾ ਵਿਰੋਧ ਸ਼ਾਇਦ ਇਹਨਾਂ ਲਈ ਚੰਗੀ ਰਾਏ ਨਾ ਪੈਦਾ ਕਰ ਸਕੇ। .... ਜਿਵੇ ਪੰਜਾਬੀ ਪ੍ਰੀ ਦਿਤੇ ਪ੍ਰੀਕਰਮ ਦਾ ਗੁਰਦਾਸ ਮਾਨ ਨੂੰ ਮਾੜੇ ਸਮੇ ਵਿੱਚੋ ਨਿਕਲਣਾ ਪੈ ਰਿਹਾ ਹੈ। ਭਵਿੱਖ ਤਬਾਹ ਹੋ ਗਿਆ ਹੈ। ਉਸ ਦੁਆਰਾ ਗਾਏ ਗੀਤ... " ਲੱਖ ਪਰਦੇਸੀ ਹੋਏ ਆਪਣਾ ਦੇਸ਼ ਨਹੀਂ ਭੰਡੀ ਦਾ, ਜਿਹੜੇ ਮੁਲਕ ਦਾ ਖਾਈਏ ਉਹਦਾ ਬੁਰਾ ਨਹੀਂ ਮੰਗੀਦਾ " ....ਪਰ ਉਸ ਜੁਬਾਨ, ਭਾਸ਼ਾ ਬਾਰੇ ਵੀ ਮੰਦਾ ਨਹੀ ਬੋਲਣਾ ਚਾਹਿਦਾ, ਜੋ ਤੁ ਜਿਸ ਨੇ ਤੁਹਾਡੀ ਸ਼ਖਸੀਅਤ ਨੂੰ ਬਣਾਇਆ ਹੋਵੇ। ਰਹਿਤ ਜੁਬਾਨ ਨੂੰ ਸਾਂਝਾਂ ਵਧਾਉਣ ਲਈ ਯਤਨਸ਼ ਰਹਿਣਾ ਚਾਹਿਦਾ ਹੈ। ਨਾ ਕਿ ਪੈਸੇ ਕਮਾਉਣ ਦਾ ਕੇਵਲ ਇਕ ਜਰੀਆ ਮੰਨਣਾ ਚਾਹਿਦਾ ਹੈ। ਲੋਕ ਕਲਾਕਾਰਾਂ ਨੂੰ ਵੀ ਲੋਕ ਹੱਕਾਂ ਲਈ ਖੜੇ ਹੋਣਾ, ਰਾਏ ਦੇਣਾ ਅਤੇ ਜਿੰਮੇਵਾਰ ਹੋਣ ਦੀ ਸ਼ਾਹਦੀ ਮੰਗਦੇ ਹਨ। ਜਿਵੇ ਦਿੱਲੀ ਕਿਸਾਨ ਮੋਰਚੇ ਵੇਲੇ ਗਾਇਕ ਕੰਵਰ ਗਰੇਵਾਲ, ਹਰਭਜਨ ਮਾਨ, ਹਰਫ ਚੀਮਾ, ਪੰਮੀ ਬਾਈ, ਅਦਾਕਾਰਾ ਨਿਰਮਲ ਰਿਸ਼ੀ, ਸੀਮਾ ਕੌਂਸਲ, ਸੁਨੀਤਾ ਧੀਰ, ਰੁਪਿੰਦਰ ਰੁਪੀ, ਗੁਰਪ੍ਰੀਤ ਕੌਰ ਭੰਗੂ, ਸਰਦਾਰ ਸੋਹੀ, ਬਿੰਨੂ ਢਿੱਲੋਂ , ਕਰਮਜੀਤ ਅਨਮੋਲ , ਗੁਰਪ੍ਰੀਤ ਘੁੱਗੀ ,ਮਲਕੀਤ ਰੌਣੀ , ਯੋਗਰਾਜ

ਸਣੇ ਬਹੁਤ ਕਲਾਕਾਰਾਂ ਨੇ ਸ਼ਾਮਲ ਹੋ ਕੇ ਹੱਕੀ ਮੰਗਾਂ ਦੀ ਪ੍ਰੋੜਤਾ ਕੀਤੀ ਸੀ।

ਗਾਇਕ ਦਲਜੀਤ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਲੰਮਾ ਕਰਦਿਆਂ ਹੋਰ ਲੰਮੀ ਉਮਰ ਦੇਣ ਵਿੱਚ ਕਾਮਯਾਬ ਹੋਇਆ ਹੈ। ਵੱਡੇ ਮੰਚਾਂ ਨੂੰ ਸੁਚੱਜਤਾ ਨਾਲ ਵਰਤਿਆ ਹੈ। ਭਾਰਤ ਵਿੱਚ ਫਿਲਮ ਦੇ ਬਾਈਕਾਟ ਦੇ ਪ੍ਰਪੋਗੰਡੇ ਦਾ ਜਿਸ ਦਲੇਰੀ ਨਾਲ ਦਲਜੀਤ ਨੇ ਜੁਆਬ ਦਿੱਤਾ ਹੈ ਉਹ ਕਿਸੇ ਪੰਜਾਬੀ ਦੀ ਆਪਣੇ ਗੁਰੂ ਸਿਧਾਤੀ ਫਲਸਫੇ ਨਿਆਈ ਹੈ।

" ਜੁਅਰਤ ਜਮਾਲ ਹੈ
ਮਮ ਜੁਰਤ ਨਾਹਿਨ ਏਤਨੀ "

ਦਲਜੀਤ ਆਪਣੀ ਨਿਰਭਉ ਦੀ ਬਿਰਤੀ ਵਿੱਚੋ " ਪੰਜਾਬ 84 " ਅਤੇ ਜਸਵੰਤ ਸਿੰਘ ਖਾਲੜਾ ਤੇ " ਪੰਜਾਬ 95 " ਫਿਲਮਾਂ ਬਣਾਕੇ ਵੱਡੀ ਜੁਅਰਤੀ ਕੰਮ ਕੀਤੇ ਹਨ। " ਸੱਜਣ ਸਿੰਘ ਰੰਗਰੂਟ " ਪਹਿਲੀ ਸੰਸਾਰ ਜੰਗ ਤੇ ਇਤ੍ਹਾਸਕ ਫਿਲਮ ਵਿੱਚ ਸਿੱਖਾਂ ਦੇ ਯੋਗਦਾਨ ਦੀ ਆਉਣ ਵਾਲੇ ਸਮੇ ਵਿੱਚ ਇਕ ਮਿਆਰੀ ਫਿਲਮ ਹੈ। ਸਿੱਖਾਂ ਦੇ ਕਿਰਦਾਰ ਦੀ ਅਹਿਮੀਅਤ ਨੂੰ ਨਿਖਾਰਿਆ ਹੈ। ਸਿੱਖਾਂ ਉਪਰ ਮਜ਼ਾਕ, ਭੱਦੇ ਡਾਇਲਾਗ, ਟੋਪੀਨੁਮਾਂ ਪੱਗਾਂ ਵਾਲੇ ਕ੍ਰਿਦਾਰਾਂ ਨੂੰ ਪੇਸ਼ ਕਰਨ ਵਾਲਿਆਂ ਦੀ ਜੁਬਾਨ ਬੰਦ ਕੀਤੀ ਹੈ। ਉਸ ਨੇ ਪੇਸ਼ ਕੀਤਾ ਹੈ ਕਿ ਮਾਡਰਨ ਸਮਾਜ਼ ਵਿੱਚ ਪੱਗ ਨਾਲ ਵਿਚਰਨ ਲਈ ਲਿਬਾਸਾਂ ਦੀ ਚੋਣ ਕਿਵੇ ਕੀਤੀ ਜਾ ਸਕਦੀ ਹੈ ਜੋ ਸਹਿਜ ਅਤੇ ਨਵਾਬੀ ਲੱਗੇ। ਜੋ ਸਮਾਂ ਅਤੇ ਸੰਗਤ ਅਨੁਕੂਲ ਲੋਕਾਂ ਵਿੱਚ ਬੈਠਣ ਵਿੱਚ ਸਭਿਆਕ ਲੱਗੇ ਅਤੇ ਸਮੇ ਨਾਲ ਅੱਗੇ ਵਧੇ।

ਦਿੱਲੀ ਕਿਸਾਨ ਮੋਰਚੇ ਵਿੱਚ ਇਕ ਕਰੋੜ ਦਾ ਦਾਨ ਦੇ ਕੇ ਮੋਰਚੇ ਨੂੰ ਕਾਮਯਾਬ ਕਰਨ ਵਿੱਚ ਹਿਸਾ ਪਾਇਆ। ਭਾਈ ਗੁਰਬਖਸ਼ ਸਿੰਘ ਵੱਲੋ ਬੰਦੀ ਸਿੱਖ ਕੈਦੀਆਂ ਦੀ ਰਿਹਾਈ ਲਈ ਲਾਏ ਧਰਨੇ ਵਿੱਚ ਵੀ ਪਹੁੰਚ ਕੇ ਆਪਣੀ ਇਮਦਾਦ ਅਤੇ ਸਪੋਰਟ ਦਿੱਤੀ ਸੀ। ਅੱਜ ਦਲਜੀਤ ਦੇ ਨਾਂ ਨੂੰ ਕਨੈਡਾ ਦੇ ਵਿੱਚ ਇਕ ਸਬਜੈਕਟ ਤੇ ਤੌਰ ਤੇ ਪੜਾਇਆ ਜਾਣਾ ਸੁਰੂ ਹੋਇਆ ਹੈ। ਪੰਜਾਬੀ ਭਾਸ਼ਾ, ਉਸ ਦੇ ਪਿਛੋਕੜ, ਕੰਮ ਕਰਨ ਦੀ ਵਿਦਵਤਾ, ਸਮਰਪਣ, ਵੱਡੀ ਕਾਮਯਾਬੀ ਦੀ ਪੁਲਾਂਘ ਆਦਿ ਉਸ ਦੇ ਜੀਵਨ ਤੇ ਕੇਂਦਰ ਵਿਸ਼ਾ ਹੋਵੇਗਾ। ਸੋ ਇਹ ਦਲਜੀਤ ਦਾ ਆਪਣੇ ਆਪ ਵਿੱਚ ਪੰਜਾਬ ਨਾਲ ਜੁੜੇ ਹੋਣ ਦੇ ਕਾਰਜ ਕਾਰਨ ਹੈ।

ਪੰਜਾਬੀ ਭਾਸ਼ਾ ਵੀ ਕਿਤੇ ਨਾ ਕਿਤੇ ਵਰਤਮਾਨ ਭਾਰਤੀ ਹਕੂਮਤੀ ਦੇ ਨਵੇ ਰਾਸ਼ਟਰਵਾਦ ਨੂੰ ਰਾਸ ਨਹੀ ਆ ਰਹੀ। ਗੈਰ ਹਿੰਦੂ ਧਰਮਾਂ ਦੇ ਲੋਕਾਂ ਦੀਆਂ ਫਿਲਮਾਂ, ਗਾਣੇਆਂ ਤੇ ਪਾਬੰਦੀਆਂ ਲਾਈਆ ਜਾ ਰਹੀਆਂ ਹਨ। ਇਥੋ ਤੱਕ ਕਿ ਕੰਮ ਧੰਦਿਆਂ ਤੇ ਵੀ ਜਾਤੀ ਨਾ ਲਿਖਣ ਦੇ ਫੁਰਮਾਨ ਜਾਰੀ ਕਰਨ ਵਰਗੀ ਨਫਰਤ ਪੈਦਾ ਕੀਤੀ ਜਾ ਰਹੀ ਹੈ।

ਅੱਜ ਦੇ ਪ੍ਰਾਪੋਗੰਡੇ ਦਾ ਦਲਜੀਤ ਦੀ ਕਲਾ ਅਤੇ ਸੰਗੀਤ ਵਿੱਚ ਪੰਜਾਬੀ ਦੇ ਉਭਾਰ ਅਤੇ ਸਿੱਖ ਕਿਰਦਾਰ ਦੀ ਦਿੱਖ ਨੂੰ ਹਿੰਦੂਤਵੀਆਂ ਵੱਲੋ ਬਰਦਾਸ਼ਤ ਕਰਨਾ ਔਖਾ ਹੋਇਆ ਪਿਆ ਹੈ। ਦਲਜੀਤ ਵਰਗਾ ਇਕ ਸਧਾਰਨ ਵਿਆਕਤੀ ਆਪਣੀ ਕਲਾ ਰਾਹੀ ਦੁਨਿਆਂ ਵਿੱਚ ਪੱਗ ਨਾਲ ਇਕ ਵੱਡੀ ਪਹਿਚਾਣ ਬਣਾ ਸਕਿਆ ਹੈ। ਆਪਣੇ ਪ੍ਰੋਗਰਾਮਾਂ ਵਿੱਚ " ਪੰਜਾਬੀ ਆ ਗਏ ਓਏ " ਦਾ ਨਾਹਰਾ ਪੰਜਾਬੀਆਂ ਨੇ ਤਾਂ ਭਾਵੇ ਇਸ ਨੂੰ ਹਲਕੇ ਵਿੱਚ ਲਿਆ ਹੋਵੇ ਪਰ ਵਿਰੋਧੀਆਂ ਲਈ ਇਹ ਸਿਧਾ ਚੈਲਿੰਜ਼ ਬਣ ਗਿਆ ਹੈ। ਜੋ ਪੰਜਾਬੀ ਜੁਬਾਂਨ ਨੂੰ ਫਨਾਂ ਕਰਨ ਦੇ ਮਨਸੂਬੇ ਅੰਜਾਮ ਤੱਕ ਲੈ ਕੇ ਜਾਣ ਲਈ ਪੱਬਾ ਭਾਰ ਹੋਣ, ਉਸ ਨੂੰ ਕਿਵੇ ਬਰਦਾਸ਼ਤ ਕੀਤਾ ਸਕਦਾ ਹੈ ਕਿ ਭਾਰਤ ਦੇ ਇਕ ਛੋਟੇ ਖਿੱਤੇ ਵਿੱਚੋ ਆਈ ਪੰਜਾਬੀ ਭਾਸ਼ਾ ਭਾਰਤ ਦੀਆਂ ਦੂਜ਼ੀਆਂ ਭਾਸ਼ਾਵਾਂ ਦੀ ਅਗਵਾਈ ਕਰਦੀ ਨਜ਼ਰ ਪਵੇ ਜਾਂ ਵੱਡੀ ਹੁੰਦੀ ਦਿਸੇ। ਇਹ ਵਿਰੋਧੀਆਂ ਦੀ ਪੱਗ ਪ੍ਰੀ ਨਫਰਤ ਹੈ। ਜੋ ਦੁਨਿਆਂ ਵਿੱਚ ਵੱਧਦੇ ਪ੍ਰਭਾਵ ਨੂੰ ਸਹਿਣ ਨਹੀ ਕਰ ਪਾ ਰਿਹਾ। ਪੱਗਾਂ ਵਾਲੇ ਸਰਦਾਰ ਦੁਨਿਆਂ ਦਾ ਮੂੰਹ ਮੁਹਾਂਦਰਾਂ ਬਣਦੇ ਜਾ ਰਹੇ ਹਨ। ਦੁਨਿਆਂ ਦੀਆਂ ਵੱਡੀਆ ਥਾਵਾਂ ਤੇ ਪੱਗ ਨਜ਼ਰ ਆਉਣੀ ਸ਼ੁਰੂ ਹੋਈ ਹੈ। ਅਮਰੀਕਾ ਜਿਹੇ ਮੁਲਕ ਨੇ ਸਰਕਾਰੀ ਤੌਰ ਤੇ 09/11 ਦੇ ਹਮਲਿਆਂ ਤੋ ਬਆਦ ਸਿੱਖਾਂ ਦੀ ਪਹਿਚਾਣ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਹੈ। ਅਤੇ ਕਨੈਡਾ ਵਰਗੇ ਦੇਸਾਂ ਨੇ ਸਿੱਖਾਂ ਨੂੰ ਰਾਜਨੀਤੀ ਵਿੱਚ ਵੱਡੇ ਪਲੇਟਫਾਰਮ ਦੇ ਕੇ ਦੇਸ਼ ਭਗਤੀ, ਇਮਾਨਦਾਰੀ, ਦਰਿੜਤਾ, ਸਮਰਪਿੱਤ ਭਾਵਨਾ ਦੀ ਕਦਰ ਕੀਤੀ ਹੈ। ਜਿਥੇ ਕਲਾ ਹੈ ਉਥੇ ਕਾਰੀਆਂ ਵੀ ਹਨ ਆਉਣ ਵਾਲੇ ਸਮੇ ਬਾਰੇ ਦਲਜੀਤ ਦੇ ਕੰਮਾਂ ਦੇ ਕੀ ਅਰਥ ਹੋਣਗੇ। ਸਮਾਂ ਦੱਸੇਗਾ ਪਰ ਵਕਤੀ ਤੌਰ ਹੁਣ ਤੱਕ ਦੇ ਸਫਰ ਵਿੱਚ ਆਪਣਾ ਅਤੇ ਪੰਜਾਬ ਦਾ ਨਾ ਰੋਸ਼ਨ ਕੀਤਾ ਹੈ। ਪੰਜਾਬ ਅਤੇ ਸਿੱਖਾਂ ਦੇ ਮਾਣ ਸਨਮਾਨ ਦੀ ਥਾਂ ਬਣਦਾ ਜਾ ਰਿਹਾ ਹੈ। ਉਸ ਕੋਲੋ ਹੋਰ ਚੰਗੇ ਦੀ ਆਸ ਰੱਖਦੇ ਹਾਂ। ਇਹ ਵੀ ਪੰਜਾਬੀਆਂ ਦਾ ਉਸ ਨੂੰ ਬਣਦਾ ਸਤਿਕਾਰ ਦੇਣਾ ਹੀ ਉਸ ਲਈ ਪ੍ਰੇਨਾ ਸਰੋਤ ਹੈ।

ਫਿਲਹਾਲ ਫਿਲਮ " ਸਰਦਾਰ ਜੀ 3 " ਨੂੰ ਭਾਰਤ ਵਿੱਚ ਰਲੀਜ਼ ਕਰਨ ਦਿੱਤਾ ਗਿਆ ਹੈ। ਪਰ ਇਸ ਸਾਰੇ ਘਟਨਾ ਕ੍ਰਮ ਨਾਲ ਭਾਰਤ ਦੇ ਲੋਕਤੰਤਰ ਦੀ ਘੱਟ ਗਿਣਤੀ ਲੋਕਾਂ ਅਤੇ ਭਾਸ਼ਾਵਾਂ ਪ੍ਰੀ ਮਾੜੇ ਨਜ਼ਰੀਏ ਨੂੰ ਉਜ਼ਾਗਰ ਕੀਤਾ ਹੈ।

ਸਮਾਂ ਚਿੰਤਨ ਕਰਨ ਦਾ ਹੈ ਉਹ ਸਰਬ ਪੱਖੀ ਹਾਲਾਤਾਂ ਤੇ ਵੱਡੀ ਜਿੰਮੇਵਾਰੀ ਮੰਗਦਾ ਹੈ। ਸੰਸਾਰ ਵਿੱਚ ਹਰ ਚੰਗੇ ਪੱਖਾਂ ਦੀ ਧਿਰ ਬਣਕੇ ਚੰਗੇ ਸਮਾਜ ਦੀ ਉਸਾਰੀ ਕਰੀਏ।


ਸ. ਦਲਵਿੰਦਰ ਸਿੰਘ ਘੁੰਮਣ

# ਜੋਕੋਵਿਚ ਦੀ ਨਜ਼ਰ 25ਵਾਂ ਗਰੈਂਡ ਸਲੈਮ ਖਿਤਾਬ ਜਿੱਤਣ 'ਤੇ

## ਸੰਨਿਆਸ ਬਾਰੇ ਹਾਲੇ ਕੁਝ ਸਪੱਸ਼ਟ ਨਹੀਂ: ਜੋਕੋਵਿਚ



ਲੰਡਨ : ਨੋਵਾਕ ਜੋਕੋਵਿਚ ਅਨੁਸਾਰ ਸੋਮਵਾਰ ਤੋਂ ਸ਼ੁਰੂ ਹੋਣ ਵਾਲਾ ਵਿੰਬਲਡਨ ਉਸ ਲਈ 25ਵਾਂ ਗਰੈਂਡ ਸਲੈਮ ਖਿਤਾਬ ਜਿੱਤਣ ਦਾ ਸੁਨਹਿਰੀ ਮੌਕਾ ਹੋਵੇਗਾ। ਹਰ ਟੂਰਨਾਮੈਂਟ ਤੋਂ ਪਹਿਲਾਂ ਉਸ ਕੋਲੋਂ ਸੰਨਿਆਸ ਬਾਰੇ ਪੁੱਛਿਆ ਜਾਂਦਾ ਹੈ ਅਤੇ ਐਤਕੀਂ ਵੀ ਅਜਿਹਾ ਹੀ ਹੋਇਆ। ਜੋਕੋਵਿਚ ਨੇ ਵੀ ਉਸੇ ਤਰ੍ਹਾਂ ਰੱਟਿਆ-ਰਟਾਇਆ ਜਵਾਬ ਦਿੱਤਾ। ਉਸ ਨੇ ਕਿਹਾ, 'ਇਹ ਮੇਰਾ ਆਖਰੀ ਗਰੈਂਡ ਸਲੈਮ ਟੂਰਨਾਮੈਂਟ ਹੋ ਸਕਦਾ ਹੈ ਜਾਂ ਨਹੀਂ, ਇਸ ਬਾਰੇ ਮੈਂ ਸਪੱਸ਼ਟ ਤੌਰ 'ਤੇ ਕੁਝ ਨਹੀਂ ਕਹਿ ਸਕਦਾ। ਮੈਨੂੰ ਨਹੀਂ ਪਤਾ ਕਿ ਮੈਂ ਅਗਲੇ ਸਾਲ ਫਰੈਂਚ ਓਪਨ ਜਾਂ ਕਿਸੇ ਹੋਰ ਗਰੈਂਡ ਸਲੈਮ ਟੂਰਨਾਮੈਂਟ ਵਿੱਚ ਹਿੱਸਾ ਲਵਾਂਗਾ ਜਾਂ ਨਹੀਂ।' ਉਸ ਨੇ ਕਿਹਾ, 'ਮੈਂ ਹੋਰ ਕਈ ਸਾਲ ਖੇਡਣਾ ਚਾਹੁੰਦਾ ਹਾਂ। ਮੈਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਤੰਦਰੁਸਤ ਰਹਿਣਾ ਚਾਹੁੰਦਾ ਹਾਂ। ਇਹੀ ਮੇਰਾ ਟੀਚਾ ਹੈ ਪਰ ਉਮਰ ਦੇ ਇਸ ਪੜਾਅ 'ਤੇ ਤੁਸੀਂ ਯਕੀਨੀ ਤੌਰ 'ਤੇ ਨਹੀਂ ਕਹਿ ਸਕਦੇ ਕਿ ਅੱਗੇ ਕੀ ਹੋਵੇਗਾ।' ਜੋਕੋਵਿਚ ਨੇ ਮੰਨਿਆ ਕਿ ਆਲ ਇੰਗਲੈਂਡ ਕਲੱਬ ਜਿੱਤਣ ਲਈ ਉਸ ਕੋਲ ਚੰਗਾ ਮੌਕਾ ਹੈ। ਇਸ ਜਿੱਤ ਨਾਲ ਉਹ ਕਰੀਅਰ ਵਿੱਚ ਕੁੱਲ 25 ਗਰੈਂਡ ਸਲੈਮ ਖਿਤਾਬ ਜਿੱਤ ਜਾਵੇਗਾ। ਇਹ ਅਜਿਹਾ ਅੰਕੜਾ ਹੈ, ਜਿਸ ਤੱਕ ਹਾਲੇ ਕੋਈ ਵੀ ਟੈਨਿਸ ਖਿਡਾਰੀ ਨਹੀਂ ਪਹੁੰਚ ਸਕਿਆ।

# ਯੂਰਪ ਟੂਰ: ਹਾਕੀ ਇੰਡੀਆ ਵੱਲੋਂ 20 ਮੈਂਬਰੀ ਭਾਰਤ 'ਏ' ਪੁਰਸ਼ ਟੀਮ ਦਾ ਐਲਾਨ



ਨਵੀਂ ਦਿੱਲੀ : ਹਾਕੀ ਇੰਡੀਆ ਨੇ ਯੂਰਪ ਟੂਰ ਲਈ 20 ਮੈਂਬਰੀ ਭਾਰਤੀ ਪੁਰਸ਼ਾਂ ਦੀ 'ਏ' ਟੀਮ ਐਲਾਨ ਦਿੱਤੀ ਹੈ। ਟੂਰ ਦੌਰਾਨ 8 ਤੋਂ 20 ਜੁਲਾਈ ਦਰਮਿਆਨ ਅੱਠ ਮੈਚ ਖੇਡੇ ਜਾਣਗੇ। ਹਾਕੀ ਇੰਡੀਆ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਦੌਰੇ ਦਾ ਉਦੇਸ਼ 'ਉਭਰਦੇ ਅਤੇ ਤਜਰਬੇਕਾਰ ਖਿਡਾਰੀਆਂ ਦੇ ਮਿਸ਼ਰਣ ਨੂੰ ਕੌਮਾਂਤਰੀ ਟੀਮਾਂ ਨਾਲ ਖੇਡਣ ਦਾ ਮੌਕਾ ਦੇਣਾ ਹੈ।'

ਭਾਰਤ ਦੀ 'ਏ' ਟੀਮ ਫਰਾਂਸ, ਆਇਰਲੈਂਡ ਅਤੇ ਨੀਦਰਲੈਂਡਜ਼ ਵਿਰੁੱਧ ਦੋ ਮੈਚਾਂ ਦੇ ਨਾਲ-ਨਾਲ ਇੰਗਲੈਂਡ ਅਤੇ ਬੈਲਜੀਅਮ ਵਿਰੁੱਧ ਇੱਕ-ਇੱਕ ਮੈਚ ਖੇਡੇਗੀ। ਹਾਕੀ ਇੰਡੀਆ ਨੇ ਕਿਹਾ, ''ਇਨ੍ਹਾਂ ਮੈਚਾਂ ਨਾਲ ਭਾਰਤ ਦੇ ਪ੍ਰਤਿਭਾ ਪੂਲ ਦੀ ਡੂੰਘਾਈ ਅਤੇ ਤਿਆਰੀ ਦੀ ਪਰਖ ਕੀਤੇ ਜਾਣ ਦੀ ਉਮੀਦ ਹੈ। ਕਿਉਂਕਿ ਇਨ੍ਹਾਂ ਖਿਡਾਰੀਆਂ 'ਚੋਂ ਅੱਗੇ ਸੀਨੀਅਰ ਟੀਮ ਲਈ ਨੀਂਹ ਰੱਖੀ ਜਾਣੀ ਹੈ।''

ਭਾਰਤੀ 'ਏ' ਟੀਮ ਦੀ ਅਗਵਾਈ ਸੰਜੈ ਕਰੇਗਾ ਜਦੋਂਕਿ ਮੋਇਰਾਂਗਥਾਮ ਰਬੀਚੰਦਰ ਸਿੰਘ ਉਪ ਕਪਤਾਨ ਦੀ ਭੂਮਿਕਾ ਵਿਚ ਰਹੇਗਾ। ਗੋਲਕੀਪਰ ਅੰਕਿਤ ਮਲਿਕ, ਡਿਫੈਂਡਰ ਸੁਨੀਲ ਜੋਜੋ ਤੇ ਫਾਰਵਰਗ ਸੁਦੀਪ ਚਿਰਮਾਕੋ ਸਟੈਂਡਬਾਈ 'ਤੇ ਹੋਣਗੇ।

**ਟੀਮ ਇਸ ਤਰ੍ਹਾਂ ਹੈ:**

**ਗੋਲਕੀਪਰ:** ਪਵਨ, ਮੋਹਿਤ ਹੋਨੇਨਹੱਲੀ ਸ਼ਸ਼ੀਕੁਮਾਰ।

**ਡਿਫੈਂਡਰ:** ਪ੍ਰਤਾਪ ਲਾਕੜਾ, ਵਰੁਣ ਕੁਮਾਰ, ਅਮਨਦੀਪ ਲਾਕੜਾ, ਪਰਮੋਦ, ਸੰਜੈ (ਕਪਤਾਨ)। ਮਿਡਫੀਲਡਰ: ਪੂਵੰਨਾ ਚੰਦੂਰਾ ਬੌਬੀ, ਮੁਹੰਮਦ ਰਾਹੀਲ ਮੌਸੀਨ, ਮੋਇਰਾਂਗਥਾਮ ਰਬੀਚੰਦਰ ਸਿੰਘ (ਉਪ ਕਪਤਾਨ), ਵਿਸ਼ਨੂਕਾਂਤ ਸਿੰਘ, ਪਰਦੀਪ ਸਿੰਘ, ਰਾਜਿੰਦਰ ਸਿੰਘ। ਫਾਰਵਰਡ: ਅੰਗਦਬੀਰ ਸਿੰਘ, ਬੌਬੀ ਸਿੰਘ ਧਾਮੀ, ਮਨਿੰਦਰ ਸਿੰਘ, ਵੈਂਕਟੇਸ਼ ਕੈਂਚੇ, ਆਦਿੱਤਿਆ ਅਰਜੁਨ ਲੈਥੇ, ਸੇਲਵਮ ਕਾਰਥੀ, ਉੱਤਮ ਸਿੰਘ। ਸਟੈਂਡਬਾਏ: ਅੰਕਿਤ ਮਲਿਕ (ਗੋਲਕੀਪਰ), ਸੁਨੀਲ ਜੋਜੋ (ਡਿਫੈਂਡਰ), ਸੁਦੀਪ ਚਿਰਮਾਕੋ (ਫਾਰਵਰਡ)।

# ਦੁਬਈ 'ਚ ਆਯੋਜਿਤ ਕੀਤੀ ਜਾਵੇਗੀ ਪਹਿਲੀ ਵਿਸ਼ਵ ਸੁਪਰ ਕਬੱਡੀ ਲੀਗ




ਨਵੀਂ ਦਿੱਲੀ- ਪਹਿਲੀ ਵਿਸ਼ਵ ਸੁਪਰ ਕਬੱਡੀ ਲੀਗ (ਡਬਲਯੂ. ਐੱਸ. ਕੇ. ਐੱਲ.) ਅਗਲੇ ਸਾਲ ਫਰਵਰੀ ਮਾਰਚ ਵਿਚ ਦੁਬਈ ਵਿਚ ਆਯੋਜਿਤ ਕੀਤੀ ਜਾਵੇਗੀ, ਜਿਸ ਵਿਚ 30 ਦੇਸ਼ ਹਿੱਸਾ ਲੈਣਗੇ। ਇਸ ਪ੍ਰਤੀਯੋਗਿਤਾ ਦੇ ਆਯੋਜਕਾਂ ਨੇ ਸੋਮਵਾਰ ਨੂੰ ਇਹ ਐਲਾਨ ਕੀਤਾ।

ਇਸ ਪ੍ਰਤੀਯੋਗਿਤਾ ਨੂੰ ਕੌਮਾਂਤਰੀ ਕਬੱਡੀ ਮਹਾਸੰਘ (ਆਈ. ਕੇ. ਐੱਫ.) ਤੋਂ ਮਾਨਤਾ ਹਾਸਲ ਹੈ। ਇਹ ਫ੍ਰੈਂਚਾਈਜ਼ੀ ਆਧਾਰਤ ਪ੍ਰਤੀਯੋਗਿਤਾ ਹੈ, ਜਿਸ ਵਿਚ ਭਾਰਤ ਸਮੇਤ ਦੁਨੀਆ ਭਰ ਦੇ ਖਿਡਾਰੀ ਆਪਣੀ ਕਲਾ ਦਿਖਾਉਣਗੇ। ਲੀਗ ਦਾ ਸੰਚਾਲਨ ਕਰਨ ਵਾਲੀ ਐੱਸ. ਜੇ. ਅਪਲਿਫਟ ਕਬੱਡੀ ਪ੍ਰਾਈਵੇਟ ਲਿਮ. ਦੇ ਨਿਰਦੇਸ਼ਕ ਤੇ ਸੰਸਥਾਪਕ ਸੰਭਵ ਜੈਨ ਨੇ ਕਿਹਾ ਕਿ ਕਬੱਡੀ ਨਾ ਸਿਰਫ ਭਾਰਤ ਲਈ ਸਗੋਂ ਵਿਸ਼ਵ ਪੱਧਰੀ ਖੇਡ ਭਾਈਚਾਰੇ ਲਈ ਇਕ ਵੱਡੇ ਮੰਚ ਦੀ ਹੱਕਦਾਰ ਹੈ।

ਲੀਗ ਵਿਚ ਕੁੱਲ 8 ਫ੍ਰੈਂਚਾਈਜ਼ੀ ਟੀਮਾਂ ਹਿੱਸਾ ਲੈਣਗੀਆਂ। ਭਾਰਤ ਸਮੇਤ ਦੱਖਣੀ ਕੋਰੀਆ, ਈਰਾਨ, ਥਾਈਲੈਂਡ, ਪਾਕਿਸਤਾਨ, ਮਲੇਸ਼ੀਆ, ਜਾਪਾਨ, ਕੈਨੇਡਾ ਤੇ ਅਮਰੀਕਾ ਵਰਗੇ ਦੇਸ਼ਾਂ ਨੇ ਇਸ ਵਿਚ ਖੇਡਣ ਦੀ ਪੁਸ਼ਟੀ ਕੀਤੀ ਹੈ।

# ਬਰਮਿੰਘਮ: ਸ਼ੱਕੀ ਪੈਕੇਟ ਮਿਲਣ ਉਪਰੰਤ ਭਾਰਤੀ ਕ੍ਰਿਕਟਰਾਂ ਨੂੰ ਅੰਦਰ ਰਹਿਣ ਦੀ ਸਲਾਹ




ਬਰਮਿੰਘਮ : ਬਰਮਿੰਘਮ ਵਿੱਚ ਦੂਜੇ ਕ੍ਰਿਕਟ ਟੈਸਟ ਮੈਚ ਦੀ ਪੂਰਬਲੀ ਸੰਧਿਆ ਨੇੜਲੇ ਸੈਂਟੇਨਰੀ ਚੌਕ 'ਤੇ ਸ਼ੱਕੀ ਪੈਕੇਟ ਮਿਲਣ ਮਗਰੋਂ ਭਾਰਤੀ ਟੀਮ ਨੂੰ ਹੋਟਲ ਅੰਦਰ ਰਹਿਣ ਦੀ ਸਲਾਹ ਜਾਰੀ ਕੀਤੀ ਗਈ। ਬੀਸੀਸੀਆਈ ਦੇ ਇੱਕ ਸੂਤਰ ਨੇ ਪੀਟੀਆਈ ਨੂੰ ਪੁਸ਼ਟੀ ਕੀਤੀ ਕਿ ਬਰਮਿੰਘਮ ਸਿਟੀ ਸੈਂਟਰ ਪੁਲੀਸ ਵੱਲੋਂ ਇੱਕ ਸੋਸ਼ਲ ਮੀਡੀਆ ਪੋਸਟ ਤੋਂ ਬਾਅਦ ਖਿਡਾਰੀਆਂ ਨੂੰ ਬਾਹਰ ਨਾ ਨਿਕਲਣ ਲਈ ਕਿਹਾ ਗਿਆ ਸੀ। ਆਮ ਤੌਰ 'ਤੇ ਭਾਰਤੀ ਕ੍ਰਿਕਟਰ ਟੀਮ ਹੋਟਲ ਦੇ ਨੇੜੇ ਦੇ ਖੇਤਰ ਵਿੱਚ ਘੁੰਮਦੇ ਹਨ ਦੂਜੇ ਟੈਸਟ ਤੋਂ ਪਹਿਲਾਂ ਉਹ ਭੀੜ-ਭੜੱਕੇ ਵਾਲੀ ਬ੍ਰੌਡ ਸਟ੍ਰੀਟ 'ਤੇ ਅਕਸਰ ਜਾਂਦੇ ਰਹਿੰਦੇ ਸਨ।

ਮੈਚ ਤੋਂ ਪਹਿਲਾਂ ਕਪਤਾਨ ਸ਼ੁਭਮਨ ਗਿੱਲ ਸਮੇਤ ਕੁੱਲ ਅੱਠ ਖਿਡਾਰੀ ਐਜਬੈਸਟਨ ਵਿਖੇ ਟਰੇਨਿੰਗ ਲਈ ਆਏ, ਜਦੋਂ ਕਿ ਬਾਕੀ 10 ਮੈਂਬਰਾਂ ਦੀ ਛੁੱਟੀ ਸੀ। ਬਰਮਿੰਘਮ ਸਿਟੀ ਸੈਂਟਰ ਪੁਲੀਸ ਵੱਲੋਂ ਯ ' ਕਿਹਾ ਗਿਆ, "ਅਸੀਂ ਇਸ ਸਮੇਂ ਬਰਮਿੰਘਮ ਸਿਟੀ ਸੈਂਟਰ ਦੇ ਸੈਂਟੇਨਰੀ ਸਕੁਏਅਰ ਦੇ ਆਲੇ-ਦੁਆਲੇ ਇੱਕ ਘੇਰਾਬੰਦੀ ਕੀਤੀ ਹੈ, ਜਿੱਥੇ ਇੱਕ ਸ਼ੱਕੀ ਪੈਕੇਟ ਦੀ ਜਾਂਚ ਕੀਤੀ ਜਾ ਰਹੀ ਹੈ। ਸਾਨੂੰ ਦੁਪਹਿਰ 3 ਵਜੇ ਤੋਂ ਠੀਕ ਪਹਿਲਾਂ ਸੁਚੇਤ ਕੀਤਾ ਗਿਆ ਸੀ ਅਤੇ ਕਈ ਇਮਾਰਤਾਂ ਨੂੰ ਸਾਵਧਾਨੀ ਵਜੋਂ ਖਾਲੀ ਕਰਵਾ ਲਿਆ ਗਿਆ ਹੈ ਜਦੋਂ ਕਿ ਇਸਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਕਿਰਪਾ ਕਰਕੇ ਖੇਤਰ ਤੋਂ ਬਚੋ।'' ਹਾਲਾਂਕਿ, ਇੱਕ ਘੰਟੇ ਬਾਅਦ ਪੁਲਿਸ ਨੇ ਘੇਰਾਬੰਦੀ ਹਟਾ ਦਿੱਤੀ।

# ਆਯੂਸ਼ ਸ਼ੈੱਟੀ ਨੇ ਜਿਤਿਆ ਪੁਰਸ਼ ਸਿੰਗਲਜ਼ ਖ਼ਿਤਾਬ




ਯੂਐਸ : ਆਯੂਸ਼ ਸ਼ੈੱਟੀ ਨੇ ਅੱਜ ਮਿਡ-ਅਮਰੀਕਾ ਸੈਂਟਰ 'ਚ ਯੂਐਸ ਓਪਨ, ਇਕ BWF ਸੁਪਰ-300 ਬੈਡਮਿੰਟਨ ਟੂਰਨਾਮੈਂਟ, ਫ਼ਾਈਨਲ ਵਿਚ ਕੈਨੇਡਾ ਦੇ ਬ੍ਰਾਇਨ ਯਾਂਗ ਨੂੰ ਹਰਾ ਕੇ BWF ਵਰਲਡ ਟੂਰ 'ਤੇ ਅਪਣਾ ਪਹਿਲਾ ਖ਼ਿਤਾਬ ਜਿੱਤ ਲਿਆ ਹੈ।

ਵਿਸ਼ਵ ਜੂਨੀਅਰ ਚੈਂਪੀਅਨਸ਼ਿਪ-2023 ਦੇ ਕਾਂਸੀ ਤਗਮਾ ਜੇਤੂ ਆਯੂਸ਼ ਨੇ 47 ਮਿੰਟ ਵਿਚ ਵਿਸ਼ਵ ਦੇ ਨੰਬਰ 33 ਯਾਂਗ ਨੂੰ 21-18, 21-13 ਨਾਲ ਹਰਾ ਕੇ ਇਕ ਸ਼ਾਨਦਾਰ ਹਫ਼ਤੇ ਦੀ ਸਮਾਪਤੀ ਕੀਤੀ।

BAI ਨੇ X 'ਤੇ ਪੋਸਟ ਕਰਦਿਆਂ ਲਿਖਿਆ, 'ਆਯੂਸ਼ ਸ਼ੈੱਟੀ ਨੇ ਯੂਐਸ ਓਪਨ-2025 ਜਿੱਤ ਕੇ ਪਹਿਲਾ ਭਾਂਵ ਸੁਪਰ-300 ਖ਼ਿਤਾਬ ਜਿਤਿਆ। ਉਨ੍ਹਾਂ ਨੇ ਬ੍ਰਾਇਨ ਯਾਂਗ ਨੂੰ ਸਿੱਧੇ ਗੇਮਾਂ ਵਿਚ ਸ਼ੁਰੂਆਤ ਤੋਂ ਅੰਤ ਤਕ ਸ਼ਾਨਦਾਰ ਪ੍ਰਦਰਸ਼ਨ ਨਾਲ 21-13, 21-18 ਨਾਲ ਹਰਾਇਆ। ਇਕ ਸਫ਼ਲਤਾਪੂਰਵਕ ਜਿੱਤ ਜੋ ਬੈਡਮਿੰਟਨ ਦੇ ਕੁਲੀਨ ਵਰਗ ਵਿਚ ਉਨ੍ਹਾਂ ਦੀ ਆਮਦ ਨੂੰ ਪੱਕਾ ਕਰਦੀ ਹੈ ਅਤੇ ਇਕ ਨਵੇਂ ਭਾਰਤੀ ਪਾਵਰਹਾਊਸ ਦੇ ਉਭਾਰ ਨੂੰ ਦਰਸਾਉਂਦੀ ਹੈ।'

ਚੌਥਾ ਦਰਜਾ ਪ੍ਰਾਪਤ ਆਯੂਸ਼ ਨੇ ਟੂਰਨਾਮੈਂਟ ਦੀ ਸ਼ੁਰੂਆਤ ਡੈਨਿਸ਼ ਵਿਸ਼ਵ ਨੰਬਰ-85 ਮੈਗਨਸ ਜੋਹਾਨੇਸਨ 'ਤੇ 21-17, 21-19 ਦੀ ਜਿੱਤ ਨਾਲ ਕੀਤੀ, ਇਸ ਤੋਂ ਪਹਿਲਾਂ ਰਾਊਂਡ ਆਫ਼ 16 ਵਿਚ ਹਮਵਤਨ ਥਰੁਨ ਮੰਨੇਪੱਲੀ ਨੂੰ 21-12, 13-21, 21-15 ਨਾਲ ਹਰਾਇਆ। ਕੁਆਰਟਰ ਫ਼ਾਈਨਲ ਵਿਚ, ਉਨ੍ਹਾਂ ਨੇ ਵਿਸ਼ਵ ਨੰਬਰ-70 ਕੁਓ ਕੁਆਨ ਲਿਨ 'ਤੇ 22-20, 21-9 ਦੀ ਜਿੱਤ ਦਰਜ ਕੀਤੀ।

ਉਨ੍ਹਾਂ ਦੀ ਸੱਭ ਤੋਂ ਵੱਡੀ ਜਿੱਤ ਸੈਮੀਫ਼ਾਈਨਲ ਵਿਚ ਆਈ ਜਦੋਂ ਉਨ੍ਹਾਂ ਨੇ ਦੁਨੀਆਂ ਦੀ ਛੇਵੇਂ ਨੰਬਰ ਦੀ ਖਿਡਾਰਨ ਚੋਉ ਟਿਏਨ ਚੇਨ ਨੂੰ 21-23, 21-15, 21-14 ਨਾਲ ਹਰਾ ਕੇ ਚੋਉ ਤੋਂ ਅਪਣੀ ਤਾਈਪੇਈ ਓਪਨ-2025 ਦੀ ਸੈਮੀਫ਼ਾਈਨਲ ਹਾਰ ਦਾ ਬਦਲਾ ਲਿਆ।

ਇਸ ਦੌਰਾਨ, ਮਹਿਲਾ ਸਿੰਗਲਜ਼ ਵਿਚ, 16 ਸਾਲਾ ਤਨਵੀ ਸ਼ਰਮਾ ਦੀ ਸੁਪਨਮਈ ਦੌੜ 34 ਸਾਲਾ ਤਜ਼ਰਬੇਕਾਰ ਬਿਵਾਨ ਝਾਂਗ ਦੇ ਵਿਰੁਧ ਇਕ ਦਿਲਚਸਪ ਫ਼ਾਈਨਲ ਵਿਚ 11-21, 21-16, 10-21 ਨਾਲ ਹਾਰਨ ਤੋਂ ਬਾਅਦ ਉਪ ਜੇਤੂ ਰਹੀ।

# ਹੁਣ ਕੋਈ ਨਹੀਂ ਬਣ ਸਕੇਗਾ 'ਕੈਪਟਨ ਕੂਲ'

## ਮਹਿੰਦਰ ਸਿੰਘ ਧੋਨੀ ਨੇ ਚੁੱਕਿਆ ਵੱਡਾ ਕਦਮ

ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਅਤੇ ਤਜਰਬੇਕਾਰ ਖਿਡਾਰੀ ਮਹਿੰਦਰ ਸਿੰਘ ਧੋਨੀ ਨੇ ਇੱਕ ਵੱਡਾ ਫੈਸਲਾ ਲਿਆ ਹੈ, ਜਿਸ ਕਾਰਨ ਉਹ ਚਰਚਾ ਵਿੱਚ ਆ ਗਏ ਹਨ। ਧੋਨੀ, ਜਿਨ੍ਹਾਂ ਨੂੰ ਮੈਦਾਨ 'ਤੇ ਆਪਣੀ ਸ਼ਾਂਤ ਸੁਭਾਅ ਲਈ ਕੈਪਟਨ ਕੂਲ ਵਜੋਂ ਜਾਣਿਆ ਜਾਂਦਾ ਹੈ, ਨੇ ਇੱਕ ਵੱਡਾ ਕਦਮ ਚੁੱਕਿਆ ਹੈ। ਐਮਐਸ ਧੋਨੀ ਨੇ ਟ੍ਰੇਡਮਾਰਕ 'ਕੈਪਟਨ ਕੂਲ' ਲਈ ਅਰਜ਼ੀ ਦਿੱਤੀ ਹੈ। ਇਹ ਅਰਜ਼ੀ 5 ਜੂਨ 2025 ਨੂੰ ਦਾਇਰ ਕੀਤੀ ਗਈ ਸੀ ਅਤੇ 16 ਜੂਨ ਨੂੰ ਅਧਿਕਾਰਤ ਟ੍ਰੇਡਮਾਰਕ ਜਰਨਲ ਵਿੱਚ ਪ੍ਰਕਾਸ਼ਤ ਹੋਈ ਸੀ।

**ਕੋਈ ਵੀ ਕੈਪਟਨ ਕੂਲ ਦੇ ਨਾਮ ਦੀ ਵਰਤੋਂ ਨਹੀਂ ਕਰ ਸਕੇਗਾ**

ਜੇਕਰ ਐਮਐਸ ਧੋਨੀ ਨੂੰ ਕੈਪਟਨ ਕੂਲ ਸ਼ਬਦ ਦੇ ਟ੍ਰੇਡਮਾਰਕ ਅਧਿਕਾਰ ਮਿਲ ਜਾਂਦੇ ਹਨ, ਤਾਂ ਕੋਈ ਵੀ ਵਿਅਕਤੀ ਜਾਂ ਸੰਗਠਨ ਕੈਪਟਨ ਕੂਲ ਸ਼ਬਦ ਦੀ ਵਰਤੋਂ ਨਹੀਂ ਕਰ ਸਕੇਗਾ। ਇਹ ਕਦਮ ਦਰਸਾਉਂਦਾ ਹੈ ਕਿ ਧੋਨੀ ਆਪਣੇ ਬ੍ਰਾਂਡ ਮੁੱਲ ਨੂੰ ਹੋਰ ਮਜ਼ਬੂਤ ਕਰਨ ਵੱਲ ਕੰਮ ਕਰ ਰਿਹਾ ਹੈ। ਹਾਲਾਂਕਿ, ਇਸ ਮਾਮਲੇ 'ਤੇ ਧੋਨੀ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਦਿਲਚਸਪ ਗੱਲ ਇਹ ਹੈ ਕਿ ਧੋਨੀ ਤੋਂ ਪਹਿਲਾਂ, ਇੱਕ ਹੋਰ ਕੰਪਨੀ, ਪ੍ਰਭਾ ਸਕਿੱਲ ਸਪੋਰਟਸ (OPC) ਪ੍ਰਾਈਵੇਟ ਲਿਮਟਿਡ, ਨੇ ਵੀ 'ਕੈਪਟਨ ਕੂਲ' ਲਈ ਇੱਕ ਟ੍ਰੇਡਮਾਰਕ ਅਰਜ਼ੀ ਦਾਇਰ ਕੀਤੀ ਸੀ। ਪਰ ਉਸ ਅਰਜ਼ੀ ਦੀ ਸਥਿਤੀ ਇਸ ਸਮੇਂ 'ਸੁਧਾਰ ਲਈ ਦਾਇਰ' ਦਿਖਾਈ ਦੇ ਰਹੀ ਹੈ, ਜਿਸ ਨਾਲ ਧੋਨੀ ਦਾ ਦਾਅਵਾ ਮਜ਼ਬੂਤ ਦਿਖਾਈ ਦਿੰਦਾ ਹੈ।




ਦੂਜੇ ਪਾਸੇ, ਧੋਨੀ ਨੇ ਦਲੀਲ ਦਿੱਤੀ ਕਿ 'ਕੈਪਟਨ ਕੂਲ' ਨਾਮ ਧੋਨੀ ਨਾਲ ਕਈ ਸਾਲਾਂ ਤੋਂ ਜੁੜਿਆ ਹੋਇਆ ਹੈ ਅਤੇ ਇਸਨੂੰ ਜਨਤਾ, ਮੀਡੀਆ ਅਤੇ ਪ੍ਰਸ਼ੰਸਕਾਂ ਨੇ ਵੱਡੇ ਪੱਧਰ 'ਤੇ ਅਪਣਾਇਆ ਹੈ। ਤੁਹਾਨੂੰ ਦੱਸ ਦੇਈਏ ਕਿ, ਐਮਐਸ ਧੋਨੀ ਨੂੰ ਉਸਦੇ ਪ੍ਰਸ਼ੰਸਕਾਂ ਨੇ ਕੈਪਟਨ ਕੂਲ ਨਾਮ ਦਿੱਤਾ ਹੈ। ਇੱਕ ਕਪਤਾਨ ਦੇ ਤੌਰ 'ਤੇ, ਉਹ ਹਰ ਮੌਕੇ 'ਤੇ ਮੈਦਾਨ 'ਤੇ ਬਹੁਤ ਸ਼ਾਂਤ ਰਹਿੰਦਾ ਸੀ। ਵੱਡੇ ਮੈਚਾਂ ਵਿੱਚ ਵੀ ਉਸਨੂੰ ਕਦੇ ਗੁੱਸੇ ਵਿੱਚ ਨਹੀਂ ਦੇਖਿਆ ਗਿਆ, ਇਸੇ ਲਈ ਪ੍ਰਸ਼ੰਸਕਾਂ ਨੇ ਉਸਨੂੰ ਇਹ ਨਾਮ ਦਿੱਤਾ।

**ਟੀਮ ਇੰਡੀਆ ਲਈ 3 ਆਈਸੀਸੀ ਟਰਾਫੀਆਂ ਜਿੱਤੀਆਂ**

ਧੋਨੀ ਨੇ ਆਪਣੀ ਕਪਤਾਨੀ ਵਿੱਚ ਭਾਰਤ ਨੂੰ 2007 ਵਿੱਚ ਟੀ-20 ਵਿਸ਼ਵ ਕੱਪ, 2011 ਵਿੱਚ ਇੱਕ ਰੋਜ਼ਾ ਵਿਸ਼ਵ ਕੱਪ ਅਤੇ 2013 ਵਿੱਚ ਚੈਂਪੀਅਨਜ਼ ਟਰਾਫੀ ਵਿੱਚ ਅਗਵਾਈ ਕੀਤੀ। ਇਨ੍ਹਾਂ ਤਿੰਨਾਂ ਟੂਰਨਾਮੈਂਟਾਂ ਵਿੱਚ ਦੋਵਾਂ ਨੇ ਮਹੱਤਵਪੂਰਨ ਸਮੇਂ 'ਤੇ ਵੱਡਾ ਕਦਮ ਚੁੱਕਿਆ। 2007 ਦੇ ਟੀ-20 ਵਿਸ਼ਵ ਕੱਪ ਵਿੱਚ, ਉਸਨੇ ਜੋਗਿੰਦਰ ਸ਼ਰਮਾ ਨੂੰ ਆਖਰੀ ਓਵਰ ਦਿੱਤਾ, ਜੋ ਮੈਚ ਬਦਲਣ ਵਾਲਾ ਸਾਬਤ ਹੋਇਆ। 2011 ਦੇ ਇੱਕ ਰੋਜ਼ਾ ਵਿਸ਼ਵ ਕੱਪ ਵਿੱਚ, ਉਸਨੇ ਫਾਈਨਲ ਵਿੱਚ ਆਪਣੇ ਆਪ ਨੂੰ ਬੱਲੇਬਾਜ਼ੀ ਲਈ ਭੇਜਿਆ ਅਤੇ ਇੱਕ ਮੈਚ ਜੇਤੂ ਪਾਰੀ ਖੇਡੀ। 2013 ਦੀ ਚੈਂਪੀਅਨਜ਼ ਟਰਾਫੀ ਵਿੱਚ, ਉਸਨੇ ਇੰਗਲੈਂਡ ਵਿਰੁੱਧ ਫਾਈਨਲ ਵਿੱਚ 130 ਦੌੜਾਂ ਦੇ ਟੀਚੇ ਦਾ ਬਚਾਅ ਕੀਤਾ।

# ਮਹਿਲਾ ਟੀ-20 ਦਰਜਾਬੰਦੀ 'ਚ ਮੰਧਾਨਾ ਤੀਜੇ ਸਥਾਨ 'ਤੇ



ਦੁਬਈ : ਭਾਰਤ ਕ੍ਰਿਕਟ ਟੀਮ ਦੀ ਉਪ-ਕਪਤਾਨ ਸਮ੍ਰਿਤੀ ਮੰਧਾਨਾ ਅੱਜ ਆਈਸੀਸੀ ਮਹਿਲਾ ਟੀ-20 ਬੱਲੇਬਾਜ਼ੀ ਰੈਂਕਿੰਗ ਵਿੱਚ ਇੱਕ ਸਥਾਨ ਉੱਪਰ ਤੀਜੇ ਸਥਾਨ 'ਤੇ ਪਹੁੰਚ ਗਈ ਹੈ। ਇੱਕ ਰੋਜ਼ਾ ਰੈਂਕਿੰਗ ਵਿੱਚ ਸਿਖਰ 'ਤੇ ਕਾਬਜ਼ ਮੰਧਾਨਾ ਨੇ ਇੰਗਲੈਂਡ ਖ਼ਿਲਾਫ਼ ਪੰਜ ਮੈਚਾਂ ਦੀ ਟੀ-20 ਲੜੀ ਦੇ ਪਹਿਲੇ ਮੈਚ ਵਿੱਚ ਸੈਂਕੜਾ ਜੜਿਆ ਸੀ। ਮੰਧਾਨਾ ਨੇ 62 ਗੇਂਦਾਂ ਵਿੱਚ 15 ਚੌਕਿਆਂ ਅਤੇ ਤਿੰਨ ਛੱਕਿਆਂ ਦੀ ਮਦਦ ਨਾਲ 112 ਦੌੜਾਂ ਬਣਾਈਆਂ, ਜਿਸ ਸਦਕਾ ਭਾਰਤ ਨੇ 97 ਦੌੜਾਂ ਨਾਲ ਜਿੱਤ ਹਾਸਲ ਕੀਤੀ ਸੀ। ਮੰਧਾਨਾ ਦੇ ਹੁਣ 771 ਰੇਟਿੰਗ ਅੰਕ ਹਨ।










